ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 10 | 07 March 2018 to 13 March 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਕੈਨੇਡੀਅਨ ਸਿੱਖਾਂ ਦੀ ਏਕਤਾ ਕਾਰਨ ਪੇਸ਼ ਨਾ ਹੋ ਸਕਿਆ ਖਾਲਿਸਤਾਨ ਵਿਰੁੱਧ ਮਤਾ

- ਪ੍ਰਵਾਸੀ ਖਾਲਸਾ ਜੀ ਦੇ ਵਿਰੋਧ ਕਾਰਨ ਕੰਜਰਵੇਟਿਵ ਪਾਰਟੀ ਦੇ ਆਗੂਆਂ ਨੂੰ ਆਪਣਾ ਇਕ ਬੇਤੁਕਾ ਫ਼ੈਸਲਾ ਬਦਲਣਾ ਪਿਆ
- ਸੱਤਾਧਾਰੀ ਲਿਬਰਲ ਪਾਰਟੀ ਅਤੇ ਨਿਊ ਡੈਮੋਕਰੇਟਿਕ ਪਾਰਟੀ ਸਿੱਖਾਂ ਦੇ ਹੱਕ

**ਵੈਨਕੂਵਰ/ਬਿਊਰੋ ਨਿਊਜ਼:** ਕੈਨੇਡਾ ਵਿਚ ਵਸਦੇ ਸਿੱਖ ਭਾਈਚਾਰੇ ਦੀ ਏਕਤਾ ਸਦਕਾ ਬੀਤੇ ਦਿਨ ਦੇਸ਼ ਦੀ ਸੰਸਦ ਵਿਚ ਵਿਰੋਧੀ ਧਿਰ, ਕੰਜਰਵੇਟਿਵ ਪਾਰਟੀ ਦੇ ਆਗੂਆਂ ਨੂੰ ਆਪਣਾ ਇਕ ਬੇਤੁਕਾ ਫ਼ੈਸਲਾ ਬਦਲਣਾ ਪਿਆ। ਪਾਰਟੀ ਦੇ ਸੰਸਦ ਮੈਂਬਰ ਏਰਿਨ ਓਤੂਲੇ ਤੇ ਉਸ ਦੇ ਇਕ ਸਾਥੀ ਮੈਂਬਰ ਨੇ ਇਕ ਦੋ ਮੂੰਹਾ ਮਤਾ ਪੇਸ਼ ਕਰਨ ਦਾ ਐਲਾਨ ਕੀਤਾ ਸੀ, ਜਿਸ ਵਿਚ ਕੈਨੇਡੀਅਨ ਸਿੱਖਾਂ ਅਤੇ ਭਾਰਤੀ ਮੂਲ ਦੇ ਲੋਕਾਂ ਵਲੋਂ ਦੇਸ਼ ਦੇ ਵਿਕਾਸ ਵਿਚ ਪਾਏ ਯੋਗਦਾਨ ਦੀ ਤਾਂ ਸ਼ਲਾਘਾ ਕੀਤੀ ਜਾਣੀ ਸੀ ਪਰ ਖਾਲਿਸਤਾਨੀ ਖਾੜਕੂਵਾਦ ਦੀ ਸਰਗਰਮੀਆਂ ਦੀ ਨਿੰਦਾ ਕੀਤੀ ਜਾਣੀ ਸੀ। ਉਸੇ ਮਤੇ ਵਿਚ ਅਖ਼ੰਡ ਭਾਰਤ ਦੀ ਮਦਦ ਵੀ ਕੀਤੀ ਜਾਣੀ ਸੀ। ਬੀਤੇ ਦਿਨੀਂ ਅਜਿਹੇ ਵਿਵਾਦਿਤ ਮਤੇ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਕੈਨੇਡੀਅਨ ਸਿੱਖ ਸੰਸਥਾਵਾਂ



ਕੈਨੇਡਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੈਨੇਡਾ ਦੇ ਇਕ ਗੁਰਦੁਆਰੇ ਵਿਚ ਸੰਗਤਾਂ ਦੇ ਨਾਲ ਬੈਠੇ ਹੋਏ।

ਇਕਦਮ ਸਰਗਰਮ ਹੋਈਆਂ ਤੇ ਰਾਤ ਭਰ ਕੰਜਰਵੇਟਿਵ ਪਾਰਟੀ ਦੇ ਵਿਰੋਧ ਦੀ ਇਕ ਅਜਿਹੀ ਲਹਿਰ ਖੜ੍ਹੀ ਕਰ ਦਿੱਤੀ ਕਿ ਵੀਰਵਾਰ ਸਵੇਰ-ਸਾਰ ਹੀ ਪਾਰਟੀ ਆਪਣਾ ਫ਼ੈਸਲਾ ਬਦਲਣਾ ਪਿਆ। ਸਿੱਖ ਆਗੂਆਂ ਦਾ ਤਰਕ ਸੀ ਕਿ ਮਤੇ ਦੀ ਸ਼ਬਦਾਵਲੀ ਨਾਲ ਕੈਨੇਡਾ ਵਿਚ ਸਿੱਖ ਕੌਮ ਨੂੰ ਅੱਤਵਾਦ ਦੇ ਸਮਰਥਕ ਵਜੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਵੈਸੇ ਕੈਨੇਡਾ ਦੀ ਸੰਸਦ ਵਿਚ ਸੱਤਾਧਾਰੀ ਲਿਬਰਲ ਪਾਰਟੀ ਦਾ ਬਹੁਮਤ ਹੈ ਤੇ ਨਿਊ ਡੈਮੋਕਰੇਟਿਕ ਪਾਰਟੀ ਨੇ ਵੀ ਇਸ ਮਾਮਲੇ ਵਿਚ ਸਿੱਖ ਕੌਮ ਦੇ ਨਾਲ ਖੜ੍ਹਨਾ ਸੀ, ਜਿਸ ਕਰਕੇ ਕੰਜਰਵੇਟਿਵਾਂ ਦਾ ਵਿਵਾਦਿਤ

ਬਾਕੀ ਸਫ਼ਾ 33 'ਤੇ

*ਮਾਮਲਾ ਟਰੂਡੋ ਫੇਰੀ ਬਾਰੇ ਕੈਪਟਨ ਦੇ ਨਾਕਾਰਾਤਮਕ ਰਵੱਈਏ ਦਾ*

## ਪੰਜਾਬ ਵਿਧਾਨ ਸਭਾ ਸੈਸ਼ਨ 'ਚ ਚੁੱਕੇਗੀ ਇਹ ਮੁੱਦਾ 'ਆਪ'

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਦੌਰਾਨ ਕੈਪਟਨ ਸਰਕਾਰ ਦੇ ਨਾਕਾਰਾਤਮਕ ਰਵੱਈਏ ਦਾ ਮੁੱਦਾ ਅਗਲੇ ਦਿਨੀਂ ਆਮ ਆਦਮੀ ਪਾਰਟੀ (ਆਪ) ਪੰਜਾਬ ਵਿਧਾਨ ਸਭਾ ਦੇ ਸ਼ੁਰੂ ਹੋ ਰਹੇ ਬਜਟ ਸੈਸ਼ਨ ਦੌਰਾਨ ਚੁੱਕੇਗੀ। 'ਆਪ' ਦੇ ਵਿਧਾਇਕ ਐਡਵੋਕੇਟ ਐੱਚ ਐੱਸ ਫੂਲਕਾ ਨੇ ਇਸ ਮਾਮਲੇ 'ਤੇ ਵਿਧਾਨ ਸਭਾ ਵਿੱਚ ਮਤਾ ਪੇਸ਼ ਕਰਨ ਦੀ ਤਿਆਰੀ ਖਿੱਚ ਲਈ ਹੈ ਅਤੇ ਮਤਾ ਵਿਧਾਨ ਸਭਾ ਦੇ ਦਫ਼ਤਰ ਨੂੰ ਮੁਹੱਈਆ ਕਰ ਦਿੱਤਾ ਹੈ। ਮਤੇ ਵਿੱਚ ਕੈਪਟਨ ਸਰਕਾਰ 'ਤੇ ਗੰਭੀਰ ਦੋਸ਼ ਲਾਏ ਹਨ ਕਿ ਟਰੂਡੋ ਦੀ ਪੰਜਾਬ ਫੇਰੀ ਦੌਰਾਨ ਕੈਨੇਡਾ ਵੱਸਦੇ

ਬਾਕੀ ਸਫ਼ਾ 33 'ਤੇ

## ਜਸਟਿਨ ਟਰੂਡੋ ਨੇ ਭਾਰਤ 'ਤੇ ਛੱਡੀਆਂ ਸ਼ਬਦੀ ਮਿਜ਼ਾਇਲਾਂ

*ਕਿਹਾ : ਅਟਵਾਲ ਮਾਮਲੇ 'ਚ ਭਾਰਤ ਦਾ ਹੱਥ*

**ਓਟਵਾ/ਬਿਊਰੋ ਨਿਊਜ਼:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਵਾਦਮਈ ਬਿਆਨ ਦੇਣ ਵਾਲੇ ਆਪਣੇ ਅਧਿਕਾਰੀ ਦੀ ਹਮਾਇਤ ਕੀਤੀ ਹੈ। ਅਧਿਕਾਰੀ ਨੇ ਕਿਹਾ ਸੀ ਕਿ ਟਰੂਡੋ ਦੀ ਯਾਤਰਾ ਵਿਗਾੜਨ ਲਈ ਭਾਰਤ ਸਰਕਾਰ ਦੇ ਅਧਿਕਾਰੀਆਂ ਦੇ ਗੁੱਟਾਂ ਨੇ ਖਾਲਿਸਤਾਨ ਹਮਾਇਤੀ ਜਸਪਾਲ ਸਿੰਘ ਅਟਵਾਲ ਦੀ ਮੌਜੂਦਗੀ ਦੀ ਵਿਵਸਥਾ ਕੀਤੀ ਸੀ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਕੀਤੀ ਗਈ ਬੈਠਕ ਦੌਰਾਨ ਸੀਨੀਅਰ ਅਧਿਕਾਰੀ ਨੇ ਕਿਹਾ ਸੀ ਕਿ ਅਟਵਾਲ ਨੂੰ ਭਾਰਤ ਸਰਕਾਰ ਅੰਦਰਲੇ ਕੁਝ ਧੜਿਆਂ ਨੇ ਹੀ ਪਲਾਂਟ ਕੀਤਾ ਸੀ। ਕੈਨੇਡੀਅਨ ਮੀਡੀਆ ਮੁਤਾਬਕ ਇਸ ਅਧਿਕਾਰੀ ਦੀ ਪਛਾਣ ਟਰੂਡੋ ਦੇ ਕੌਮੀ ਸੁਰੱਖਿਆ ਸਲਾਹਕਾਰ ਡੇਨੀਅਲ ਜੀਨ ਵਜੋਂ ਹੋਈ ਹੈ ਅਤੇ ਵਿਰੋਧੀ ਧਿਰ ਨੇ ਟਰੂਡੋ 'ਤੇ ਦਬਾਅ ਬਣਾ ਕੇ ਜਾਣਕਾਰੀ ਲੈਣੀ ਚਾਹੀ ਸੀ ਕਿ ਕੀ ਉਹ (ਟਰੂਡੋ) ਜੀਨ ਦੀ 'ਸਾਜ਼ਿਸ਼ ਵਾਲੀ ਕਹਾਣੀ' ਨਾਲ ਸਹਿਮਤ ਹਨ। ਅਖਬਾਰ 'ਦਿ ਸਟਾਰ' ਮੁਤਾਬਕ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦੀ ਭਾਰਤ ਤੋਂ ਵਾਪਸੀ ਪਿੱਛੋਂ ਵਿਰੋਧੀ ਸੰਸਦ ਮੈਂਬਰਾਂ ਨੇ ਇਸ ਮਾਮਲੇ ਸਬੰਧੀ ਜ਼ਬਰਦਸਤ ਹੰਗਾਮਾ ਕੀਤਾ। ਵਿਰੋਧੀ ਕੰਜਰਵੇਟਿਵ ਪਾਰਟੀ ਦੇ ਐੱਮਪੀ ਐਂਡ੍ਰਿਊ ਸ਼ੀਰ ਨੇ ਟਰੂਡੋ ਤੋਂ ਪੁੱਛਿਆ ਕਿ ਕੀ ਉਹ ਸੀਨੀਅਰ ਅਧਿਕਾਰੀ ਦੀ ਸਾਜ਼ਿਸ਼ ਦੀ ਗੱਲ ਨਾਲ ਸਹਿਮਤ ਹਨ। ਇਸ 'ਤੇ ਟਰੂਡੋ ਨੇ ਅਧਿਕਾਰੀ ਦਾ ਸਮਰਥਨ ਕਰਦਿਆਂ ਅਧਿਕਾਰੀ ਨੂੰ ਪੇਸ਼ੇਵਰ ਤੇ ਗੁਣਵੱਤਾ ਵਾਲੀ ਸਲਾਹ ਦੇਣ ਵਾਲਾ ਦੱਸਿਆ। ਵਿਰੋਧੀ ਸੰਸਦ ਮੈਂਬਰਾਂ

ਬਾਕੀ ਸਫ਼ਾ 33 'ਤੇ

# ਸਿੱਖਾਂ ਵਾਸਤੇ ਅਪਣੇ 'ਆਜ਼ਾਦ ਘਰ' ਦੀ ਪ੍ਰਾਪਤੀ ਉੱਤੇ ਜੋਰ

## ਵਰਲਡ ਸਿੱਖ ਪਾਰਲੀਮੈਂਟ ਦੇ ਸੱਦੇ ਉੱਤੇ ਪੰਥਕ ਮਸਲਿਆਂ ਦੇ ਹੱਲ ਲਈ ਪੰਥਕ ਧਿਰਾਂ ਹੋਈਆਂ ਇੱਕ ਮੰਚ ਉਤੇ ਇਕੱਤਰ

**ਨਿਊਯਾਰਕ/ਹੁਸਨ ਲੜੋਆ ਬੰਗਾ:** 'ਵਰਲਡ ਸਿੱਖ ਪਾਰਲੀਮੈਂਟ' ਦੀ ਇੱਥੇ ਹੋਈ ਕਨਵੈਂਨਸ਼ਨ ਨੇ ਸਿੱਖ ਪੰਥ ਨੂੰ ਦਰਪੇਸ਼ ਗੰਭੀਰ ਮਸਲਿਆਂ ਦੇ ਸਦੀਵੀ ਅਤੇ ਢੁਕਵੇਂ ਹੱਲ ਕੱਢਣ ਲਈ ਦੁਨੀਆਂ ਭਰ ਦੇ ਸਿੱਖਾਂ ਨੂੰ ਇੱਕਮੁੱਠ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਿੱਖਾਂ ਵਾਸਤੇ ਅਪਣੇ ਆਜ਼ਾਦ ਘਰ ਖ਼ਾਲਿਸਤਾਨ ਦੀ ਪ੍ਰਾਪਤੀ ਹੀ ਸਾਰੇ ਮਸਲਿਆਂ ਦਾ ਹੱਲ ਹੋਵੇਗੀ।

ਵਰਨਣਯੋਗ ਹੈ ਕਿ ਸਿਰਮੌਰ ਸੰਸਥਾ 'ਵਰਲਡ ਸਿੱਖ ਪਾਰਲੀਮੈਂਟ' ਬਣਾਉਣ ਦਾ ਐਲਾਨ ਅਗਸਤ 2018 ਨੂੰ ਬਰਮਿੰਘਮ ਯੂ.ਕੇ. ਵਿਖੇ ਕੀਤਾ ਗਿਆ ਸੀ। ਸਰਬਤ ਖਾਲਸਾ ਵਲੋਂ ਥਾਪੇ ਜਥੇਦਾਰ ਸ੍ਰੀ ਤਖਤ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਸ ਕੌਮੀ ਕਾਜ ਨੂੰ ਬਿਨਾ ਕਿਸੇ ਦੇਰ ਦੇ ਨੇਪਰੇ ਚੜਾਉਣ ਲਈ ਰੱਖੀ ਗਈ ਉਪਰੋਕਤ ਕਨਵੈਂਨਸ਼ਨ ਵਿੱਚ ਹਾਜ਼ਰ ਹੋਣ ਦਾ ਸੱਦਾ ਪੱਤਰ ਵਿਸ਼ਵ ਭਰ ਦੇ ਸਿੱਖਾਂ, ਸਿੱਖ ਜਥੇਬੰਦੀਆਂ ਅਤੇ ਗੁਰੂ



ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਭੇਜਿਆ ਗਿਆ ਸੀ ਤਾਂ ਜੋ ਸੰਸਾਰ ਭਰ ਦੇ ਸਿੱਖਾਂ ਦੀ ਸ਼ਮੂਲੀਅਤ, ਸੇਧ-ਅਗਵਾਈ ਅਨੁਸਾਰ ਅੱਗੇ ਉਸਾਰੂ ਕਦਮ ਚੱਕੇ ਜਾ ਸਕਣ। ਦੂਰ ਦੁਰਾਡੇ ਮੁਲਕਾਂ ਅਸਟ੍ਰੇਲੀਆ, ਨਿਊਜ਼ੀਲੈਂਡ, ਭਾਰਤੀ ਪੰਜਾਬ, ਜਰਮਨ, ਹਾਲੈਂਡ, ਇਟਲੀ, ਕੈਨੇਡਾ ਅਤੇ ਅਮਰੀਕਾ ਦੇ ਵੱਖ ਵੱਖ ਰਾਜਾਂ ਤੋਂ ਪਹੁੰਚੇ ਪੰਥਕ ਨੁਮਾਇੰਦਿਆਂ ਨੇ ਅਪਣੇ ਅਮੁੱਲੇ ਵਿਚਾਰਾਂ ਦੀ ਸਾਂਝ ਪਾਈ। ਵਰਨਣਯੋਗ ਹੈ ਕਿ ਦੋਨੋ ਦਿਨ ਕਰੀਬ 6 ਘੰਟੇ ਲਗਾਤਾਰ ਅਣਮੁੱਲੇ ਵਿਚਾਰਾਂ ਦੀ ਸਾਂਝ ਚਲਦੀ ਰਹੀ। ਬੀਬੀਆਂ ਵੱਲੋਂ ਖ਼ਾਸ ਕਰ ਕੇ ਚੜ੍ਹਦੀ ਕਲਾ ਵਾਸਤੇ ਬਹੁਤ ਹੀ ਕੀਮਤੀ ਸੁਝਾ ਦਿੱਤੇ ਗਏ। ਇਸ ਵੇਲੇ ਐਲਾਨ ਕੀਤਾ ਗਿਆ ਕਿ ਪੰਜਾਬ ਦੀ 15 ਮੈਂਬਰੀ ਕਮੇਟੀ ਦਾ ਵਿਸਾਖੀ ਤੇ ਐਲਾਨ ਕੀਤਾ ਜਾਵੇਗਾ।

ਪੰਜਾਬ ਤੋਂ ਉਚੇਚੇ ਤੌਰ ਤੇ ਸ਼ਾਮਲ ਹੋਏ ਉੱਘੇ ਵਕੀਲ ਭਾਈ ਅਮਰ ਸਿੰਘ ਚਾਹਲ ਨੇ ਜਥੇਦਾਰ ਹਵਾਰਾ ਜੀ ਦਾ ਦਿਲਾਂ ਦੀਆਂ ਗਹਿਰਾਈਆਂ ਤੋਂ ਪਿਆਰ ਵਿੱਚ ਭਿੱਜ ਕੇ ਕੌਮ ਦੀ ਚੜ੍ਹਦੀ ਕਲਾ ਅਤੇ ਇਸ ਸਿਰਮੌਰ ਜਥੇਬੰਦੀ ਦੀ ਤੁਰੰਤ ਹੋਂਦ ਅਤੇ ਕਨਵੈਂਨਸ਼ਨ ਦੀ ਕਾਮਯਾਬੀ ਵਾਸਤੇ ਆਪਣੀਆਂ ਸ਼ੁੱਭ ਇੱਛਾਵਾਂ ਭਰਿਆਂ ਸੁਨੇਹਾ ਪੜ੍ਹ ਕੇ ਸੁਣਾਇਆ। ਡਾ. ਹਰਜੀਤ ਸਿੰਘ ਨੇ ਭਾਈ ਹਰਪਾਲ ਸਿੰਘ ਚੀਮਾ ਦਾ ਕਨਵੈਂਨਸ਼ਨ ਦੀ ਕਾਮਯਾਬੀ ਵਾਸਤੇ ਭੇਜਿਆ ਪਿਆਰ ਭਰਿਆ ਸੁਨੇਹਾ ਪੜ੍ਹ ਕੇ ਸੁਣਾਇਆ। ਭਾਈ ਰਾਮ ਸਿੰਘ ਜੀ ਦਮਦਮੀ ਟਕਸਾਲ, ਗਿਆਨੀ ਜੁਗਿੰਦਰ ਸਿੰਘ ਜੀ ਵੇਦਾਂਤੀ

ਬਾਕੀ ਸਫ਼ਾ 33 'ਤੇ

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949












# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

# ਜੰਗ-ਏ-ਆਜ਼ਾਦੀ ਯਾਦਗਾਰ ਦਾ ਦੂਜਾ ਹਿੱਸਾ ਲੋਕਾਂ ਲਈ ਖੋਲ੍ਹਿਆ

## ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਲਈ ਦਾਖ਼ਲਾ ਮੁਫ਼ਤ ਹੋਵੇ-ਕੈਪਟਨ

### ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਯਤਨਾਂ ਦੀ ਸ਼ਲਾਘਾ

**ਕਰਤਾਰਪੁਰ/ਬਿਊਰੋ ਨਿਊਜ਼,**
ਜੰਗ-ਏ-ਆਜ਼ਾਦੀ ਸਮਾਰਕ ਦੇ ਦੂਜੇ ਪੜਾਅ ਦੀਆਂ 6 ਗੈਲਰੀਆਂ ਲੋਕ ਅਰਪਣ ਕਰਨ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਤੀਜੇ ਪੜਾਅ ਲਈ ਆਉਂਦੇ ਬਜਟ ਵਿੱਚ 25 ਕਰੋੜ ਰੁਪਏ ਰੱਖੇ ਜਾਣਗੇ। ਉਨ੍ਹਾਂ ਜੰਗ-ਏ-ਆਜ਼ਾਦੀ ਫਾਊਂਡੇਸ਼ਨ ਸਾਹਮਣੇ ਸਮਾਰਕ ਵਿੱਚ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਲਈ ਮੁਫ਼ਤ ਦਾਖਲੇ ਦਾ ਪ੍ਰਸਤਾਵ ਰੱਖਿਆ। ਦੱਸਣਯੋਗ ਹੈ ਕਿ ਪਹਿਲੇ ਪੜਾਅ ਲਈ 9.5 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਸੀ। ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕਰਤਰਾਪੁਰ ਸਮਾਰਕ ਅਤੇ ਅੰਮ੍ਰਿਤਸਰ ਵਿੱਚ ਵਿਰਾਸਤੀ ਅਜਾਇਬਘਰ ਬਣਾ ਕੇ ਨੌਜਵਾਨ ਪੀੜ੍ਹੀ ਨੂੰ ਆਜ਼ਾਦੀ ਵਿੱਚ ਯੋਗਦਾਨ ਪਾਉਣ ਵਾਲੇ ਸਾਡੇ ਪੁਰਖਿਆਂ ਵੱਲੋਂ ਦਿੱਤੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ ਹੈ। ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਥੇ 600 ਕੈਦੀ ਬੰਦ ਸਨ, ਜਿਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਸਨ। ਉਨ੍ਹਾਂ ਬਾਰੇ ਪੰਜਾਬ ਵਾਸੀਆਂ ਨੂੰ ਬਹੁਤੀ ਜਾਣਕਾਰੀ ਨਹੀਂ ਸੀ। ਉਨ੍ਹਾਂ ਦੀ ਯਾਦਗਾਰ ਬਣਾਉਣ ਲਈ ਉਥੇ ਦੋ ਟਾਪੂ ਲਾਏ ਸਨ, ਜੋ ਕਿ ਸੁਨਾਮੀ ਨੇ ਤਬਾਹ ਕਰ ਦਿੱਤੇ। ਉਨ੍ਹਾਂ ਦੀ ਜਾਣਕਾਰੀ ਲੈ ਕੇ ਨਾਂ ਤੇ ਪਤੇ ਇੱਥੇ ਦਰਜ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇਗਾ।



ਜੰਗ-ਏ-ਆਜ਼ਾਦੀ ਸਮਾਰਕ ਦੇ ਉਦਘਾਟਨ ਮੌਕੇ ਹਾਜ਼ਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ।

ਸਮਾਰੋਹ ਦੌਰਾਨ ਜੰਗ-ਏ-ਆਜ਼ਾਦੀ ਫਾਊਂਡੇਸ਼ਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਸਮਾਰਕ ਉੱਤਮ ਕਲਾ ਦਾ ਨਮੂਨਾ ਹੈ, ਜਿਸ ਨੂੰ ਨਾਮਵਰ ਸ਼ਿਲਪਕਾਰ ਰਾਜ ਰਿਵਾਲ ਨੇ ਤਿਆਰ ਕੀਤਾ ਹੈ। ਇਸ ਯਾਦਗਾਰ ਵਿੱਚ 100 ਸਾਲਾਂ ਦੇ ਆਜ਼ਾਦੀ ਦੇ ਇਤਿਹਾਸ ਨੂੰ ਹਰ ਨਜ਼ਰੀਏ ਤੋਂ ਦੇਖ ਕੇ ਇਸ ਸਬੰਧੀ ਪੂਰਾ ਸੰਕਲਪ ਤਿਆਰ ਕਰਨ ਲਈ ਇਤਿਹਾਸਕਾਰਾਂ ਦੀ ਕਮੇਟੀ ਵਿੱਚ ਡਾ. ਕਿਰਪਾਲ ਸਿੰਘ, ਡਾ. ਜੇ.ਐਸ. ਗਰੇਵਾਲ, ਡਾ. ਜਸਪਾਲ ਸਿੰਘ, ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਕੇ.ਐਲ. ਟੁਟੇਜਾ ਅਤੇ ਡਾ. ਹਰੀਸ਼ ਸ਼ਰਮਾ ਸ਼ਾਮਲ ਕੀਤਾ ਗਿਆ ਸੀ। ਇਸ ਦੇ ਇਤਿਹਾਸ ਨੂੰ ਰੂਪਮਾਨ ਕਰਨ ਲਈ ਫਿਲਮ ਜਗਤ ਦੇ ਨਿਰਦੇਸ਼ਕ ਸ਼ਿਆਮ ਬੈਨੇਗਲ ਦੀਆਂ ਸੇਵਾਵਾਂ ਲਈਆਂ ਗਈਆਂ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਮੈਂਬਰ ਲੋਕ ਸਭਾ ਸੁਨੀਲ ਜਾਖੜ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਪੰਜਾਬੀਆਂ ਦੇ ਖ਼ੂਨ ਵਿੱਚ ਹੀ ਕੁਰਬਾਨੀ ਦੇਣ ਦਾ ਜਜ਼ਬਾ ਭਰਿਆ ਹੋਇਆ ਹੈ। ਸੱਭਿਆਚਾਰਕ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਕਿ ਪੰਜਾਬੀਆਂ ਦੇ ਕੁਰਬਾਨੀਆਂ ਭਰੇ ਇਤਿਹਾਸ ਦੀ ਜਾਣਕਾਰੀ ਅਜੋਕੀ ਪੀੜ੍ਹੀ ਨੂੰ ਦੇਣ ਲਈ ਪੰਜਾਬ ਹਿਸਟਰੀ ਤੇ ਕਲਚਰ ਨੂੰ ਇੱਕ ਵਿਸ਼ੇ ਵਜੋਂ ਸਕੂਲਾਂ ਵਿੱਚ ਪੜ੍ਹਾਉਣ ਲਈ ਉਪਰਾਲੇ ਕੀਤੇ ਜਾਣ।

ਸਮਾਗਮ ਦੌਰਾਨ ਪੁਡੂਚੇਰੀ ਦੇ ਸਾਬਕਾ ਲੈਫਟੀ. ਗਵਰਨਰ ਇਕਬਾਲ ਸਿੰਘ, ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ, ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਪਰਗਟ ਸਿੰਘ, ਸੁਸ਼ੀਲ ਰਿੰਕੂ, ਕੁਲਜੀਤ ਸਿੰਘ ਨਾਗਰਾ, ਰਾਣਾ ਗੁਰਜੀਤ ਸਿੰਘ, ਸਾਬਕਾ ਲੋਕ ਸਭਾ ਮੈਂਬਰ ਮਹਿੰਦਰ ਸਿੰਘ ਕੇ.ਪੀ., ਹਰਮਿੰਦਰ ਸਿੰਘ ਗਿੱਲ, ਜੋਗਿੰਦਰ ਸਿੰਘ ਮਾਨ ਅਤੇ ਸਾਬਕਾ ਮੰਤਰੀ ਅਵਤਾਰ ਹੈਨਰੀ ਹਾਜ਼ਰ ਸਨ।

## ਸਤਲੁਜ 'ਚੋਂ ਹੁੰਦੀ ਰੇਤੇ ਦੀ ਮਾਈਨਿੰਗ ਅੱਖੀਂ ਦੇਖਣ ਬਾਅਦ ਕੈਪਟਨ ਨੇ ਦਿੱਤੇ ਲੁਟੇਰਿਆਂ ਵਿਰੁੱਧ ਸ਼ਿਕੰਜਾ ਕਸਣ ਦੇ ਹੁਕਮ

**ਜਲੰਧਰ/ਬਿਊਰੋ ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੈਲੀਕਾਪਟਰ ਰਾਹੀਂ ਜਦੋਂ ਜੰਗ-ਏ-ਆਜ਼ਾਦੀ ਯਾਦਗਾਰ ਦੇ ਉਦਘਾਟਨੀ ਸਮਾਗਮ ਵਿੱਚ ਸ਼ਾਮਲ ਹੋਣ ਆ ਰਹੇ ਸਨ ਤਾਂ ਸਤਲੁਜ ਦਰਿਆ ਕੰਢੇ ਹੋ ਰਹੀ ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਉਨ੍ਹਾਂ ਪਹਿਲੀ ਵਾਰ ਅੱਖੀਂ ਦੇਖਿਆ। ਜਾਣਕਾਰੀ ਅਨੁਸਾਰ ਸਤਲੁਜ ਦਰਿਆ ਤੋਂ ਲੰਘਦਿਆਂ ਉਨ੍ਹਾਂ ਹੋ ਰਹੀ ਗ਼ੈਰ-ਕਾਨੂੰਨੀ ਮਾਈਨਿੰਗ ਨੂੰ ਹੋਰ ਨੇੜਿਓਂ ਦੇਖਣ ਲਈ ਹੈਲੀਕਾਪਟਰ ਨੂੰ ਹੇਠਾਂ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ। ਸਤਲੁਜ ਦਰਿਆ ਦੇ ਕੰਢਿਆਂ ਦੁਆਲੇ ਲੱਗੀਆਂ ਕਰੇਨਾਂ, ਟਿੱਪਰ, ਜੇਸੀਬੀ ਮਸ਼ੀਨਾਂ ਤੇ ਟਰੈਕਟਰ ਟਰਾਲੀਆਂ ਦੇਖਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਲੰਧਰ ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੇ ਐੱਸਐੱਸਪੀਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਇਸ ਵਿਰੁੱਧ ਤੁਰੰਤ ਕਾਰਵਾਈ ਕਰਨ। ਮੁੱਖ ਮੰਤਰੀ ਵੱਲੋਂ ਮਾਈਨਿੰਗ ਵਿਰੁੱਧ ਮਿਲੇ ਆਦੇਸ਼ਾਂ ਕਾਰਨ ਅਧਿਕਾਰੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਨਵਾਂਸ਼ਹਿਰ ਇਲਾਕੇ ਵਿੱਚੋਂ ਮੌਕੇ 'ਤੇ ਹੀ 30 ਟਿੱਪਰ, 21 ਕਰੇਨਾਂ, 5 ਜੇਸੀਬੀ ਮਸ਼ੀਨਾਂ, ਇਕ ਟਰੈਕਟਰ ਟਰਾਲੀ ਜ਼ਬਤ ਕਰ ਲਏ ਗਏ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਲੰਧਰ ਆਉਂਦਿਆਂ ਹੋਇਆਂ ਜੋ ਮਾਈਨਿੰਗ ਦਾ ਨਜ਼ਾਰਾ ਅਸਮਾਨ 'ਚੋਂ ਤੱਕਿਆ ਉਸ ਦੀਆਂ ਤਸਵੀਰਾਂ ਉਨ੍ਹਾਂ ਟਵੀਟਰ 'ਤੇ ਸਾਂਝੀਆਂ ਕੀਤੀਆਂ, ਜਿਸ ਨਾਲ ਅਧਿਕਾਰੀਆਂ ਤੇ ਮਾਈਨਿੰਗ ਅਫਸਰਾਂ ਨੂੰ ਭਾਜੜਾਂ ਪੈ ਗਈਆਂ।ਜਾਣਕਾਰੀ ਅਨੁਸਾਰ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਇਸ ਗੱਲ ਦੀ ਜਾਂਚ ਕੀਤੀ ਜਾਵੇ ਕਿ ਮਾਈਨਿੰਗ ਕਰਨ ਵਾਲੇ ਕੌਣ ਬੰਦੇ ਸਨ ਤੇ ਕਿਸੇ ਨੂੰ ਵੀ ਬਖਸ਼ਿਆ ਨਾ ਜਾਵੇ। ਮਾਈਨਿੰਗ ਵਿੱਚ ਆ ਰਹੀਆਂ ਖਾਮੀਆਂ ਨੂੰ ਵੀ ਦੂਰ ਕਰਨ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਨੂੰ ਤੁਰੰਤ ਠੀਕ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਲੰਘੀ 28 ਫਰਵਰੀ ਨੂੰ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਈਨਿੰਗ 'ਤੇ ਕੰਟਰੋਲ ਕਰਨ ਲਈ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਐੱਸਐੱਸਪੀਜ਼ ਦੀ ਮੀਟਿੰਗ ਸੱਦ ਕੇ ਹਦਾਇਤਾਂ ਕੀਤੀਆਂ ਸਨ ਕਿ ਉਹ ਇਸ ਨੂੰ ਕੰਟਰੋਲ ਕਰਨ।



ਕੈਪਟਨ ਅਮਰਿੰਦਰ ਸਿੰਘ ਹੈਲੀਕਾਪਟਰ ਦੇ ਸਫ਼ਰ ਦੌਰਾਨ ਸਤਲੁਜ 'ਚ ਹੋ ਰਹੀ ਨਾਜਾਇਜ਼ ਮਾਈਨਿੰਗ ਦੇਖਦੇ ਹੋਏ।

### ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਜਾਂਦੇ ਆਗੂ ਪੁਲੀਸ ਨੇ ਰੋਕੇ

ਉਦਘਾਟਨ ਸਮਾਗਮ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੰਗ ਪੱਤਰ ਦੇਣ ਜਾ ਰਹੀਆਂ ਆਂਗਣਵਾੜੀ ਮੁਲਾਜ਼ਮਾਂ ਨੂੰ ਪੁਲੀਸ ਨੇ ਰੋਕ ਕੇ ਦਾਣਾ ਮੰਡੀ ਵਿੱਚ ਬਿਠਾ ਲਿਆ। ਆਂਗਣਵਾੜੀ

ਬਾਕੀ ਸਫ਼ਾ 33 'ਤੇ



CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ .ਐਮ . ਵੀ . ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਜ਼ੋਰ ਸ਼ੋਰ ਨਾਲ ਹੋ ਰਹੀ ਹੈ ਸ੍ਰੀ ਹਰਿਮੰਦਰ ਸਾਹਿਬ ਦੇ ਸੋਨੇ ਦੀ ਕਾਰ ਸੇਵਾ

**ਅੰਮ੍ਰਿਤਸਰ/ਬਿਊਰੋ ਨਿਊਜ਼**

ਸ੍ਰੀ ਹਰਿਮੰਦਰ ਸਾਹਿਬ 'ਤੇ ਲੱਗੇ ਸੋਨੇ ਦੀ ਚਮਕ ਨੂੰ ਬਰਕਰਾਰ ਰੱਖਣ ਲਈ ਬਰਮਿੰਘਮ ਦੀ ਸਿੱਖ ਜਥੇਬੰਦੀ ਨਿਸ਼ਕਾਮ ਸੇਵਕ ਜਥਾ ਵੱਲੋਂ ਇੱਥੇ ਸੋਨੇ ਦੀ ਸਫ਼ਾਈ ਤੇ ਧੁਆਈ ਦੀ ਸੇਵਾ ਸ਼ੁਰੂ ਕੀਤੀ ਗਈ ਹੈ, ਜੋ ਲਗਭਗ 10 ਦਿਨ ਚੱਲੇਗੀ।

ਇਹ ਸੇਵਾ ਬੀਤੇ ਦਿਨ ਗੁਰਮਤਿ ਰਵਾਇਤਾਂ ਮੁਤਾਬਕ ਅਰਦਾਸ ਕਰਕੇ ਸ਼ੁਰੂ ਕੀਤੀ ਗਈ ਸੀ। ਸ਼ੁਰੂਆਤ ਮੌਕੇ ਸੇਵਕ ਜਥੇ ਦੇ ਕਾਰਕੁਨ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਹੋਰ ਪਤਵੰਤੇ ਹਾਜ਼ਰ ਸਨ। ਸੇਵਾ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਦੇ ਸੁਨਹਿਰੀ ਗੁੰਬਦ ਤੋਂ ਕੀਤੀ ਗਈ ਪਰ ਸ਼ੁਰੂਆਤ ਵੇਲੇ ਹੀ ਇੱਕ ਸਫਾਈ ਸੇਵਕ ਦਾ ਸੇਵਾ ਕਰਦਿਆਂ ਪੈਰ ਤਿਲਕਣ ਕਾਰਨ ਉਹ ਜ਼ਖ਼ਮੀ ਹੋ ਗਿਆ। ਇਹ ਸੇਵਾ ਨਿਸ਼ਕਾਮ ਸੇਵਕ ਜਥੇ ਦੇ 35 ਮੈਂਬਰ ਕਰ ਰਹੇ ਹਨ। ਉਹ ਰੀਠੇ ਦੇ ਪਾਣੀ ਨਾਲ ਸੋਨੇ ਦੇ ਪੱਤਰਿਆਂ ਦੀ ਸਫਾਈ ਤੇ ਧੁਆਈ ਕਰਨਗੇ। ਇਸ ਦੌਰਾਨ ਕੋਈ ਵੀ ਰਸਾਇਣ ਨਹੀਂ ਵਰਤਿਆ ਜਾਵੇਗਾ।



ਦੱਸਣਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਲੱਗੇ ਇਸ ਸੋਨੇ ਦੀ ਸੇਵਾ ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਕੀਤੀ ਗਈ ਸੀ ਅਤੇ ਦੂਜੀ ਵਾਰ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਵੱਲੋਂ ਕੀਤੀ ਗਈ ਸੀ। ਇਹ ਸੇਵਾ 1999 ਵਿੱਚ ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਮੌਕੇ ਮੁਕੰਮਲ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਲੱਗੇ ਹੋਏ ਸੋਨੇ ਦੇ ਪੱਤਰੇ ਸੰਭਾਲ ਕੇ ਰੱਖੇ ਗਏ ਹਨ। ਦੂਜੀ ਵਾਰ ਸੋਨੇ ਦੇ ਪੱਤਰਿਆਂ ਦੀ ਹੋਈ ਸੇਵਾ ਤੋਂ ਕੁਝ ਵਰ੍ਹੇ ਮਗਰੋਂ ਹੀ ਇਹ ਪੱਤਰੇ ਲਾਲ ਭਾਅ ਮਾਰਨ ਲੱਗ ਪਏ ਸਨ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਦੀ ਚਮਕ ਬਰਕਰਾਰ ਰੱਖਣ ਲਈ ਨਿਰੰਤਰ ਯਤਨ ਸ਼ੁਰੂ ਕੀਤੇ ਗਏ ਸਨ। ਇਸ ਤਹਿਤ ਹੁਣ ਹਰ ਵਰ੍ਹੇ ਨਿਸ਼ਕਾਮ ਸੇਵਕ ਜਥੇ ਵੱਲੋਂ ਹੀ ਇਨ੍ਹਾਂ ਪੱਤਰਿਆਂ ਦੀ ਧੁਆਈ ਤੇ ਸਫਾਈ ਦੀ ਸੇਵਾ ਕੀਤੀ ਜਾਂਦੀ ਹੈ। ਇਹ ਖੇਤਰ ਪਹਿਲਾਂ ਵਾਤਾਵਰਣ ਪ੍ਰਦੂਸ਼ਣ ਨਾਲ ਵਧੇਰੇ ਪ੍ਰਭਾਵਿਤ ਰਿਹਾ ਹੈ, ਜਿਸ ਦਾ ਅਸਰ ਇੱਥੇ ਲੱਗੇ ਸੋਨੇ, ਸੰਗਮਰਮਰ ਦੇ ਪੱਥਰ ਅਤੇ ਕੰਧ ਕਲਾ 'ਤੇ ਹੋਇਆ ਸੀ। ਹੁਣ ਬਚਾਅ ਲਈ ਕਈ ਤਰ੍ਹਾਂ ਦੇ ਉਪਰਾਲੇ ਜਾਰੀ ਹਨ, ਜਿਸ ਤਹਿਤ ਪ੍ਰਦੂਸ਼ਣ ਰੋਕਥਾਮ ਦਾ ਯਤਨ ਵੀ ਜਾਰੀ ਹੈ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਅਤੇ ਮੈਨੇਜਰ ਸੁਲੱਖਣ ਸਿੰਘ ਨੇ ਦੱਸਿਆ ਕਿ ਸੋਨੇ ਦੇ ਪੱਤਰਿਆਂ ਦੀ ਧੁਆਈ ਦੀ ਸੇਵਾ 10 ਦਿਨਾਂ ਵਿਚ ਮੁਕੰਮਲ ਹੋ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੋਨੇ ਦੇ ਗੁੰਬਦ ਅਤੇ ਗੁੰਬਦੀਆਂ ਸਮੇਤ ਹੋਰ ਕਈ ਥਾਵਾਂ 'ਤੇ ਕਬੂਤਰ ਤੇ ਹੋਰ ਪੰਛੀ ਬੈਠਦੇ ਹਨ। ਉਨ੍ਹਾਂ ਦੀਆਂ ਬਿੱਠਾਂ ਅਤੇ ਹਵਾ ਵਿੱਚ ਉਡਦੀ ਮਿੱਟੀ ਆਦਿ ਨਾਲ ਵੀ ਸੋਨੇ ਦੀ ਚਮਕ ਪ੍ਰਭਾਵਿਤ ਹੁੰਦੀ ਹੈ, ਜਿਸ ਨੂੰ ਰੀਠੇ ਦੀ ਧੁਆਈ ਨਾਲ ਦੂਰ ਕੀਤਾ ਜਾਂਦਾ ਹੈ। ਇੱਥੇ ਪ੍ਰਦੂਸ਼ਣ ਮਾਪਣ ਵਾਸਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਪ੍ਰਦੂਸ਼ਣ ਮਾਪਕ ਯੰਤਰ ਵੀ ਸਥਾਪਤ ਕੀਤਾ ਗਿਆ ਹੈ। ਵਿਦੇਸ਼ ਤੋਂ ਮੰਗਵਾਏ ਗਏ ਇਸ ਉਪਕਰਨ ਰਾਹੀਂ ਇਸ ਧਾਰਮਿਕ ਅਸਥਾਨ ਦੇ ਆਲੇ ਦੁਆਲੇ ਹਵਾ ਵਿਚਲੇ ਪ੍ਰਦੂਸ਼ਣ 'ਤੇ ਹੁਣ ਨਿਰੰਤਰ ਨਿਗਰਾਨੀ ਰੱਖੀ ਜਾਂਦੀ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
- California to Michigan, New Jersey Florida & Texas
- Dedicated Load (ਪੱਕੇ ਲੋਡ)



- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਧਾਰਮਿਕ ਘੱਟ ਗਿਣਤੀਆਂ, ਦੱਬੇ ਕੁਚਲੇ ਲੋਕਾਂ ਅਤੇ ਦਲਿਤਾਂ ਖਿਲਾਫ਼ ਜ਼ੁਲਮਾਂ ਅਤੇ ਵਿਤਕਰੇ ਨੂੰ ਤੁਰੰਤ ਠੱਲ ਪਾਈ ਜਾਵੇ : ਡਾ. ਇੱਕਤਦਾਰ ਚੀਮਾ





**ਵੀਆਨਾ/ਬਿਊਰੋ ਨਿਊਜ਼:** ਮਨੁੱਖੀ ਅਧਿਕਾਰਾਂ ਦੇ ਮੁੱਦਈ ਅਤੇ ਉੱਘੇ ਸਕਾਲਰ ਡਾ. ਇੱਕਤਦਾਰ ਚੀਮਾ ਨੇ ਦੁਨੀਆ ਦੇ ਵੱਖ ਵੱਖ ਭਾਗਾਂ ਵਿੱਚ ਧਾਰਮਿਕ ਘੱਟ ਗਿਣਤੀਆਂ, ਦੱਬੇ ਕੁਚਲੇ ਲੋਕਾਂ ਅਤੇ ਦਲਿਤਾਂ ਖਿਲਾਫ਼ ਜ਼ੁਲਮਾਂ ਅਤੇ ਵਿਤਕਰੇ ਦੀਆਂ ਵਾਰਦਾਤਾਂ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਰੁਝਾਨ ਨੂੰ ਤੁਰੰਤ ਠੱਲ ਪਾਏ ਜਾਣ ਉੱਤੇ ਜ਼ੋਰ ਦਿੱਤਾ ਹੈ। ਸਯੁੰਕਤ ਰਾਸ਼ਟਰ ਵਲੋਂ ਬੀਤੇ ਦਿਨੀਂ ਵੀਆਨਾ 'ਚ ਕਰਵਾਈ ਕਾਨਫਰੰਸ ਵਿੱਚ ਬੋਲਦਿਆਂ ਡਾ. ਚੀਮਾ ਨੇ ਭਾਗ ਲੈਣ ਵਾਲੇ ਮੁਲਕਾਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰਾਂ ਨੂੰ ਧਾਰਮਿਕ ਘੱਟ ਗਿਣਤੀਆਂ ਉੱਤੇ ਹੋ ਰਹੇ ਜ਼ੁਲਮਾਂ ਦਾ ਪਤਾ ਲਾ ਕੇ ਇਨ੍ਹਾਂ ਦੇ ਖਾਤਮੇ ਲਈ ਕਦਮ ਪੁਟਣੇ ਚਾਹੀਦੇ ਹਨ। ਧਾਰਮਿਕ ਆਗੂਆਂ ਤੇ ਕਲਾਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਪੋ ਅਪਣੀਆਂ ਕਮਿਉਨਿਟੀਆਂ ਨਾਲ ਰਲ ਕੇ ਕੰਮ ਕਰਨ ਤਾਂ ਜੋ ਇਨਾਂ ਟਕਰਾਵਾਂ ਦੇ ਕਾਰਨਾਂ ਦਾ ਪਤਾ ਲਾ ਕੇ ਚਿਰ ਸਥਾਈ ਹੱਲ ਲੱਭੇ ਜਾ ਸਕਣ। ਉਨ੍ਹਾਂ ਕਿਹਾ ਕਿ ਵੱਖ ਵੱਖ ਧਰਮਾਂ, ਬੋਲੀਆਂ ਤੇ ਸਭਿਆਚਾਰਕ ਵਿਰਸੇ ਵਾਲੇ ਭਾਈਚਾਰਿਆਂ ਵਿਚਲੇ ਵਖਰੇਵੇਂ ਤੇ ਮੱਤਭੇਦਾਂ ਨੂੰ ਉਭਾਰ ਕੇ ਰਾਜਸੀ ਲਾਹਾ ਲੈਣ ਵਾਲੇ ਅਨਸਰਾਂ ਦੀਆਂ ਹਰਕਤਾਂ ਨੂੰ ਸਮਝਣ ਤੇ ਰੋਕਣ ਦੀ ਜਰੂਰਤ ਹੈ। ਡਾ.ਇੱਕਤਦਾਰ ਚੀਮਾ ਨੇ ਸਿਵਲ ਸੁਸਾਇਟੀ ਤੇ ਕੌਮਾਂਤਰੀ ਆਰਗੇਨਾਈਜੇਸ਼ਨਾਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਲੋਕਾਂ ਦੇ ਧੁਰ ਅੰਦਰ ਜਾ ਕੇ ਭਾਈਚਾਰਕ ਸਾਝਾਂ ਨੂੰ ਮਜਬੂਤ ਕਰਨ ਲਈ ਕੰਮ ਕਰਨ ਕਿਉਂਕਿ ਆਮ ਲੋਕ ਬੜੇ ਸ਼ਹਿਣਸ਼ੀਲ ਹੋਣ ਦੇ ਨਾਲ ਆਪਸੀ ਸਹਿਹੋਂਦ ਤੇ ਅਮਨ ਸ਼ਾਂਤੀ ਨਾਲ ਰਹਿਣ ਵਾਲੇ ਹੁੰਦੇ ਹਨ।

## ਸਾਕਾ ਨੀਲਾ ਤਾਰਾ ਬਾਰੇ ਗੁਪਤ ਦਸਤਾਵੇਜ ਨਸ਼ਰ ਹੋਣ ਬਾਰੇ ਕਿਆਸੇ

**ਲੰਡਨ/ਬਿਊਰੋ ਨਿਊਜ਼:** ਇਕ ਬਰਤਾਨਵੀ ਟ੍ਰਿਬਿਊਨਲ ਸੂਚਨਾ ਦੀ ਆਜ਼ਾਦੀ (ਐਫਓਆਈ) ਤਹਿਤ ਦੇਸ਼ ਦੀ ਕੈਬਨਿਟ ਦੀਆਂ ਉਨ੍ਹਾਂ ਖ਼ੁਫ਼ੀਆ ਫਾਈਲਾਂ ਦੀ ਮੰਗੀ ਜਾਣਕਾਰੀ ਬਾਰੇ ਫ਼ੈਸਲਾ ਸੁਣਾਵੇਗਾ ਜਿਨ੍ਹਾਂ ਵਿੱਚ 1984 ਦੇ ਸਾਕਾ ਨੀਲਾ ਤਾਰਾ ਵਿੱਚ ਬਰਤਾਨਵੀ ਸਰਕਾਰ ਦੀ ਸ਼ਮੂਲੀਅਤ ਬਾਰੇ ਖੁਲਾਸਾ ਹੋ ਸਕਦਾ ਹੈ। ਲੰਡਨ 'ਚ ਫਸਟ ਟੀਅਰ ਟ੍ਰਿਬਿਊਨਲ (ਸੂਚਨਾ ਹੱਕਾਂ) ਵੱਲੋਂ ਮੰਗਲਵਾਰ ਤੋਂ ਤਿੰਨ ਦਿਨਾਂ ਸੁਣਵਾਈ ਸ਼ੁਰੂ ਹੋਵੇਗੀ ਕਿ ਕੀ ਬਰਤਾਨੀਆ ਦੇ ਸੂਚਨਾ ਕਮਿਸ਼ਨਰ ਵੱਲੋਂ ਇਹ ਫਾਈਲਾਂ ਨਸ਼ਰ ਨਾ ਕਰਨ ਦੇ ਕੈਬਨਿਟ ਦਫ਼ਤਰ ਦੇ ਉਸ ਫ਼ੈਸਲੇ ਦੀ ਪ੍ਰੋੜਤਾ ਵਾਜਿਬ ਸੀ। ਇਕ ਫ੍ਰੀਲਾਂਸ ਪੱਤਰਕਾਰ ਫਿਲ ਮਿਲਰ ਦੀ ਤਰਫੋਂ ਕੇਆਰਡਬਲਯੂ ਵੱਲੋਂ ਕੇਸ ਲੜਿਆ ਜਾ ਰਿਹਾ ਹੈ। ਮਿਲਰ ਨੇ ਅੰਮ੍ਰਿਤਸਰ ਵਿੱਚ ਸਿੱਖਾਂ ਦੇ ਸਭ ਤੋਂ ਪਾਵਨ ਅਸਥਾਨ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਭਾਰਤੀ ਫ਼ੌਜ ਦੇ ਅਪਰੇਸ਼ਨ ਲਈ ਉਸ ਵੇਲੇ ਦੀ ਬਰਤਾਨੀਆ ਦੀ ਮਾਰਗਰੇਟ ਥੈਚਰ ਸਰਕਾਰ ਵੱਲੋਂ ਦਿੱਤੀ ਸਹਾਇਤਾ ਦੀ ਥਾਹ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਸ਼੍ਰੀ ਮਿਲਰ ਨੇ ਪੀਟੀਆਈ ਨੂੰ ਦੱਸਿਆ ਕਿ " ਸੂਚਨਾ ਦੀ ਆਜ਼ਾਦੀ ਦੀ ਅਰਜ਼ੀ ਪ੍ਰਵਾਨ ਹੋਣੀ ਚਾਹੀਦੀ ਸੀ ਕਿਉਂਕਿ ਸੰਨ 1984 ਦੀਆਂ ਉਨ੍ਹਾਂ ਤਰਾਸਦਿਕ ਘਟਨਾਵਾਂ ਵਿੱਚ ਬਰਤਾਨੀਆ ਦੀ ਸ਼ਮੂਲੀਅਤ ਬਾਰੇ ਜਨਤਕ ਦਿਲਚਸਪੀ ਬਣੀ ਹੋਈ ਹੈ। ਲਗਪਗ ਤਿੰਨ ਦਹਾਕੇ ਪੁਰਾਣੇ ਦਸਤਾਵੇਜ਼ ਨਸ਼ਰ ਕਰਨ ਨਾਲ ਸਫਾਰਤੀ ਸਬੰਧਾਂ 'ਤੇ ਕੋਈ ਅਸਰ ਨਹੀਂ ਪੈਣ ਲੱਗਿਆ। ਉਂਜ ਵੀ ਬਰਤਾਨੀਆ ਤੇ ਭਾਰਤ ਦੋਵਾਂ ਮੁਲਕਾਂ ਵਿੱਚ ਸੂਚਨਾ ਦੇ ਅਧਿਕਾਰ ਨੂੰ ਕਾਨੂੰਨੀ ਮਾਨਤਾ ਦਿੱਤੀ ਜਾ ਚੁੱਕੀ ਹੈ।

# 31ਵੀਂ ਸਿੱਖ ਡੇ ਪਰੇਡ ਦੀਆਂ ਤਿਆਰੀਆਂ ਸਬੰਧੀ ਮੀਟਿੰਗ 11 ਮਾਰਚ, ਐਤਵਾਰ ਨੂੰ

## ਪ੍ਰਬੰਧਕਾਂ ਵਲੋਂ ਸਭਨਾਂ ਨੂੰ ਖੁਲ੍ਹਾ ਸੱਦਾ

**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿਲ, ਨਿਊਯਾਰਕ ਵਲੋਂ ਟਰਾਈ ਸਿਟੀ ਦੇ ਗੁਰੂ ਘਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ 28 ਅਪ੍ਰੈਲ 2018 ਨੂੰ ਮੈਨਹੈਟਨ ਵਿਚ ਕੀਤੀ ਜਾ ਵਾਲੀ 31ਵੀਂ ਸਿੱਖ ਡੇ ਪਰੇਡ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਚੁੱਕੀਆਂ ਹਨ। ਸੁਸਾਇਟੀ ਦੇ ਮੀਡੀਆ ਇੰਚਾਰਜ ਸੁਖਜਿੰਦਰ ਸਿੰਘ ਨਿੱਝਰ ਨੇ ਦਸਿਆ ਕਿ ਇਸ ਇਤਿਹਾਸਕ ਪਰੇਡ ਦੀਆਂ ਤਿਆਰੀਆਂ ਸਬੰਧੀ ਮੀਟਿੰਗ 11 ਮਾਰਚ, ਐਤਵਾਰ ਨੂੰ ਸ਼ਾਮ 3:00 ਵਜੇ ਚੇਅਰਮੈਨ ਸੁਰਜੀਤ ਸਿੰਘ ਮੂਧਲ ਦੀ ਅਗਵਾਈ ਵਿਚ ਹੋਵੇਗੀ ਜਿਸ ਵਿਚ ਪਰੇਡ ਸਬੰਧੀ ਹੋਣ ਵਾਲੀਆਂ ਤਿਆਰੀਆਂ ਜਿਵੇਂ ਕਿ ਫਲੋਟ ਅਤੇ ਲੰਗਰ ਬਾਰੇ ਗੱਲਬਾਤ ਕੀਤੀ ਜਾਵੇਗੀ। ਉਸੇ ਦਿਨ ਟੀ.ਵੀ. ਚੈਨਲਾਂ 'ਤੇ ਚੱਲਣ ਵਾਲੀ ਪਰੇਡ ਦੀ ਐਡ ਵੀ ਮੀਟਿੰਗ ਤੋਂ ਪਹਿਲਾਂ ਬਣਾਈ ਜਾਵੇਗੀ।

ਪ੍ਰਬੰਧਕਾਂ ਵਲੋਂ ਸਭਨਘ ਨੂੰ ਬੇਨਤੀ ਹੈ ਕਿ ਆਪ ਸਭ ਇਸ ਮੀਟਿੰਗ ਵਿਚ ਜ਼ਰੂਰ ਪਹੁੰਚੋ । ਸਭਨਾਂ ਦੇ ਅਣਮੁੱਲੇ ਵਿਚਾਰਾਂ ਨਾਲ ਹੀ ਇਸ ਪਰੇਡ ਨੂੰ ਹੋਰ ਵੀ ਬਿਹਤਰ ਤਰੀਕੇ ਨਾਲ ਕੱਢਿਆ ਜਾ ਸਕਦਾ ਹੈ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿਲੋਂ ਵਲੋਂ ਸਭ ਨੂੰ ਇਸ ਮੀਟਿੰਗ ਵਿਚ ਜ਼ਰੂਰ ਪਹੁੰਚਣ ਦੀ ਬੇਨਤੀ ਹੈ.


Global Solution for Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਬਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, For A New Company (condition apply)


Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
Address:
4646 Qantas Ln, Ste B14
Stockton CA 95206


Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# JESSIE TAX SERVICES

**We Provide Comprehensive Tax Services**



JASWANT S. JESSIE

Enrolled Agent (EA), NTPI Fellow

**Specializing in:**

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | *By Appointment Only*

**Phone (408) 736-2451 | Fax (408) 736-8626**

Email: jessie@jessietax.com

**www.jessietax.com**


# ਬੱਚਿਆਂ ਨੇ ਲੋੜਵੰਦਾਂ ਦੀ ਸਹਾਇਤਾ ਲਈ ਅਖਬਾਰਾਂ ਵੇਚ ਕੇ ਮਨਾਇਆ 'ਕਿਡਸ ਡੇ'



**ਫਰਿਜ਼ਨੋ/(ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਅਮਰੀਕਾ ਦੇ ਸਕੂਲਾਂ ਵਿੱਚ ਜਿੱਥੇ ਬੱਚਿਆਂ ਨੂੰ ਉੱਚ ਵਿਦਿਆ, ਇਮਾਨਦਾਰੀ ਅਤੇ ਮਿਹਨਤ ਕਰਨੀ ਸਿਖਾਈ ਜਾਂਦੀ ਹੈ, ਉੱਥੇ ਨਾਲ ਹੀ ਲੋੜਵੰਦਾਂ ਦੀ ਮਦਦ ਕਰਨ ਦਾ ਸਬਕ ਵੀ ਦਿੱਤਾ ਜਾਂਦਾ ਹੈ। ਇਸੇ ਲੜੀ ਤਹਿਤ ਸੈਂਟਰਲ ਵੈਲੀ ਕੈਲੀਫੋਰਨੀਆਂ ਵਿੱਚ 6 ਮਾਰਚ ਦੇ ਦਿਨ ਸਕੂਲਾਂ ਦੇ ਬੱਚੇ ਅਖ਼ਬਾਰਾਂ ਵੇਚ ਕੇ ਕਿਡਸ ਡੇ' (Kids Day) ਮਨਾਉਂਦੇ ਹਨ। ਇਸ ਸ਼ੁਭ ਕਾਰਜ ਦੀ ਸ਼ੁਰੂਆਤ ਅੱਜ ਤੋਂ ਲਗਭਗ 30 ਸਾਲ ਪਹਿਲਾਂ ਹੋਈ ਸੀ। ਇਹ ਸਾਰੀਆਂ ਅਖਬਾਰਾਂ ਇਲਾਕੇ ਦੇ ਇਕੋ-ਇਕ ਵੱਡੇ ਅਖ਼ਬਾਰ 'ਫ਼ਰਿਜ਼ਨੋ ਬੀ' ਦੁਆਰਾ ਸਕੂਲਾਂ ਨੂੰ ਮੁੱਫ਼ਤ ਵਿੱਚ ਉਸ ਦਿਨ ਭੇਜੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਬੱਚੇ ਆਪਣੇ ਅਧਿਆਪਕਾਂ ਦੀ ਮਦਦ ਨਾਲ ਸੜਕਾਂ ਅਤੇ ਸਟਾਪ ਲਾਈਟਾਂ ਜਾਂ ਹੋਰ ਪਬਲਿਕ ਥਾਂਵਾਂ 'ਤੇ ਅਖਬਾਰ ਪ੍ਰਤੀ ਇਕ ਡਾਲਰ ਸਕੂਲ ਸ਼ੁਰੂ ਹੋਣ ਤੋਂ ਇਕ ਘੰਟਾ ਪਹਿਲਾਂ ਵੇਚਦੇ ਹਨ। ਇਸ ਕੰਮ ਤੋਂ ਇਕੱਤਰ ਸਾਰਾ ਫੰਡ ਇਲਾਕੇ ਦੇ 'ਵੈਲੀ ਚਿਲਡਰਨ ਹਸਪਤਾਲ' (ਬੱਚਿਆਂ ਦੇ ਹਸਪਤਾਲ) ਨੂੰ ਦਿੱਤਾ ਜਾਂਦਾ ਹੈ। ਇਸ ਪੈਸੇ ਰਾਹੀਂ ਲੋੜਵੰਦ ਬੱਚਿਆਂ ਦੀਆਂ ਗੰਭੀਰ ਬਿਮਾਰੀਆਂ ਦੇ ਇਲਾਜ ਸਬੰਧੀ ਖੋਜ ਅਤੇ ਇਲਾਜ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ। ਇਸ ਮਿਸ਼ਨ ਰਾਹੀ ਲੋਕਾਂ ਦੀ ਮਦਦ ਨਾਲ ਹਜ਼ਾਰਾਂ ਡਾਲਰ ਦੀ ਰਾਸ਼ੀ ਇਕੱਤਰ ਜੋ ਜਾਂਦੀ ਹੈ। ਅਜਿਹਾ ਕਰਦੇ ਹੋਏ ਬੱਚੇ ਜਿੱਥੇ ਆਮ ਪਬਲਿਕ ਵਿੱਚ ਵਿਚਰਦੇ ਹੋਏ ਅਖ਼ਬਾਰਾਂ ਵੇਚਦੇ ਹਨ, ਉਥੇ ਉਨ੍ਹਾਂ ਵਿੱਚ ਲੋੜਵੰਦਾਂ ਲਈ ਮਿਹਨਤ ਕਰਕੇ ਮਦਦ ਕਰਨ ਦੀ ਸਵੈ-ਇੱਛਾ ਵੀ ਬਣੀ ਰਹਿੰਦੀ ਹੈ।


# WHITE HAWK TRUCKING INC

***Need Drivers & Owner Operators***

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**



- ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
- ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
- Minor to Major Repair • Rebuild Engine Transmission DEF, DPF Cleaning
- Any kind of Road Service • Computer Diagnose

***Call for more Info:***

**Phone: (209) 242-9569, (209) 564-8899, (209) 345-6968**

**2101 MARTIN LUTHER KING JR WAY STOCKTON, CA 95205**



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਲੇਖਾਂ ਬਾਰੇ ਬਹਿਸ ਹੋ ਸਕਦੀ ਹੈ ਨਾਵਲਾਂ ਬਾਰੇ ਨਹੀਂ: ਅਰੁੰਧਤੀ

**ਨਵੀਂ ਦਿੱਲੀ/ਬਿਊਰੋ ਨਿਊਜ਼,** ਇਨ੍ਹੀ ਦਿਨੀਂ ਅਰੁੰਧਤੀ ਰਾਏ ਦੇ ਦੂਜੇ ਨਾਵਲ 'ਦਿ ਮਿਨੀਸਟਰੀ ਆਫ ਅਟਮੋਸਟ ਹੈਪੀਨੈੱਸ' ਦਾ ਹਿੰਦੀ ਤੇ ਉਰਦੂ 'ਚ ਅਨੁਵਾਦ ਦਾ ਕੰਮ ਚੱਲ ਰਿਹਾ ਹੈ। ਇਹ ਜਾਣਕਾਰੀ ਨਾਵਲ ਦੇ ਪ੍ਰਕਾਸ਼ਕ ਨੇ ਰਾਜਕਮਲ ਪ੍ਰਕਾਸ਼ਨ ਸਮੂਹ ਦੇ 69ਵੇਂ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਗਮ ਦੌਰਾਨ ਦਿੱਤੀ। ਉਨ੍ਹਾਂ ਕਿਹਾ ਕਿ ਇਹ ਨਾਵਲ ਪਹਿਲਾਂ ਦੁਨੀਆਂ ਦੀਆਂ 40 ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕਾ ਹੈ ਤੇ ਇਸ ਦਾ ਹਿੰਦੀ ਤੇ ਉਰਦੂ ਤਰਜਮਾ 20 ਅਪਰੈਲ ਤੋਂ ਮੁਹੱਈਆ ਹੋਵੇਗਾ। ਅਰੁੰਧਤੀ ਰਾਏ ਇਸ ਨਾਵਲ ਦੇ ਹਿੰਦੀ ਤੇ ਉਰਦੂ 'ਚ ਤਰਜਮੇ ਲਈ ਸ਼ਲਾਘਾ ਕੀਤੀ ਤੇ ਆਪਣੇ ਕਸ਼ਮੀਰੀ ਮਿੱਤਰ ਨਾਲ ਹੋਈ ਗੱਲਬਾਤ ਬਾਰੇ ਦੱਸਿਆ ਜਿਸ ਨੇ ਕਿਹਾ ਸੀ ਕਿ ਇਹ ਨਾਵਲ ਅੰਗਰੇਜ਼ੀ ਨਾਲੋਂ ਉਰਦੂ ਦੇ ਵੱਧ ਨੇੜੇ ਹੈ। ਇਹ ਪਹਿਲੀ ਵਾਰ ਹੈ ਜਦੋਂ ਇਸ ਲੇਖਕ ਨੇ ਕਿਤਾਬ ਦੇ ਅਨੁਵਾਦ ਦੇ ਕੰਮ 'ਚ ਸਰਗਰਮੀ ਨਾਲ ਭਾਗ ਲਿਆ ਹੈ। ਅਰੁੰਧਤੀ ਰਾਏ ਜੂਨ ਮਹੀਨੇ ਬਰਤਾਨੀਆ 'ਚ ਸਾਹਿਤਕ ਅਨੁਵਾਦ ਬਾਰੇ ਲੈਕਚਰ ਵੀ ਦੇਵੇਗੀ। 'ਵਕਤ ਕੀ ਆਹਟ' ਨਾਂ ਹੇਠ ਕਰਾਏ ਗਏ ਸਮਾਗਮ 'ਚ ਰਾਏ ਨੇ ਕਿਹਾ ਕਿ ਉਹ ਆਪਣੇ ਲੇਖਾਂ ਬਾਰੇ ਬਹਿਸ ਕਰ ਸਕਦੀ ਹੈ, ਪਰ ਨਾਵਲਾਂ ਬਾਰੇ ਨਹੀਂ ਕਿਉਂਕਿ ਨਾਵਲ ਵਿੱਚ ਸੱਚ ਦਾ ਦਾਅਵਾ ਲੇਖਕ ਵੱਲੋਂ ਨਹੀਂ ਕੀਤਾ ਜਾਂਦਾ ਬਲਕਿ ਇਹ ਪਾਠਕ ਵੱਲੋਂ ਮਹਿਸੂਸ ਕੀਤਾ ਜਾਂਦਾ ਹੈ।



## ਆਧਾਰ ਲਿੰਕ ਕਰਨ ਦੀ ਤਾਰੀਕ 'ਚ ਵਾਧਾ ਸੰਭਵ

**ਨਵੀਂ ਦਿੱਲੀ/ਬਿਊਰੋ ਨਿਊਜ਼:** ਕੇਂਦਰ ਸਰਕਾਰ ਵੱਲੋਂ ਬੈਂਕ ਖ਼ਾਤਾ ਨੰਬਰਾਂ ਤੇ ਮੋਬਾਈਲ ਨਾਲ ਆਧਾਰ ਲਿੰਕ ਕਰਨ ਦੇ ਆਖ਼ਰੀ ਤਾਰੀਕ 'ਚ ਵਾਧਾ ਕਰਨ ਦੇ ਸੰਕੇਤ ਦਿੱਤੇ ਹਨ। ਅਦਾਲਤ ਵਿੱਚ ਪਾਈਆਂ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਪੰਜ ਮੈਂਬਰੀ ਬੈਂਚ ਦੇ ਮੁਖੀ ਜਸਟਿਸ ਦੀਪਕ ਮਿਸ਼ਰਾ ਨੇ ਕਿਹਾ ਕਿ ਆਧਾਰ ਲਿੰਕ ਕਰਨ ਦੀ ਆਖ਼ਰੀ ਤਰੀਕ ਨੇੜੇ ਹੈ ਅਤੇ ਇਸ ਸਬੰਧੀ ਕੇਸ ਦਾ ਨਿਪਟਾਰਾ ਹੋਣ ਦੀ ਸੰਭਾਵਨਾ ਨਹੀਂ ਹੈ ਇਸ ਲਈ ਇਸ ਤਰੀਕ ਨੂੰ ਵਧਾਉਣ ਦੀ ਲੋੜ ਹੈ।

# ਅਕਾਲ ਤਖ਼ਤ ਦੇ ਜਥੇਦਾਰ ਨੇ ਜਾਰੀ ਕੀਤਾ ਨਵੇਂ ਵਰ੍ਹੇ ਦਾ ਨਾਨਕਸ਼ਾਹੀ ਕੈਲੰਡਰ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਨਵੇਂ ਵਰ੍ਹੇ 2018-19 ਦਾ ਨਾਨਕਸ਼ਾਹੀ ਕੈਲੰਡਰ ਜਾਰੀ ਕਰ ਦਿੱਤਾ ਹੈ ਗਿਆ। ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੋਮਵਾਰ ਨੂੰ ਨਾਨਕਸ਼ਾਹੀ ਸੰਮਤ 550 (2018-19) ਦਾ ਕੈਲੰਡਰ ਜਾਰੀ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਸਾਲ ਦਾ ਨਾਨਕਸ਼ਾਹੀ ਕੈਲੰਡਰ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਗਿਆ ਹੈ। ਉਨ੍ਹਾਂ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੇ ਗਏ ਇਸ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਮਨਾਉਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੁੰਦਿਆਂ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਦੇ ਪ੍ਰਚਾਰ-ਪ੍ਰਸਾਰ ਲਈ ਸੰਯੁਕਤ ਹੰਭਲਾ ਮਾਰਨ। ਉਨ੍ਹਾਂ ਦੱਸਿਆ ਕਿ ਸੰਗਤ ਦੀ ਸਹੂਲਤ ਲਈ ਜਲਦੀ ਹੀ ਨਾਨਕਸ਼ਾਹੀ ਜੰਤਰੀ ਅਤੇ ਡਾਇਰੀ ਵੀ ਸੰਗਤ ਲਈ ਅਰਪਣ ਕੀਤੀ ਜਾਵੇਗੀ।

ਦੱਸਣਯੋਗ ਹੈ ਕਿ ਬੀਤੇ ਵਰ੍ਹੇ ਵੀ ਸੋਧਿਆ ਹੋਇਆ ਇਹ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਵਿੱਚ ਆਪਸੀ ਵੰਡ ਅਤੇ ਵਿਵਾਦ ਦਾ ਵਿਸ਼ਾ ਬਣਿਆ ਰਿਹਾ ਹੈ। ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਦੋਵਾਂ ਸਿੱਖ ਸੰਸਥਾਵਾਂ ਵੱਲੋਂ ਹੀ ਇਸ ਸਬੰਧੀ ਵਿਵਾਦ ਨੂੰ ਖ਼ਤਮ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ ਜਦੋਂਕਿ ਬੀਤੇ ਵਰ੍ਹੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨਿਯੁਕਤ ਸਨ। ਉਨ੍ਹਾਂ ਦੇ 2003 ਦੇ ਕਾਰਜਕਾਲ ਵੇਲੇ ਮੂਲ ਨਾਨਕਸ਼ਾਹੀ ਕੈਲੰਡਰ ਰਿਲੀਜ਼ ਹੋਇਆ ਸੀ। ਇਸ ਕਰਕੇ ਉਨ੍ਹਾਂ ਦੀ ਨਿਯੁਕਤੀ ਵੇਲੇ ਸਿੱਖ ਕੌਮ ਵੱਲੋਂ ਉਮੀਦ ਕੀਤੀ ਜਾ ਰਹੀ ਸੀ ਕਿ ਨਾਨਕਸ਼ਾਹੀ ਕੈਲੰਡਰ ਦੇ ਵਿਵਾਦ ਨੂੰ ਖ਼ਤਮ ਕਰਨ ਲਈ ਯਤਨ ਹੋਵੇਗਾ ਪਰ ਅਜਿਹਾ ਕੁਝ ਨਹੀਂ ਕੀਤਾ ਗਿਆ। ਨਵੰਬਰ 2017 ਵਿੱਚ ਉਨ੍ਹਾਂ ਦੀ ਥਾਂ 'ਤੇ ਗੋਬਿੰਦ ਸਿੰਘ ਲੌਂਗੋਵਾਲ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ ਪਰ ਉਨ੍ਹਾਂ ਨੇ ਵੀ ਇਸ ਮਸਲੇ ਨੂੰ ਹੁਣ ਤੱਕ ਠੰਢੇ ਬਸਤੇ ਵਿੱਚ ਪਾਇਆ ਹੋਇਆ ਹੈ। ਨਾਨਕਸ਼ਾਹੀ ਕੈਲੰਡਰ ਵਿਵਾਦ ਕਾਰਨ ਸਿੱਖ ਕੌਮ ਵੱਲੋਂ ਵਧੇਰੇ ਗੁਰਪੁਰਬ ਦੋ-ਦੋ ਵਾਰ ਮਨਾਏ ਜਾ ਰਹੇ ਹਨ। ਅੱਜ ਕੈਲੰਡਰ ਜਾਰੀ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਤੇ ਬਲਵਿੰਦਰ ਸਿੰਘ ਜੌੜਾਸਿੰਘਾ, ਸਿਮਰਜੀਤ ਸਿੰਘ ਮੀਤ ਸਕੱਤਰ, ਸੁਲੱਖਣ ਸਿੰਘ ਭੰਗਾਲੀ ਮੈਨੇਜਰ, ਗੁਰਬਚਨ ਸਿੰਘ ਇੰਚਾਰਜ, ਸੁਖਬੀਰ ਸਿੰਘ ਅਤੇ ਸਤਿੰਦਰਪਾਲ ਸਿੰਘ ਮੌਜੂਦ ਸਨ।



## ਸੁਪਰੀਮ ਕੋਰਟ ਵਲੋਂ ਚਿਦੰਬਰਮ ਦੇ ਪੁੱਤ ਕਾਰਤੀ ਨੂੰ ਰਾਹਤ ਦੇਣੋਂ ਨਾਂਹ

ਨਵੀਂ ਦਿੱਲੀ/ਬਿਊਰੋ ਨਿਊਜ਼, ਸੁਪਰੀਮ ਕੋਰਟ ਨੇ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਦੇ ਪੁੱਤਰ ਕਾਰਤੀ ਚਿਦੰਬਰਮ ਨੂੰ ਰਾਹਤ ਦੇਣ ਤੋਂ ਇਨਕਾਰ ਕੀਤਾ ਹੈ। ਜਸਟਿਸ ਦੀਪਕ ਮਿਸ਼ਰਾ, ਜਸਟਿਸ ਏਐਮ ਖ਼ਾਨਵਿਲਕਰ ਅਤੇ ਜਸਟਿਸ ਡੀਵਾਈ ਚੰਦਰਚੂੜ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਈਡੀ ਅਤੇ ਸੀਬੀਆਈ ਇਸ ਕੇਸ ਵਿੱਚ ਨਵੇਂ ਤੱਥਾਂ ਦੀ ਜ਼ਿੰਮੇਵਾਰੀ ਨਾਲ ਜਾਂਚ ਕਰਨ। ਇਸੇ ਦੌਰਾਨ ਦਿੱਲੀ ਦੀ ਇਕ ਅਦਾਲਤ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਕਾਰਤੀ ਚਿਦੰਬਰਮ ਦੀ ਸੀਬੀਆਈ ਹਿਰਾਸਤ ਤਿੰਨ ਦਿਨ ਲਈ ਹੋਰ ਵਧਾ ਦਿੱਤੀ ਹੈ। ਕਾਰਤੀ ਚਿਦੰਬਰਮ ਦੀ ਪੰਜ ਦਿਨ ਦੀ ਸੀਬੀਆਈ ਹਿਰਾਸਤ ਦਾ ਸਮਾਂ ਪੂਰਾ ਹੋਣ 'ਤੇ ਜਾਂਚ ਏਜੰਸੀ ਨੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ। ਜਿਥੇ ਅਦਾਲਤ ਨੇ ਕਾਰਤੀ ਦੀ ਜ਼ਮਾਨਤ ਲਈ ਅਗਲੀ ਤਰੀਕ 9 ਮਾਰਚ ਪਾ ਦਿੱਤੀ ਹੈ।




A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਸ੍ਰੀ ਗੁਰੂ ਰਵਿਦਾਸ ਜੀ ਦਾ 641 ਵਾਂ ਗੁਰਪੁਰਬ ਭਾਰੀ ਸਰਧਾ ਨਾਲ ਮਨਾਇਆ

## ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਸ਼ਾਨਦਾਰ ਸਮਾਗਮ 'ਚ ਗੁਰਮਤ ਵਿਚਾਰਾਂ ਤੇ ਕੀਰਤਨ







**ਫਰਿਜ਼ਨੋ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸਮੁੱਚੇ ਭਾਰਤ ਦੀ ਸੰਸਕ੍ਰਿਤੀ ਅੰਦਰ ਮਿਹਨਤਕਸ਼ਾਂ ਦੇ ਮਸੀਹਾਂ ਅਤੇ ਗੁਲਾਮ ਸਾਮਰਾਜ ਵਿਰੁੱਧ ਆਵਾਜ਼ ਉਠਾਉਣ ਵਾਲੇ ਕ੍ਰਾਂਤੀਕਾਰੀ ਸ੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ 641 ਵਾਂ ਗੁਰਪੁਰਬ ਸ੍ਰੀ ਗੁਰੂ ਰਵਿਦਾਸ ਟੈਂਪਲ, ਚੈਰੀ ਐਵਨਿਉ, ਫਰਿਜ਼ਨੋ ਵਿਖੇ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰੂਹਾਨੀ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ ਜਿਸ ਵਿੱਚ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਅਤੇ ਕੀਰਤਨੀ ਜਥੇ ਤੋਂ ਇਲਾਵਾ ਬਹੁਤ ਸਾਰੇ ਕੀਰਤਨੀ ਜੱਥਿਆਂ ਨੇ ਗੁਰਮਤਿ ਵਿਚਾਰਾਂ ਅਤੇ ਕੀਰਤਨ ਰਾਹੀਂ ਹਾਜ਼ਰੀ ਭਰੀ। ਉੱਘੇ ਢਾਡੀ ਗੁਰਨਾਮ ਸਿੰਘ ਭੰਡਾਲ ਸਾਥੀਆਂ ਨੇ ਢਾਡੀ ਵਾਰਾਂ ਰਾਹੀਂ ਗੁਰੂ ਜੀ ਦੀ ਮਹਿਮਾ ਅਤੇ ਇਤਿਹਾਸ ਸਰਵਨ ਕਰਵਾਇਆ। ਰਾਜ ਬਰਾੜ ਯਮਲਾ ਨੇ ਗੁਰੂ ਦੀ ਮਹਿਮਾ ਵਿੱਚ ਗੀਤ ਗਾਏ। ਵਿਸ਼ੇਸ਼ ਤੌਰ ਬੱਚਿਆਂ ਦੇ ਕੀਰਤਨ ਗਰੁੱਪਾਂ ਵਿੱਚ ਇੰਦਰਜੀਤ ਸਿੰਘ ਅਤੇ ਅਮਨਜੋਤ ਸਿੰਘ ਤੋਂ ਇਲਾਵਾ ਹੋਰ ਬੱਚਿਆਂ ਨੇ ਕੀਰਤਨ ਦੀ ਹਾਜ਼ਰੀ ਭਰੀ। ਸਮਾਗਮ ਦੌਰਾਨ ਸਮੁੱਚੇ ਅਮਰੀਕਾ ਤੋਂ ਪਹੁੰਚੇ ਵੱਖ-ਵੱਖ ਗੁਰੂਘਰਾਂ ਦੇ ਪ੍ਰਤੀਨਿਧੀਆਂ ਨੇ ਸਟੇਜ ਤੋਂ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹੋਏ ਵਿਚਾਰਾਂ ਦੀ ਸਾਂਝ ਪਾਈ। ਗੁਰੂ ਘਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਬਾਹਰਲੇ ਗੁਰੂ ਘਰਾਂ ਤੋਂ ਆਏ ਬੁਲਾਰਿਆਂ ਅਤੇ ਸਥਾਨਿਕ ਸੇਵਾਦਾਰਾਂ ਨੂੰ ਧਾਰਮਿਕ ਅਤੇ ਭਾਈਚਾਰਕ ਸੇਵਾਵਾ ਬਦਲੇ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਕ ਦੀ ਸੇਵਾ ਭਾਈ ਅਮਰਜੀਤ ਸਿੰਘ ਦਰੌਚ ਨੇ ਨਿਭਾਈ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਤਿੰਨੇ ਦਿਨ ਸ਼ਾਮ ਦੇ ਦੀਵਾਨ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਿਆ। ਗੁਰੂ ਘਰ ਵਿੱਚ ਲੱਗੇ ਵੱਖ-ਵੱਖ ਸਟਾਲ ਅਤੇ ਦੁਕਾਨਾਂ ਮੇਲੇ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਪ੍ਰਬੰਧਕਾਂ ਅਤੇ ਸੰਗਤ ਨੇ ਗੁਰੂਘਰ ਅੰਦਰ ਇਤਿਹਾਸਕ ਲਾਇਬ੍ਰੇਰੀ ਦੀ ਸਥਾਪਨਾ 'ਤੇ ਵੀ ਖ਼ੁਸ਼ੀ ਪ੍ਰਗਟਾਈ ਤਾਂ ਜੋ ਨਵੀਂ ਪੀੜੀ ਦੇ ਬੱਚੇ ਅਤੇ ਹੋਰ ਸੰਗਤ ਇਨ੍ਹਾਂ ਪੁਸਤਕਾ ਰਾਹੀਂ ਗਿਆਨ ਪ੍ਰਾਪਤ ਕਰ ਸਕੇ। ਗੁਰੂਘਰ ਵਿੱਚ ਸੰਗਤਾਂ ਦੀ ਸਹੂਲਤ ਲਈ ਫਰੀ ਮੈਡੀਕਲ ਚੈੱਕਅੱਪ ਕੈਂਪ ਵੀ ਲਾਇਆਂ ਗਆ ਸੀ। ਇਸ ਸਮਾਗਮ ਦੀ ਹਮੇਸਾ ਵਾਂਗ ਇਹ ਵਿਸ਼ੇਸ਼ ਮਹਾਨਤਾ ਰਹੀ ਕਿ ਜਾਤ-ਪਾਤ ਦੇ ਵਿਤਕਰੇ ਤੋਂ ਉਪਰ ਉੱਠ ਕੇ ਸਮੁੱਚੇ ਪੰਜਾਬੀ ਭਾਈਚਾਰੇ ਨੇ ਬਹੁਗਿਣਤੀ ਵਿੱਚ ਹਾਜ਼ਰੀਆਂ ਭਰਦੇ ਹੋਏ ਬਹੁਤ ਹੀ ਸਰਧਾ ਅਤੇ ਸਦਭਾਵਨਾ ਨਾਲ ਮਨਾਇਆ।

# ਅਮਰੀਕੀ ਪੰਜਾਬੀ ਕਵੀਆਂ ਵਲੋਂ ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਵਿਖੇ ਧਾਰਮਿਕ ਕਵੀ ਦਰਬਾਰ



**ਟਰੇਸੀ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵਲੋਂ 'ਜੈਤੋ ਦਾ ਮੋਰਚਾ' ਅਤੇ ਸਾਕਾ ਨਨਕਾਣਾ ਸਾਹਿਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਦਮਦਮੀ ਟਕਸਾਲ 16101, ਟਰੇਸੀ ਕੈਲੀਫੋਰਨੀਆ, 95304 ਵਿਖੇ ਸਜਾਇਆ ਗਿਆ। ਸ਼ਾਇਰ ਪਰਮਿੰਦਰ ਸਿੰਘ ਪਰਵਾਨਾ ਨੇ ਸ਼ੁਰੂਆਤ ਕਰਦਿਆਂ ਇਤਿਹਾਸ 'ਤੇ ਸੰਖੇਪ ਝਾਤ ਪਾਈ।

ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਦੇ ਸ਼ਹੀਦਾਂ ਨੂੰ ਸਤਿਕਾਰ ਭੇਂਟ ਕਰਕੇ ਯਾਦ ਰੱਖਣਾ ਸਾਡੀ ਕੌਮ ਦਾ ਇਖ਼ਲਾਕੀ ਫਰਜ਼ ਹੈ। ਜਿਨਾਂ ਨੇ ਘੱਲੂਘਾਰਿਆਂ ਅਤੇ ਮੋਰਚਿਆਂ ਵਿਚ ਗੁਰਦੁਆਰਾ ਇਤਿਹਾਸ ਅਤੇ ਵਿਰਸੇ ਨੂੰ ਬਚਾਉਣ ਲਈ ਆਪਾ ਕੁਰਬਾਨ ਕੀਤਾ ਹੈ। 'ਜੈਤੋ ਦਾ ਮੋਰਚਾ' ਵੀ ਇਤਿਹਸ ਵਿਚ ਵਿਲੱਖਣ ਸਥਾਨ ਰੱਖਦਾ ਹੈ। ਇਹ ਮੋਰਚਾ ਸਭ ਤੋਂ ਵੱਡਾ ਅਤੇ ਅਖੀਰਲਾ ਮੋਰਚਾ ਹੋ ਨਿਬੜਿਆ ਹੈ, ਜਿਸ ਦੀਆਂ ਕੁਰਬਾਨੀਆਂ ਨੇ ਧਰਮ 'ਤੇ ਦ੍ਰਿੜ ਰਹਿਣ ਦਾ ਸੰਦੇਸ਼ ਦਿਤਾ ਹੈ ਅਤੇ ਸਵੈ ਆਜ਼ਾਦੀ ਲਈ ਮਰ ਮਿਟਣ ਦਾ ਮਾਰਗ ਦਰਸ਼ਨ ਕੀਤਾ ਹੈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਮਹਿੰਦਰ ਸਿੰਘ ਰਾਜਪੂਤ, ਪਰਮਿੰਦਰ ਸਿੰਘ ਪ੍ਰਵਾਨਾ ਨੇ ਵੱਖ ਵੱਖ ਸ਼ਹੀਦੀ ਸਾਕਿਆਂ 'ਤੇ ਕਵਿਤਾਵਾਂ ਕਹੀਆਂ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਭਾਈ ਦੀਪ ਸਿੰਘ ਅਤੇ ਪ੍ਰਬੰਧਕਾਂ ਦਾ ਪੂਰਨ ਸਹਿਯੋਗ ਰਿਹਾ। ਕਵੀਆਂ ਦੇ ਸਨਮਾਨ ਵਿਚ ਬੋਲਦਿਆਂ ਸ੍ਰੀ ਪ੍ਰਵਾਨਾ ਨੇ ਕਿਹਾ ਕਿ ਇਨਾਂ ਕਵੀਆਂ ਦਾ ਹਮੇਸ਼ਾ ਸਤਿਕਾਰ ਹੁੰਦਾ ਹੈ ਜੋ ਸਮੇਂ ਸਮੇਂ ਗੁਰਦੁਆਰਾ ਸਾਹਿਬ ਵਿਚ ਆ ਕੇ ਧਾਰਮਿਕ ਕਵੀ ਦਰਬਾਰ ਸਜਾਉਂਦੇ ਹਨ ਅਤੇ ਸੰਗਤਾਂ ਨੂੰ ਆਪਣੇ ਧਰਮ, ਵਿਰਸੇ, ਬੋਲੀ ਅਤੇ ਇਤਿਹਾਸ ਨਾਲ ਜੋੜਦੇ ਹਨ।

ਉਪਰੰਤ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਨਾਲ ਕਵੀਆਂ ਨੂੰ ਨਿਵਾਜਿਆ ਗਿਆ




# ਕਾਂਗਰਸ ਰਾਜ ’ਚ ਵੀ ਊਰੀ ਵਾਂਗ ਘੁਕਦੀਆਂ ਨੇ ਬਾਦਲਾਂ ਦੀਆਂ ਬੱਸਾਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਸੱਤਾ ਤੋਂ ਬਾਹਰ ਰਹਿਣ ਦੇ ਬਾਵਜੂਦ ਬਾਦਲ ਪਰਿਵਾਰ ਦਾ ਟਰਾਂਸਪੋਰਟ ਕਾਰੋਬਾਰ ਲਗਾਤਾਰ ਵਧਦਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਵੇਲੇ ਕਾਂਗਰਸ ਵੱਲੋਂ ਅਕਸਰ ਟਰਾਂਸਪੋਰਟ ‘ਤੇ ਕਬਜ਼ੇ ਦੇ ਦੋਸ਼ ਲਾਏ ਜਾਂਦੇ ਸਨ ਅਤੇ ਵਿਧਾਨ ਸਭਾ ਚੋਣਾਂ ‘ਚ ਇਹ ਮੁੱਦਾ ਵੀ ਉਭਰਿਆ ਸੀ। ਆਮ ਆਦਮੀ ਪਾਰਟੀ ਨੇ ਬਾਦਲਾਂ ਦੇ ਟਰਾਂਸਪੋਰਟ ਕਾਰੋਬਾਰ ਨੂੰ ਵੱਡੇ ਪੱਧਰ ‘ਤੇ ਉਠਾਇਆ ਸੀ। ਜਾਣਕਾਰੀ ਮੁਤਾਬਕ ਕਰੀਬ ਇਕ ਸਾਲ ਸੱਤਾ ਤੋਂ ਬਾਹਰ ਰਹਿਣ ਮਗਰੋਂ ਵੀ ਬਾਦਲਾਂ ਦੀਆਂ ਬੱਸਾਂ ਦੀ ਗਿਣਤੀ ‘ਚ ਵਾਧਾ ਹੋ ਰਿਹਾ ਹੈ। ਸੂਤਰਾਂ ਮੁਤਾਬਕ ਉਨ੍ਹਾਂ ਇਕ ਕੰਪਨੀ ਦੇ ਸਾਰੇ ਬੱਸ ਪਰਮਿਟ ਆਪਣੇ ਕੰਟਰੋਲ ‘ਚ ਲੈ ਲਏ ਹਨ ਜਦਕਿ ਤਿੰਨ ਹੋਰ ਟਰਾਂਸਪੋਰਟਾਂ ਦੇ ਪਰਮਿਟ ਹਾਸਲ ਕਰਨ ਲਈ ਗੱਲਬਾਤ ਅੰਤਮ ਦੌਰ ‘ਚ ਹੋਣਾ ਮੰਨਿਆ ਜਾ ਰਿਹਾ ਹੈ। ਕੁੱਲ ਮਿਲਾ ਕੇ ਬਾਦਲ ਪਰਿਵਾਰ ਦੀ ਮਾਲਕੀ ਵਾਲੀਆਂ ਕੰਪਨੀਆਂ ‘ਚ ਕਰੀਬ 40 ਹੋਰ ਬੱਸਾਂ ਜੁੜਨ ਜਾ ਰਹੀਆਂ ਹਨ। ਬਾਦਲ ਪਰਿਵਾਰ ਦੀ ਮਾਲਕੀ ਵਾਲੀਆਂ ਕੰਪਨੀਆਂ ਦੇ ਮੈਨੇਜਰ ਭਾਵੇਂ ਖਾਮੋਸ਼ ਹਨ ਪਰ ਡੀਐਮਐਸ ਬੱਸ ਟਰਾਂਸਪੋਰਟ ਕੰਪਨੀ ਦੇ ਮਾਲਕ ਅਮਰਜੀਤ ਸਮਰਾ (ਜਲੰਧਰ ਤੋਂ ਸਾਬਕਾ ਕਾਂਗਰਸ ਮੰਤਰੀ) ਨੇ ਸੌਦਿਆਂ ਦੀ ਤਸਦੀਕ ਕੀਤੀ ਹੈ। ਸ੍ਰੀ ਸਮਰਾ ਨੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਬਾਦਲਾਂ ਨੂੰ ਸਾਰੀਆਂ 14 ਬੱਸਾਂ ਦੇ ਪਰਮਿਟ ਵੇਚ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਛੋਟੇ ਟਰਾਂਸਪੋਰਟਰਾਂ ਲਈ ਹੁਣ ਇਹ ਮੁਨਾਫ਼ੇ ਵਾਲਾ ਕਾਰੋਬਾਰ ਨਹੀਂ ਰਿਹਾ। ਉਂਜ ਉਨ੍ਹਾਂ ਪ੍ਰਿੰਸ ਬੱਸ ਸਰਵਿਸ ਦੀਆਂ ਬੱਸਾਂ ਦੇ ਸੌਦੇ ਤੋਂ ਇਨਕਾਰ ਕਰ ਦਿੱਤਾ ਜਿਸ ‘ਚ ਪਰਿਵਾਰ ਦੀ ਹੋਰ ਟਰਾਂਸਪੋਰਟਰ ਨਾਲ ਹਿੱਸੇਦਾਰੀ ਹੈ। ਇਸੇ ਤਰ੍ਹਾਂ ਮਾਨਸਾ ਆਧਾਰਿਤ ਪੰਜਾਬ ਬੱਸ ਸਰਵਿਸ ਅਤੇ ਲਾਡੀ ਟਰਾਂਸਪੋਰਟ ਤੇ ਜਲੰਧਰ ਆਧਾਰਿਤ ਰਾਜਦੀਪ ਟਰਾਂਸਪੋਰਟ ਨੇ ਵੀ ਸੌਦਿਆਂ ਦੀ ਗੱਲਬਾਤ ਹੋਣ ਤੋਂ ਇਨਕਾਰ ਕੀਤਾ ਹੈ। ਉਧਰ ਇਨ੍ਹਾਂ ਕੰਪਨੀਆਂ ਦੇ ਕੁਝ ਅਪਰੇਟਰਾਂ ਅਤੇ ਮੈਨੇਜਰਾਂ ਨੇ ਖ਼ੁਲਾਸਾ ਕੀਤਾ ਹੈ ਕਿ ਉਹ ਆਪਣੇ ‘ਨਵੇਂ ਮਾਲਕਾਂ’ ਨੂੰ ਰਿਪੋਰਟ ਦੇ ਰਹੇ ਹਨ। ਪੰਜਾਬ ਬੱਸ ਸਰਵਿਸ ਦੇ ਤੇਜਾ ਸਿੰਘ ਨੇ ਆਪਣੀਆਂ ਬੱਸਾਂ ਦੀ ਵਿਕਰੀ ਦੀਆਂ ਰਿਪੋਰਟਾਂ ਨੂੰ ਅਫ਼ਵਾਹ ਕਰਾਰ ਦਿੱਤਾ। ਟਰਾਂਸਪੋਰਟ ਗਜ਼ਟ ਵੀਕਲੀ ਨੇ ਆਪਣੇ ਪਿਛਲੇ ਹਫ਼ਤੇ ਦੇ ਅੰਕ ‘ਚ ਇਨ੍ਹਾਂ ਸੌਦਿਆਂ ਬਾਰੇ ਵਿਸਥਾਰਤ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਸੂਤਰਾਂ ਮੁਤਾਬਕ




ਸੌਦਾ ਤਾਂ ਹੀ ਸਿਰੇ ਚੜ੍ਹੇਗਾ ਜਦੋਂ ਪੂਰੀ ਰਕਮ ਦੀ ਅਦਾਇਗੀ ਹੋ ਜਾਵੇਗੀ। ਨਿਯਮਾਂ ਤਹਿਤ ਬੱਸ ਰੂਟ ਪਰਮਿਟਾਂ ਦੀ ਮਾਲਕੀ ‘ਚ ਬਦਲਾਅ ਦਾ ਨੋਟੀਫਿਕੇਸ਼ਨ ਅਖ਼ਬਾਰਾਂ ‘ਚ ਪ੍ਰਕਾਸ਼ਿਤ ਕਰਨਾ ਪੈਂਦਾ ਹੈ ਅਤੇ ਸਾਰੇ ਨੋਟੀਫਿਕੇਸ਼ਨ ਟਰਾਂਸਪੋਰਟ ਗਜ਼ਟ ‘ਚ ਛਾਪੇ ਜਾਂਦੇ ਹਨ। ਇਨ੍ਹਾਂ ਕਥਿਤ ਸੌਦਿਆਂ ਨੇ ਛੋਟੇ ਟਰਾਂਸਪੋਰਟਰਾਂ ਨੂੰ ਫਿਕਰਾਂ ‘ਚ ਪਾ ਦਿੱਤਾ ਹੈ। ਮਿੰਨੀ ਬੱਸ ਆਪਰੇਟਰਜ਼ ਯੂਨੀਅਨ ਦੇ ਪ੍ਰਧਾਨ ਜੇ ਐਸ ਗਰੇਵਾਲ ਨੇ ਚੋਣਵੀਆਂ ਕੰਪਨੀਆਂ ਦੇ ਵਧਦੇ ਬੱਸ ਟਰਾਂਸਪੋਰਟ ਧੰਦੇ ਦੀ ਸੀਬੀਆਈ ਜਾਂਚ ਮੰਗੀ ਹੈ। ਉਨ੍ਹਾਂ ਕਿਹਾ,“ਜ਼ਿਆਦਾਤਰ ਟਰਾਂਸਪੋਰਟਰਜ਼ ਨੂੰ ਨੁਕਸਾਨ ਝਲਣਾ ਪੈ ਰਿਹਾ ਹੈ ਪਰ ਫਿਰ ਵੀ ਕੁਝ ਦਾ ਕਾਰੋਬਾਰ ਵਧ-ਫੁਲ ਰਿਹਾ ਹੈ।“ ਉਨ੍ਹਾਂ ਕਾਂਗਰਸ ਸਰਕਾਰ ‘ਤੇ ਨਵੀਂ ਟਰਾਂਸਪੋਰਟ ਨੀਤੀ ਲਿਆਉਣ ‘ਚ ਦੇਰੀ ਦਾ ਦੋਸ਼ ਲਾਇਆ। ਸ੍ਰੀ ਗਰੇਵਾਲ ਨੇ ਕਿਹਾ ਕਿ ਕਾਂਗਰਸ ਨੇ ਸਾਰੇ ਟਰਾਂਸਪੋਰਟਰਾਂ ਨੂੰ ਇਕਸਾਰ ਮੌਕਾ ਦੇਣ ਦਾ ਵਾਅਦਾ ਕੀਤਾ ਸੀ ਪਰ ਹਕੀਕਤ ‘ਚ ਕੋਈ ਫਰਕ ਦਿਖਾਈ ਨਹੀਂ ਦੇ ਰਿਹਾ। ‘ਉਹ ਨਵੀਂ ਟਰਾਂਸਪੋਰਟ ਨੀਤੀ ਲਿਆਉਣ ‘ਚ ਨਾਕਾਮ ਰਹੇ ਜਿਸ ਕਾਰਨ ਕੁਝ ਟਰਾਂਸਪੋਰਟਰ ਮੁਨਾਫ਼ਾ ਖੱਟ ਰਹੇ ਹਨ। ਕਈ ਹੋਰ ਟਰਾਂਸਪੋਰਟਰਾਂ ਅਤੇ ਯੂਨੀਅਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਬਾਦਲਾਂ ਦੀ ਮਾਲਕੀ ਵਾਲੀਆਂ ਟਰਾਂਸਪੋਰਟ ਕੰਪਨੀਆਂ ਨੂੰ ਬੱਸ ਟਾਈਮ ਟੇਬਲ ‘ਚ ਵੀ ਲਾਹਾ ਮਿਲਦਾ ਹੈ ਜਿਥੇ ਉਨ੍ਹਾਂ ਦੀਆਂ ਬੱਸਾਂ ਨੂੰ ਅੱਡਿਆਂ ‘ਤੇ 10 ਮਿੰਟ ਤਕ ਰੁਕਣ ਦਾ ਸਮਾਂ ਮਿਲਦਾ ਹੈ। ਨਾਮ ਨਾ ਪ੍ਰਕਾਸ਼ਿਤ ਕਰਨ ਦੀ ਸ਼ਰਤ ‘ਤੇ ਉਨ੍ਹਾਂ ਕਿਹਾ ਕਿ ਇਸ ਨਾਲ ਹੋਰ ਟਰਾਂਸਪੋਰਟਰਾਂ ਨੂੰ ਨੁਕਸਾਨ ਹੁੰਦਾ ਹੈ ਕਿਉਂਕਿ ਉਨ੍ਹਾਂ ਨੂੰ ਦੋ ਮਿੰਟ ਤੋਂ ਵਧ ਬੱਸਾਂ ਖੜ੍ਹਾਉਣ ਦਾ ਸਮਾਂ ਤਕ ਨਹੀਂ ਮਿਲਦਾ ਅਤੇ ਸਾਰੇ ਮੁਸਾਫ਼ਰ ਉਹ ਪਹਿਲਾਂ ਹੀ ਲੈ ਜਾਂਦੇ ਹਨ।

## ਬਾਦਲਾਂ ਨੇ ਹਿਮਾਚਲ ’ਚ ਵੀ ਬੱਸਾਂ ਦੇ ਕਾਰੋਬਾਰ ਉੱਤੇ ਕੀਤਾ ਕਬਜ਼ਾ

**ਧਰਮਸਾਲਾ/ਬਿਊਰੋ ਨਿਊਜ਼:** ਪੰਜਾਬ ਵਿੱਚ ਟਰਾਂਸਪੋਰਟ ਦੇ ਵਪਾਰ ਵਿੱਚ ਕਾਮਯਾਬੀ ਦੇ ਨਾਲ ਨਾਲ ਬਾਦਲਾਂ ਨੇ ਹੁਣ ਹਿਮਾਚਲ ਵਿੱਚ ਵੀ ਆਪਣਾ ਕਾਰੋਬਾਰ ਭਖਾ ਲਿਆ ਹੈ। ਇਥੋਂ ਦੀ ਇੰਡੋ ਕੈਨੇਡੀਅਨ ਕੰਪਨੀ ਦੇ ਸੂਤਰਾਂ ਅਨੁਸਾਰ ਬਾਦਲ ਪਰਿਵਾਰ ਦੀਆਂ ਰੋਜ਼ਾਨਾ ਹਿਮਾਚਲ ਤੋਂ ਦਿੱਲੀ ਲਈ ਕਈ ਛੋਟੀਆਂ ਤੇ ਦਰਮਿਆਨੀਆਂ ਵਾਲਵੋ ਬੱਸਾਂ ਚੱਲ ਰਹੀਆਂ ਹਨ। ਮੈਟਰੋ ਈਕੋ ਗਰੀਨ ਰਿਜ਼ੋਰਟਸ ਲਿਮਟਿਡ ਨੇ ਇਥੇ ਕਈ ਟਰਾਂਸਪੋਰਟ ਫਰਮਾਂ ਜਿਵੇਂ ਸਵਾਗਤਮ, ਲਕਸ਼ਮੀ ਹਾਲੀਡੇਅ, ਨਾਰਦਰਨ ਟ੍ਰੈਵਲਜ਼, ਲੀਓ ਟ੍ਰੈਵਲਜ਼, ਤਨਿਸ਼ਕ ਟ੍ਰੈਵਲਜ਼ ਅਤੇ ਅਪਸਰਾ ਟ੍ਰੈਵਲਜ਼ ਖਰੀਦ ਲਈਆਂ ਹਨ। ਇਨ੍ਹਾਂ ਕੰਪਨੀਆਂ ਵੱਲੋਂ ਰੋਜ਼ਾਨਾ ਚਾਰ ਤੋਂ ਵੀਹ ਬੱਸਾਂ ਮਨਾਲੀ, ਧਰਮਸਾਲਾ ਅਤੇ ਦਿੱਲੀ ਨੂੰ ਚਲਾਈਆਂ ਜਾ ਰਹੀਆਂ ਹਨ। ਚੋਣਾਂ ਦੌਰਾਨ ਦਿੱਤੇ ਹਲਫ਼ਨਾਮੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਮੈਟਰੋ ਗ੍ਰੀਨ ਰਿਜ਼ੋਰਟ ਲਿਮਟਿਡ ਦੇ ਭਾਈਵਾਲ ਹਨ। ਸਵਾਗਤਮ ਟ੍ਰੈਵਲਜ਼ ਦੇ ਮਾਲਕ ਜੋਗਿੰਦਰਪਾਲ ਸ਼ਰਮਾ ਨੇ ਮੰਨਿਆ ਕਿ ਉਨ੍ਹਾਂ ਆਪਣੀ ਕੰਪਨੀ ਈਕੋ ਗ੍ਰੀਨ ਰਿਜ਼ਾਰਟਸ ਲਿਮਟਿਡ ਨੂੰ ਵੇਚ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਉਮਰ 70 ਸਾਲ ਹੈ ਤੇ ਪਰਿਵਾਰ ਵਿੱਚ ਉਨ੍ਹਾਂ ਤੋਂ ਬਾਅਦ ਇਸ ਕਾਰੋਬਾਰ ਨੂੰ ਅੱਗੇ ਤੋਰਨ ਲਈ ਕੋਈ ਮੈਂਬਰ ਨਹੀਂ ਸੀ। ਉਨ੍ਹਾਂ ਕਿਹਾ ਕਿ ਕੰਪਨੀ ਨੂੰ ਵੇਚਣ ਦੇ ਉਨ੍ਹਾਂ ਨੂੰ ਚੰਗੇ ਦਾਮ ਮਿਲੇ ਹਨ। ਲਕਸ਼ਮੀ ਹਾਲੀਡੇਅ ਕੰਪਨੀ ਦੇ ਮਾਲਕ ਆਨੰਦ ਅਗਰਵਾਲ ਨੇ ਕਿਹਾ ਕਿ ਉਨ੍ਹਾਂ ਆਪਣੀ ਕੰਪਨੀ ਬਾਦਲਾਂ ਨੂੰ ਵੇਚ ਦਿੱਤੀ ਹੈ ਤੇ ਇਸ ਲਈ ਉਨ੍ਹਾਂ ‘ਤੇ ਕੋਈ ਦਬਾਅ ਨਹੀਂ ਸੀ। ਪ੍ਰੰਤੂ ਸੂਤਰਾਂ ਦਾ ਕਹਿਣਾ ਹੈ ਕਿ ਮਾਲਕਾਂ ਕੋਲੋਂ ਇਹ ਹਲਫਨਾਮਾ ਲਿਆ ਗਿਆ ਹੈ ਕਿ ਉਹ ਹੁਣ ਇਸ ਵਪਾਰ ਵਿੱਚ ਦੁਬਾਰਾ ਨਹੀਂ ਆਉਣੀ। ਹਿਮਾਚਲ ਦੇ ਟਰਾਂਸਪੋਰਟ ਮੰਤਰੀ ਨੇ ਇਸ ਸਬੰਧੀ ਕੋਈ ਟਿੱਪਣੀ ਕਰਨ ਤੋਂ ਇਨਕਾਰ ਕੀਤਾ ਹੈ।

## ਦਲਿਤ ਹਿੰਦੂ ਔਰਤ ਨੇ ਪਾਕਿਸਤਾਨ ਸੈਨੇਟ ਦੀ ਚੋਣ ਜਿੱਤੀ

**ਕਰਾਚੀ/ਬਿਊਰੋ ਨਿਊਜ਼:** ਪਾਕਿਸਤਾਨ ਪੀਪਲਜ਼ ਪਾਰਟੀ ਦੀ ਟਿਕਟ ਉੱਤੇ ਸੂਬਾ ਸਿੰਧ ਵਿੱਚੋਂ ਇੱਕ ਹਿੰਦੂ ਔਰਤ ਕ੍ਰਿਸ਼ਨਾ ਕੁਮਾਰੀ ਕੋਹ੍ਲੀ ਨੂੰ ਪਾਕਿਸਤਾਨ ਸੈਨੇਟ ਦੀ ਮੈਂਬਰ ਚੁਣੇ ਜਾਣ ਦਾ ਮਾਣ ਹਾਸਲ ਹੋਇਆ ਹੈ। ਉਹ ਪਹਿਲੀ ਦਲਿਤ ਹਿੰਦੂ ਔਰਤ ਹੈ, ਜੋ ਦੇਸ਼ ਦੀ ਸੈਨੇਟ ਮੈਂਬਰ ਚੁਣੀ ਗਈ ਹੈ। ਇਹ ਪ੍ਰਗਟਾਵਾ ਪਾਕਿਸਤਾਨ ਪੀਪਲਜ਼ ਪਾਰਟੀ ਨੇ ਕੀਤਾ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਸੰਵਿਧਾਨ ਅਨੁਸਾਰ ਕੋਹਲੀ ਘੱਟ ਗਿਣਤੀ ਨੂੰ ਅਨੁਸੂਚਿਤ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਕ੍ਰਿਸ਼ਨਾ ਕੁਮਾਰੀ (39 ਸਾਲ) ਸੂਬਾ



ਸਿੰਧ ਦੇ ਨਗਰਪਾਰਕਰ ਦੇ ਦੂਰ-ਦਰਾਜ ਪਿੰਡ ਧਾਨਾ ਗਾਂਵ ਦੀ ਵਸਨੀਕ ਹੈ ਤੇ ਬਿਲਾਵਲ ਭੁੱਟੋ ਜ਼ਰਦਾਰੀ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਦੀ ਮੈਂਬਰ ਹੈ। ਸ੍ਰੀਮਤੀ ਕੋਹਲੀ ਦੀ ਚੋਣ ਉੱਤੇ ਟਿੱਪਣੀ ਕਰਦਿਆਂ ਬਿਲਾਵਲ ਭੁੱਟੋ ਨੇ ਕਿਹਾ ਕਿ ਘੱਟ ਗਿਣਤੀ ਸੀਟ ਤੋਂ ਸ੍ਰੀਮਤੀ ਕ੍ਰਿਸ਼ਨਾ ਕੋਹਲੀ ਦੀ ਚੋਣ ਇਹ ਦਰਸਾਉਂਦੀ ਹੈ ਕਿ ਦੇਸ਼ ਵਿੱਚ ਘੱਟ ਗਿਣਤੀਆਂ ਦੇ ਵੀ ਅਧਿਕਾਰ ਹਨ ਤੇ ਉਹ ਪਾਕਿਸਤਾਨ ਦੀ ਰਾਜਨੀਤੀ ਵਿੱਚ ਅਹਿਮ ਰੋਲ ਨਿਭਾਅ ਸਕਦੀਆਂ ਹਨ। ਸ੍ਰੀਮਤੀ ਨੇ ਕੋਹਲੀ ਨੇ ਆਪਣੀ ਚੋਣ ਉੱਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਾਰਟੀ ਨੇ ਉਸਦੇ ਵਿੱਚ ਵਿਸ਼ਵਾਸ ਪ੍ਰਗਟਾਇਆ ਹੈ, ਇਸ ਦੇ ਲਈ ਉਹ ਧੰਨਵਾਦੀ ਹੈ। ਉਨ੍ਹਾਂ ਕਿਹਾ ਕਿ ਉਹ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦੀ ਕਾਰਕੁੰਨ ਹੈ ਤੇ ਹੁਣ ਉਹ ਹੋਰ ਵੀ ਪ੍ਰਭਾਵਸ਼ਾਲੀ ਢੰਗ ਦੇ ਨਾਲ ਘੱਟ ਗਿਣਤੀਆਂ ਖਾਸ ਤੌਰ ਉੱਤੇ ਹਿੰਦੂਆਂ ਦੀਆਂ ਸਮੱਸਿਆਵਾਂ ਨੂੰ ਸੰਸਦ ਵਿੱਚ ਉਭਾਰੇਗੀ। ਜ਼ਿਕਰਯੋਗ ਹੈ ਕਿ ਕੋਹਲੀ ਨੇ ਬੰਧੂਆ ਮਜ਼ਦੂਰ ਵਜੋਂ ਵੀ ਕੰਮ ਕੀਤਾ ਹੈ ਤੇ ਇਸ ਕਰਕੇ ਉਹ ਗਰੀਬਾਂ ਦੇ ਦੁੱਖ ਤੋਂ ਜਾਣੂ ਹੈ।

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri 9am-6pm
Saturday 9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.

# ਨਸ਼ਿਆਂ ’ਤੇ ਨਕੇਲ ਕੱਸਣ ਲਈ ਪੰਜਾਬ ਪੁਲੀਸ ਹੋਈ ਸਰਗਰਮ

## ਪੁਲਿਸ ਵੱਲੋਂ ਨਸ਼ੇ ਕਰਨ ਵਾਲਿਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਦਾ ਨਸ਼ਾ ਛੁਡਾਉ ਕੇਂਦਰ ਵਿੱਚ ਇਲਾਜ ਕਰਵਾਇਆ ਜਾਵੇਗਾ

**ਜੰਡਿਆਲਾ ਗੁਰੂ (ਪਰਗਟ ਸਿੰਘ)**-ਨਸ਼ਿਆਂ ’ਤੇ ਪੂਰੀ ਤਰ੍ਹਾਂ ਨਕੇਲ ਕੱਸਣ ਲਈ ਪੰਜਾਬ ਪੁਲਿਸ ਨੇ ਹੁਣ ਇੱਕ ਨਵੀਂ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਰਾਹੀਂ ਪੁਲਿਸ ਵੱਲੋਂ ਨਸ਼ੇ ਕਰਨ ਵਾਲਿਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਦਾ ਨਸ਼ਾ ਛੁਡਾਉ ਕੇਂਦਰ ਵਿਚ ਇਲਾਜ ਕਰਵਾਇਆ ਜਾਵੇਗਾ। ਡੀਜੀਪੀ ਪੰਜਾਬ ਦੇ ਹੁਕਮਾਂ ਅਨੁਸਾਰ ਹਰ ਜ਼ਿਲ੍ਹੇ ਦੀ ਪੁਲਿਸ ਆਮ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਨਸ਼ਾ ਕਰਨ ਵਾਲਿਆਂ ਬਾਰੇ ਜਾਣਕਾਰੀ ਇਕੱਠੀ ਕਰੇਗੀ। ਨਸ਼ਾ ਕਰਨ ਵਾਲਿਆਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ ਅਤੇ ਨੌਜਵਾਨਾਂ ਨੂੰ ਨਸ਼ੇ ਦੀ ਆਦਤ ਤੋਂ ਬਚਾਉਣ ਲਈ ਨਸ਼ਾ ਛੁਡਾਓ ਕੇਂਦਰਾਂ ਵਿਚ ਦਾਖ਼ਲ ਕਰਵਾਇਆ ਜਾਵੇਗਾ।

ਬਟਾਲਾ ਦੇ ਐਸਐਸਪੀ ਉਪਿੰਦਰਜੀਤ ਸਿੰਘ ਘੁੰਮਣ ਨੇ ਦੱਸਿਆ,“ਨਸ਼ੇ ਨੂੰ ਠੱਲ ਪਾਉਣ ਲਈ ਹਰੇਕ ਜ਼ਿਲ੍ਹੇ ਤਹਿਤ ਆਉਣ ਵਾਲੇ ਵੱਖ-ਵੱਖ ਪੁਲਿਸ ਥਾਣਿਆਂ ਵਿਚ ਤਾਇਨਾਤ 13 ਐਸਐਚਓ ਅਤੇ 4 ਡੀਐਸਪੀ ਪੱਧਰ ਦੇ ਅਧਿਕਾਰੀਆਂ ਦੀ ਇਸ ਮਕਸਦ ਲਈ ਡਿਊਟੀ ਲਗਾਈ ਗਈ ਹੈ।”



“ਇਨ੍ਹਾਂ ਵੱਲੋਂ ਜਨਤਕ ਥਾਵਾਂ ’ਤੇ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਜਾਵੇਗੀ ਅਤੇ ਨਸ਼ਾ ਕਰਨ ਵਾਲਿਆਂ ਬਾਰੇ ਜਾਣਕਾਰੀ ਇਕੱਠੀ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।”

ਸਿਵਲ ਹਸਪਤਾਲ ਬਟਾਲਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਸੰਜੀਵ ਭੱਲਾ ਦਾ ਕਹਿਣਾ ਹੈ,“ਹੁਣ ਤੱਕ ਪੁਲਿਸ ਵੱਲੋਂ ਸਿਵਲ ਹਸਪਤਾਲ ਬਟਾਲਾ ਦੇ ਨਸ਼ਾ ਮੁਕਤੀ ਕੇਂਦਰ ਵਿਚ ਕੋਈ ਅਜਿਹਾ ਨੌਜਵਾਨ ਇਲਾਜ ਲਈ ਨਹੀਂ ਦਾਖ਼ਲ ਕਰਵਾਇਆ ਗਿਆ ਜੋ ਨਸ਼ੇ ਦੀ ਗ੍ਰਿਫ਼ਤ ਵਿਚ ਹੋਵੇ।”

ਉਹਨਾਂ ਆਖਿਆ, “ਜੇ ਕੋਈ ਨੌਜਵਾਨ ਆਵੇਗਾ ਤਾਂ ਉਸ ਦਾ ਚੰਗੀ ਤਰ੍ਹਾਂ ਇਲਾਜ ਕੀਤਾ ਜਾਵੇਗਾ ਪਰ ਇਲਾਜ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੋਵੇਗਾ ਕਿ ਉਹ ਕਿਹੜੇ ਕਾਰਨਾਂ ਕਰਕੇ ਨਸ਼ੇ ਦੀ ਦਲਦਲ ਵਿਚ ਫਸਿਆ ਹੈ।”

ਜ਼ਿਲਾ ਗੁਰਦਾਸਪੁਰ ਦੇ ਰੈੱਡ ਕਰਾਸ ਨਸ਼ਾ ਛੁਡਾਓ ਕੇਂਦਰ ਦੇ ਪ੍ਰੋਜੈਕਟ ਦੇ ਡਾਇਰੈਕਟਰ ਰਮੇਸ਼ ਮਹਾਜਨ ਨੇ ਜਿੱਥੇ ਇਸ ਮੁਹਿੰਮ ਨੂੰ ਇੱਕ ਚੰਗਾ ਕਦਮ ਦੱਸਿਆ ਉਥੇ ਹੀ ਉਹਨਾਂ ਨੇ ਜਾਣਕਾਰੀ ਦਿੱਤੀ ਕਿ ਹੁਣ ਤੱਕ ਪੁਲਿਸ ਵੱਲੋਂ ਇੱਥੇ ਕੋਈ ਵੀ ਅਜਿਹਾ ਮਰੀਜ਼ ਨਹੀਂ ਭੇਜਿਆ ਗਿਆ ਹੈ। ਉਨ੍ਹਾਂ ਕਿਹਾ,“ਨਸ਼ਾ ਛਡਾਉਣ ਲਈ ਮਰੀਜ਼ ਨੂੰ ਸੈਂਟਰ ਵਿੱਚ ਸਿਰਫ਼ ਇਲਾਜ ਲਈ ਦਾਖ਼ਲ ਕਰਵਾਉਣਾ ਕਾਫੀ ਨਹੀਂ ਹੈ। ਨਸ਼ੇ ਕਰਨ ਵਾਲੇ ਦੀ ਨਸ਼ਾ ਛੱਡਣ ਲਈ ਇੱਛਾ ਸ਼ਕਤੀ ਵੀ ਜ਼ਰੂਰੀ ਹੈ।”

### ਵਕੀਲਾਂ ਦੀ ਰਾਏ ਵੱਖਰੀ

ਇਸ ਮਾਮਲੇ ਵਿੱਚ ਵਕੀਲਾਂ ਦੀ ਰਾਏ ਕਾਨੂੰਨੀ ਪੱਖ ਤੋਂ ਕੁਝ ਵੱਖਰੀ ਹੈ। ਵਕੀਲ ਵਿਨੋਦ ਬਾਸਾ ਅਤੇ ਸਤਿੰਦਰਪਾਲ ਸਿੰਘ ਮੁਤਾਬਕ,“ਨਸ਼ਾ ਤਸਕਰੀ ਕਰਨ ਵਾਲੇ ਜਾਂ ਨਸ਼ੇ ਦੀ ਵਰਤੋਂ ਕਰਨ ਵਾਲੇ ਨੂੰ ਕਾਬੂ ਕਰਨ ਲਈ ਪੰਜਾਬ ਪੁਲਿਸ ਲੋਕਾਂ ਤੋਂ ਜਾਣਕਾਰੀ ਇਕੱਠੀ ਕਰੇ, ਉਹ ਗ਼ਲਤ ਨਹੀਂ ਹੈ ਪਹਿਲਾਂ ਵੀ ਅਜਿਹਾ ਹੁੰਦਾ ਰਿਹਾ ਹੈ।”

“ਪਰ ਕਿਸੇ ਵੀ ਵਿਅਕਤੀ ਨੂੰ ਜ਼ਬਰਦਸਤੀ ਜਾਂ ਉਸਦੀ ਇੱਛਾ ਤੋਂ ਬਿਨਾਂ ਨਸ਼ਾ ਛੁਡਾਓ ਕੇਂਦਰ ਵਿੱਚ ਦਾਖ਼ਲ ਨਹੀਂ ਕਰਵਾਇਆ ਜਾ ਸਕਦਾ।”

ਉਨ੍ਹਾਂ ਕਿਹਾ,“ ਨਸ਼ਾ (ਜਿਵੇ ਹੈਰੋਇਨ, ਸਮੈਕ, ਭੁੱਕੀ ) ਦੀ ਵਰਤੋਂ ਕਰਨਾ ਗੈਰ-ਕਾਨੂੰਨੀ ਹੈ ਅਤੇ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨੀ ਲਾਜ਼ਮੀ ਹੈ ਜਦਕਿ ਉਸ ਕੋਲੋਂ ਬਰਾਮਦ ਨਸ਼ੀਲੇ ਪਦਾਰਥ ਕਿੰਨੀ ਮਾਤਰਾ ਵਿੱਚ ਹਨ ਉਸ ਨੂੰ ਐਨਡੀਪੀਐਸ ਐਕਟ ਅਧੀਨ ਤਿੰਨ ਤਰ੍ਹਾਂ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ, ਜਿਸ ਵਿੱਚ ਘੱਟ ,ਕਮਰਸ਼ੀਅਲ ਅਤੇ ਤੀਸਰਾ ਹੈ ਕਮਰਸ਼ੀਅਲ ਤੋਂ ਵੀ ਵੱਧ ਮਾਤਰਾ। ਇਸ ਤਹਿਤ ਹਰ ਕੋਈ ਮੁਲਜ਼ਮ ਹੈ।

### ‘ਕਾਰਵਾਈ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰੇਗੀ’

“ਕਾਨੂੰਨੀ ਪੱਖ ਤੋਂ ਪੁਲਿਸ ਇਹ ਨਹੀਂ ਤੈਅ ਕਰ ਸਕਦੀ ਕਿ ਜਿਸ ਕੋਲ ਘੱਟ ਮਾਤਰਾ ਵਿਚ ਨਸ਼ੀਲਾ ਪਦਾਰਥ ਮਿਲਦਾ ਹੈ ਤਾਂ ਉਸ ਖਿਲਾਫ਼ ਕਾਰਵਾਈ ਨਾ ਕੀਤੀ ਜਾਵੇ। ਇਹ ਕਾਨੂੰਨ ਦੇ ਉਲਟ ਹੋਵੇਗਾ ਅਤੇ ਇਹ ਵੀ ਹੋ ਸਕਦਾ ਹੈ ਕਿ ਇਸ ਤਰ੍ਹਾਂ ਦੀ ਕਾਰਵਾਈ ਭ੍ਰਿਸ਼ਟਾਚਾਰ ਨੂੰ ਵਧਾ ਦੇਵੇਗੀ।” ਵਕੀਲ ਸਤਿੰਦਰਪਾਲ ਸਿੰਘ ਨੇ ਆਖਿਆ ਕਿ ਪੁਲਿਸ ਪਬਲਿਕ ਮੀਟਿੰਗ ਤੋਂ ਇਲਾਵਾ ਕੁਝ ਪੁਲਿਸ ਦੇ ਆਲ੍ਹਾ ਅਧਿਕਾਰੀ, ਮਾਹਿਰ ਡਾਕਟਰਾਂ ਦੇ ਸਹਿਯੋਗ ਨਾਲ ਸੈਮੀਨਰ ਕਰਕੇ ਸਮਾਜ ਦੇ ਹਰ ਵਰਗ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਅਤੇ ਨਸ਼ੇ ਵੇਚਣ ਅਤੇ ਨਸ਼ੇ ਦੀ ਵਰਤੋਂ ਕਰਨ ਬਾਰੇ ਕਾਨੂੰਨਾਂ ਅਤੇ ਗੈਰ ਕਾਨੂੰਨੀ ਪੱਖ ਬਾਰੇ ਜਾਣਕਾਰੀ ਦੇਵੇ। ਮੁਖ ਤੌਰ ’ਤੇ ਸੈਮੀਨਾਰ ਤੋਂ ਇਲਾਵਾ ਜੋ ਵੱਡੇ ਨਸ਼ਾ ਕਾਰੋਬਾਰੀ ਹਨ ਉਹਨਾਂ ਨੂੰ ਕਾਬੂ ਕਰੇ ਤਾਂ ਹੀ ਨਸ਼ੇ ਜਿਹੀ ਅਲਾਮਤ ਨੂੰ ਸਮਾਜ ਤੋਂ ਖ਼ਤਮ ਕੀਤਾ ਜਾ ਸਕਦਾ ਹੈ।

# ਪੁਸਤਕ ਰਿਆਲਿਟੀ ਲਈ ਕੀਤੇ ਧੋਖੇ ਕਾਰਨ ਖਲੀ ’ਤੇ ਕੇਸ ਦਰਜ

## *ਵਿਨੀਤ ਨੇ ਖਲੀ ’ਤੇ ਲਗਾਏ ਦੋਸ਼, ਅਦਾਲਤ ’ਚ ਕੀਤਾ ਮੁਕੱਦਮਾ*

**ਗਿੱਦੜਬਾਹਾ/ਬਿਊਰੋ ਨਿਊਜ਼** : ਇਕ ਬੈਂਕ ਕਰਮਚਾਰੀ ਵਿਨੀਤ ਬਾਂਸਲ ਨੇ ਦਿ ਗ੍ਰੇਟ ਖਲੀ ਖਿਲਾਫ ਇਕ ਕੇਸ ਕਰ ਦਿੱਤਾ ਹੈ। ਲੇਖਕ ਵਿਨੀਤ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 6 ਅਪ੍ਰੈਲ, 2015 ਨੂੰ ਜਦੋਂ ਖਲੀ ਤੇ ਮੇਰੇ ਵਿਚਕਾਰ ਖਲੀ ਦੀ ਸਵੈ-ਜੀਵਨੀ ਲਿਖਣ ਲਈ ਐਗਰੀਮੈਂਟ ਸਾਈਨ ਹੋਇਆ ਸੀ ਤਾਂ ਉਸ ਵਿਚ ਸਾਫ਼-ਸਾਫ ਲਿਖਿਆ ਗਿਆ ਸੀ ਕਿ ਸਵੈ-ਜੀਵਨੀ ਪੁਸਤਕ ਤੋਂ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਆਮਦਨ ਨੂੰ ਖਲੀ ਅਤੇ ਲੇਖਕ ਵਿਨੀਤ ਬਾਂਸਲ ਵਿਚਕਾਰ 70:30 ਦੇ ਅਨੁਪਾਤ ਵਿਚ ਵੰਡਿਆ ਜਾਵੇਗਾ। ਮੈਂ ਕਈ ਮਹੀਨਿਆਂ ਦੀ ਜੀਅ -ਤੋੜ ਮਿਹਨਤ ਤੋਂ ਬਾਅਦ ਦਿ ਗ੍ਰੇਟ ਖਲੀ ਦੀ ਸਵੈ-ਜੀਵਨੀ ਲਿਖੀ ਜਿਸ ਨੂੰ ਬਾਅਦ ਵਿਚ ਇਕ ਕਿਤਾਬ ‘ਦਿ ਮੈਨ ਹੂ ਬੀਕੇਮ ਖਲੀ’ ਦੇ ਰੂਪ ਵਿਚ ਪੈਂਗੂਇਨ ਨੇ ਪ੍ਰਕਾਸ਼ਿਤ ਕੀਤਾ। ਵਿਨੀਤ ਕਿਹਾ ਕਿ 21 ਅਗਸਤ 2017 ਨੂੰ ਮੈਨੂੰ ਇਕ ਈਮੇਲ ਮਿਲੀ ਕਿ ਖਲੀ ਨੇ ਇਕ ਮੋਟੀ ਰਕਮ ਲੈ ਕੇ ਆਪਣੀ ਸਵੈ-ਜੀਵਨੀ ਦੇ ਫਿਲਮ ਰਾਈਟਸ ਉਨ੍ਹਾਂ ਨੂੰ ਵੇਚ ਦਿੱਤੇ ਹਨ। ਮੈਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਮੈਂ ਖਲੀ ਨਾਲ ਗੱਲਬਾਤ ਕੀਤੀ ਤਾਂ ਖਲੀ ਵਲੋਂ ਨਾਂਹ- ਨੁੱਕਰ ਕੀਤੀ ਤੇ ਉਸ ਨੇ ਮੈਨੂੰ ਇਹ ਕਹਿ ਕੇ ਟਰਕਾਉਣ ਦਾ ਯਤਨ ਕੀਤਾ ਕਿ ਹਾਲੇ ਤਾਂ ਸਿਰਫ਼ ਗੱਲਬਾਤ ਚੱਲ ਰਹੀ ਹੈ ਪਰ ਬਾਅਦ ਵਿਚ ਵੱਖ-ਵੱਖ ਚੈਨਲਾਂ ਤੇ ਅਖਬਾਰਾਂ ਦੀਆਂ ਖਬਰਾਂ ਤੋਂ ਪਤਾ ਲੱਗਾ ਹੈ ਕਿ ਰਾਈਟਸ ਤਾਂ ਸੱਚਮੁੱਚ ਵੇਚੇ ਜਾ ਚੁੱਕੇ ਹਨ। ਬਾਂਸਲ ਨੇ ਦੱਸਿਆ ਕਿ ਜਦੋਂ ਉਕਤ ਬਾਰੇ ਖਲੀ ਨਾਲ ਗੱਲਬਾਤ ਕੀਤੀ ਤੇ ਇਸ ਬਾਰੇ ਪੁੱਛਿਆ ਤਾਂ ਖਲੀ ਨੇ ਸਾਫ਼ ਤੌਰ ’ਤੇ ਮੇਰਾ ਹਿੱਸਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। ਇਸ ਲਈ ਆਪਣੇ ਮਿਹਨਤਾਨੇ ਸਬੰਧੀ ਆਪਣੇ ਐਡਵੋਕੇਟ ਅਮਿਤ ਬਾਂਸਲ ਰਾਹੀਂ ਖਲੀ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਗਿਆ ਪਰੰਤੂ ਇਸ ਨੋਟਿਸ ਦਾ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ। ਬਾਂਸਲ ਨੇ ਕਿਹਾ ਕਿ ਆਪਣੇ ਹੱਕ ਦੀ ਲੜਾਈ ਆਪਣੇ ਉਪਰੋਕਤ ਐਡਵੋਕੇਟ ਰਾਹੀਂ ਗਿੱਦੜਬਾਹਾ ਕੋਰਟ ਵਿਚ 20 ਫਰਵਰੀ 2018 ਨੂੰ ਕੇਸ ਫਾਈਲ ਕੀਤਾ ਹੈ, ਜੋ ਕਿ ਅਦਾਲਤੀ ਕਾਰਵਾਈ ਅਧੀਨ ਹੈ। ਦੂਜੇ ਪਾਸੇ ਖਲੀ ਨੇ ਕਿਹਾ ਕਿ ਬਾਂਸਲ ਨੇ ਉਨ੍ਹਾਂ ਦੀ ਜੀਵਨੀ ’ਤੇ ਕਿਤਾਬ ਲਿਖੀ ਸੀ। ਸਵੈ-ਜੀਵਨੀ ਦੀ ਰਾਇਲਟੀ ਦੀ ਅਜੇ ਗੱਲ ਚਲ ਰਹੀ ਹੈ। ਇਹ ਤਾਂ ਅਜੇ ਮੈਨੂੰ ਵੀ ਨਹੀਂ ਮਿਲੀ, ਉਹ ਤਾਂ ਪੁਸਤਕ ਛਾਪਣ ਵਾਲੀ ਕੰਪਨੀ ਨੇ ਦੇਣੀ ਹੈ। ਖਲੀ ਨੇ ਵਿਨੀਤ ਰ ਦੇ ਇਸ ਕਦਮ ਨੂੰ ਸਸਤੀ ਸ਼ੋਹਰਤ ਹਾਸਲ ਕਰਨ ਦਾ ਸਟੰਟ ਦੱਸਿਆ ਹੈ।




ਇਕ ਬੈਂਕ ਕਰਮਚਾਰੀ ਵਿਨੀਤ ਬਾਂਸਲ ਨੇ ਦਿ ਗ੍ਰੇਟ ਖਲੀ ਖਿਲਾਫ ਇਕ ਕੇਸ ਕਰ ਦਿੱਤਾ ਹੈ। ਲੇਖਕ ਵਿਨੀਤ ਬਾਂਸਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 6 ਅਪ੍ਰੈਲ, 2015 ਨੂੰ ਜਦੋਂ ਖਲੀ ਤੇ ਮੇਰੇ ਵਿਚਕਾਰ ਖਲੀ ਦੀ ਸਵੈ-ਜੀਵਨੀ ਲਿਖਣ ਲਈ ਐਗਰੀਮੈਂਟ ਸਾਈਨ ਹੋਇਆ ਸੀ ਤਾਂ ਉਸ ਵਿਚ ਸਾਫ਼-ਸਾਫ ਲਿਖਿਆ ਗਿਆ ਸੀ ਕਿ ਸਵੈ-ਜੀਵਨੀ ਪੁਸਤਕ ਤੋਂ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਆਮਦਨ ਨੂੰ ਖਲੀ ਅਤੇ ਲੇਖਕ ਵਿਨੀਤ ਬਾਂਸਲ ਵਿਚਕਾਰ 70:30 ਦੇ ਅਨੁਪਾਤ ਵਿਚ ਵੰਡਿਆ ਜਾਵੇਗਾ। ਮੈਂ ਕਈ ਮਹੀਨਿਆਂ ਦੀ ਜੀਅ -ਤੋੜ ਮਿਹਨਤ ਤੋਂ ਬਾਅਦ ਦਿ ਗ੍ਰੇਟ ਖਲੀ ਦੀ ਸਵੈ-ਜੀਵਨੀ ਲਿਖੀ ਜਿਸ ਨੂੰ ਬਾਅਦ ਵਿਚ ਇਕ ਕਿਤਾਬ ‘ਦਿ ਮੈਨ ਹੂ ਬੀਕੇਮ ਖਲੀ’ ਦੇ ਰੂਪ ਵਿਚ ਪੈਂਗੂਇਨ ਨੇ ਪ੍ਰਕਾਸ਼ਿਤ ਕੀਤਾ।

**ਬਾਕੀ ਸਫ਼ਾ 28 ’ਤੇ**

# ‘ਦਿ ਸ਼ੇਪ ਆਫ਼ ਵਾਟਰ’ ਨੂੰ 90ਵੇਂ ਆਸਕਰ ਪੁਰਸਕਾਰਾਂ ’ਚ ਬੇਹਤਰੀਨ ਫਿਲਮ ਹੋਣ ਦਾ ਇਨਾਮ ਮਿਲਿਆ

**ਲਾਸ ਏਂਜਲਸ/ਬਿਊਰੋ ਨਿਊਜ਼:**
ਇਥੇ 90ਵੇਂ ਆਸਕਰ ਪੁਰਸਕਾਰਾਂ ਦੇ ਐਲਾਨ ਮੌਕੇ ਫਿਲਮ 2018 ਆਸਕਰ ਵਿੱਚ ‘ਦਿ ਸ਼ੇਪ ਆਫ਼ ਵਾਟਰ’ ਨੂੰ ਸਰਵੋਤਮ ਪੁਰਸਕਾਰ ਮਿਲਿਆ। ਫਿਲਮ ਨੇ ਗਿਲਿਯੇਰਮੋ ਦੇਲ ਤੋਰੋ ਨੂੰ ਉਸ ਦਾ ਪਹਿਲਾ ਆਸਕਰ ਜਿੱਤਣ ਦਾ ਮੌਕਾ ਵੀ ਦਿੱਤਾ। ਗਿਲਿਯੇਰਮੋ ਦੇਲ ਤੋਰੋ ਨੂੰ ਸਰਵੋਤਮ ਨਿਰਦੇਸ਼ਕ ਦਾ ਇਨਾਮ ਮਿਲਿਆ ਹੈ। ਪਿਛਲੇ ਪੰਜ ਸਾਲ ਵਿੱਚ ਕਿਸੇ ਮੈਕਸੀਕੋ ਵਾਸੀ ਨੂੰ ਚੌਥਾ ਆਸਕਰ ਮਿਲਿਆ ਹੈ।

ਅਦਾਕਾਰ ਗੈਰੀ ਓਲਡਮੈਨ ਨੂੰ ‘ਡਾਰਕੇਸਟ ਆਵਰ’ ਵਿੱਚ ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦੀ ਭੂਮਿਕਾ ਲਈ ਸਰਵੋਤਮ ਅਦਾਕਾਰ ਦਾ ਇਨਾਮ ਮਿਲਿਆ। ਇਸੇ ਤਰ੍ਹਾਂ ‘ਥ੍ਰੀ ਬਿਲਬੋਰਡਜ਼ ਆਊਟਸਾਈਡ ਐਬਿੰਗ ਮਿਸੌਰੀ’ ਲਈ ਫਰੈਸਜ਼ ਮੈਕਡੌਰਮੈਂਡ ਨੂੰ ਸਰਵੋਤਮ ਅਦਾਕਾਰਾ ਵਜੋਂ ਆਸਕਰ ਮਿਲਿਆ। ਇਹ 60 ਸਾਲਾ ਅਦਾਕਾਰਾ ਦਾ ਦੂਜਾ ਆਸਕਰ ਹੈ।

ਅਦਾਕਾਰ ਸੈਮ ਰਾਕਵੇਲ ਨੂੰ ਨਿਰਦੇਸ਼ਕ ਮਾਰਟਿਨ ਮੈਕਡੋਨਘ ਦੀ ‘ਥ੍ਰੀ ਬਿਲਬੋਰਡਜ਼ ਆਊਟਸਾਈਡ ਏਬਿੰਗ ਮਿਸੌਰੀ’ ਵਿੱਚ ਬਿਹਤਰੀਨ ਅਦਾਕਾਰੀ ਲਈ ਆਸਕਰ ਵਿੱਚ ਸਰਵੋਤਮ ਸਹਿ ਕਲਾਕਾਰ ਦੇ ਪੁਰਸਕਾਰ ਨਾਲ ਸਨਮਾਨਿਆ ਗਿਆ। ਇਸ ਸ਼੍ਰੇਣੀ ਵਿੱਚ ਅਦਾਕਾਰਾ ਏਲੀਸਨ ਜੈਨੀ ਨੂੰ ‘ਆਈ ਟੋਨਿਆ’ ਲਈ ਪੁਰਸਕਾਰ ਦਿੱਤਾ ਗਿਆ। ਇਸ 58 ਸਾਲਾ ਅਦਾਕਾਰਾ ਨੂੰ ਪਹਿਲੀ ਵਾਰ ਇਸੇ ਸ਼੍ਰੇਣੀ ਵਿੱਚ ਚੁਣਿਆ ਗਿਆ ਸੀ। ਡਿਜ਼ਨੀ ਪਿਕਚਰ ਦੀ ‘ਕੋਕੋ’ ਨੂੰ ਸਰਵੋਤਮ ਐਨੀਮੇਟਿਡ ਫੀਚਰ ਫਿਲਮ ਦੇ ਪੁਰਸਕਾਰ ਨਾਲ ਸਨਮਾਨਿਆ ਗਿਆ। ਜਾਰਡਨ ਪਿਲੇ ਨੇ ਫਿਲਮ ‘ਗੇਟ ਆਊਟ’ ਲਈ ਸਰਵੋਤਮ ਮੂਲ ਲੇਖਕ ਸ਼੍ਰੇਣੀ ਵਿੱਚ ਪੁਰਸਕਾਰ ਹਾਸਲ ਕੀਤਾ। ਅਦਾਕਾਰ ਤੋਂ ਨਿਰਦੇਸ਼ਕ ਬਣੇ ਪਿਲੇ ਦਾ ਇਹ ਪਹਿਲਾ ਅਕਾਦਮੀ ਪੁਰਸਕਾਰ ਹੈ। ਹਾਰਰ (ਡਰਾਵਨੀ) ਫਿਲਮ ਲਈ ਉਸ ਦੀ ਸਰਵੋਤਮ ਨਿਰਦੇਸ਼ਕ ਸ਼੍ਰੇਣੀ ਵਿੱਚ ਵਿੱਚ ਚੋਣ ਕੀਤੀ ਗਈ। ਉਸ ਨੇ ਕਿਹਾ ਕਿ ਉਸ ਨੇ ਫਿਲਮ ਵਿੱਚ ਕਰੀਬ 20 ਵਾਰ ਲਿਖਣਾ ਛੱਡ ਦਿੱਤਾ ਕਿਉਂਕਿ ਉਸ ਨੂੰ ਲੱਗਿਆ ਕਿ ਇਹ ਸੰਭਵ ਨਹੀਂ ਹੈ। ਪਰ ਉਸ ਨੇ ਹਾਰ ਨਹੀਂ ਮੰਨੀ। ਆਸਕਰ ਵਿੱਚ ਚਿੱਲੀ ਦੀ ‘ਏ ਫੈਨਟਾਸਟਿਕ ਵਿਮੈਨ’ ਨੂੰ ਵਿਦੇਸ਼ੀ ਭਾਸ਼ਾ ਦੀ ਸਰਵੋਤਮ ਫਿਲਮ ਚੁਣਿਆ ਗਿਆ। ਇਹ ਪੁਰਸਕਾਰ ਨਿਰਦੇਸ਼ਕ ਸੇਬਸਟਨ ਲੇਲਿਓ ਨੇ ਪ੍ਰਾਪਤ ਕੀਤਾ ਅਤੇ ਆਪਣੇ ਦੋਸਤਾਂ ਅਤੇ ਕਲਾਕਾਰਾਂ ਦਾ ਸ਼ੁਕਰੀਆ ਅਦਾ ਕੀਤਾ। ‘ਏ ਫੈਨਟਾਸਟਿਕ ਵਿਮੈਨ’ ਨੇ ਇਸ ਸ਼੍ਰੇਣੀ ਵਿੱਚ ‘ਦਿ ਇੰਸਲਟ’ (ਲਿਬਨਾਨ) ‘ਲਵਲੇਸ’ (ਰੂਸ), ‘ਆਨ ਬਾਡੀ ਐਂਡ ਸੋਲ (ਹੰਗਰੀ) ਅਤੇ ‘ਦ ਸਕੁਆਇਰ’ (ਸਵੀਡਨ) ਨੂੰ ਮਾਤ ਦਿੱਤੀ।

ਭਾਰਤੀ ਕਲਾਕਾਰ ਅਲੀ ਫ਼ਜ਼ਲ ਦੀ ਫਿਲਮ ‘ਵਿਕਟੋਰੀਆ ਐਂਡ ਅਬਦੁਲ’ ਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ। ਨਿਰਦੇਸ਼ਕ ਸਟੀਫਲ ਫਰੇਅਸਜ਼ ਨੂੰ ਫਿਲਮ ਦੇ 90ਵੇਂ ਅਕਾਦਮੀ ਅਵਾਰਡਜ਼ ਲਈ ਦੋ ਨਾਂਮਾਕਣ ਮਿਲੇ ਸਨ।



**ਆਸਕਰ ਐਵਾਰਡ ਜੇਤੂ ਸਿਤਾਰੇ ਆਪੋ ਆਪਣੀਆਂ ਟਰਾਫੀਆਂ ਨਾਲ ਮੁਸਕਰਾਹਟਾਂ ਬਿਖੇਰਦੇ ਹੋਏ।**

### ਸ੍ਰੀਦੇਵੀ ਤੇ ਸ਼ਸ਼ੀ ਕਪੂਰ ਨੂੰ ਕੀਤਾ ਗਿਆ ਯਾਦ

ਮੁੰਬਈ: ਰਿਸ਼ੀ ਕਪੂਰ, ਵਿੱਦਿਆ ਬਾਲਨ ਤੇ ਵਰੁਣ ਧਵਨ ਵਰਗੀਆਂ ਬੌਲੀਵੁੱਡ ਹਸਤੀਆਂ ਨੇ ਮਰਹੂਮ ਭਾਰਤੀ ਅਦਾਕਾਰਾਂ ਸ਼ਸ਼ੀ ਕਪੂਰ ਤੇ ਸ੍ਰੀਦੇਵੀ ਨੂੰ ਆਸਕਰ ਸਮਾਗਮ-2018 ‘ਚ ਸ਼ਰਧਾਂਜਲੀ ਦਿੱਤੇ ਜਾਣ ‘ਤੇ ਅਕੈਡਮੀ ਆਫ ਮੋਸ਼ਨ ਪਿਕਚਰਜ਼ ਆਰਟਸ ਐਂਡ ਸਾਇੰਸ ਦਾ ਧੰਨਵਾਦ ਕੀਤਾ ਹੈ। ਰਿਸ਼ੀ ਕਪੂਰ ਨੇ ਟਵਿੱਟਰ ‘ਤੇ ਅਕੈਡਮੀ ਦਾ ਸ਼ੁਕਰੀਆ ਕੀਤਾ ਹੈ। ਉਸ ਨੇ ਲਿਖਿਆ, ‘ਸ਼ਸ਼ੀ ਕਪੂਰ ਤੇ ਸ੍ਰੀਦੇਵੀ ਨੂੰ ਯਾਦ ਕਰਨ ਲਈ ਸ਼ੁਕਰੀਆ।’ ਰਿਸ਼ੀ ਕਪੂਰ ਮਹਾਨ ਅਦਾਕਾਰ ਸ਼ਸ਼ੀ ਕਪੂਰ ਦਾ ਭਤੀਜਾ ਹੈ, ਜਿਨ੍ਹਾਂ ਦਾ ਪਿਛਲੇ ਸਾਲ ਦਸੰਬਰ ਮਹੀਨੇ ਲੰਮੀ ਬਿਮਾਰੀ ਮਗਰੋਂ ਦੇਹਾਂਤ ਹੋ ਗਿਆ ਸੀ।

ਰਿਸ਼ੀ ਕਪੂਰ ਨੇ ਸ੍ਰੀਦੇਵੀ ਨਾਲ ਵੀ ਕਈ ਫਿਲਮਾਂ ਕੀਤੀਆਂ, ਜਿਨ੍ਹਾਂ ‘ਚ ਚਾਂਦਨੀ, ਨਗੀਨਾ ਤੇ ਗੁਰੂਦੇਵ ਆਦਿ ਸ਼ਾਮਲ ਹਨ। ਸ੍ਰੀਦੇਵੀ ਦਾ ਲੰਘੀ 24 ਫਰਵਰੀ ਨੂੰ ਦੁਬਈ ‘ਚ ਦੇਹਾਂਤ ਹੋ ਗਿਆ ਸੀ। ਇਨ੍ਹਾਂ ਤੋਂ ਇਲਾਵਾ ਫਿਲਮ ਅਦਾਕਾਰ ਅਰਜੁਨ ਰਾਮਪਾਲ ਦੇ ਨਿਰਦੇਸ਼ਕਾ ਫਰਾਹ ਖਾਨ ਨੇ ਦੋ ਭਾਰਤੀ ਅਦਾਕਾਰਾਂ ਨੂੰ ਯਾਦ ਕਰਨ ਲਈ ਅਕੈਡਮੀ ਦਾ ਧੰਨਵਾਦ ਕੀਤਾ ਹੈ। ਇਸੇ ਦੌਰਾਨ ਦੱਖਣੀ ਭਾਰਤੀ ਸਿਨੇਮਾ ਦੀਆਂ ਸ਼ਖਸੀਅਤਾਂ ਨੇ ਮੀਟਿੰਗ ਕਰਕੇ ਸ੍ਰੀਦੇਵੀ ਨੂੰ ਸ਼ਰਧਾਂਜਲੀ ਭੇਟ ਕੀਤੀ।

# ਇੰਟਰਨੈਟ ਬੰਦ ਹੋਣ ਦੇ ਬਾਵਜੂਦ ਡੇਰਾ ਸਿਰਸਾ ਦੀ ਚਲਦੀ ਰਹੀ ਇੰਟਰਨੈਟ ਸੇਵਾ

## *ਦਿੱਲੀ ਤੋਂ ਦੋ ਲੱਖ 70 ਹਜ਼ਾਰ ਰੁਪਏ ਦੇ ਦੋ ਅਜਿਹੇ ਹਾਈਟੈੱਕ ਵਾਈਫਾਈ ਯੰਤਰ ਮੰਗਵਾ ਕੇ ਸਿਰਸਾ ਡੇਰਾ ਤੇ ਰਾਜਸਥਾਨ ਦੇ ਨਿਠਰਾਨਾ ਸਥਿਤ ਮੋਬਾਈਲ ਟਾਵਰ ਦੇ ਉੱਪਰ ਲਗਾਏ, ਜਿਸ ਨਾਲ ਡੇਰਾ ਪ੍ਰਬੰਧਕ ਵਾਈਫਾਈ ਰਾਹੀਂ ਇੰਟਰਨੈੱਟ ਸੇਵਾ ਨਾਲ ਜੁੜੇ ਰਹੇ*

**ਸਿਰਸਾ/ਬਿਊਰੋ ਨਿਊਜ਼:** ਸਾਧਵੀ ਬਲਾਤਕਾਰ ਕੇਸ ਵਿਚ ਪੰਚਕੂਲਾ ਸੀਬੀਆਈ ਕੋਰਟ ਦੇ ਫ਼ੈਸਲੇ ਤੋਂ ਪਹਿਲਾਂ ਬੇਸ਼ੱਕ ਹਰਿਆਣਾ ਸਰਕਾਰ ਨੇ ਸਿਰਸਾ ਸਮੇਤ ਪੂਰੇ ਸੂਬੇ ਵਿਚ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਸੀ, ਪਰ ਡੇਰਾ ਸੱਚਾ ਸੌਦਾ ਇੰਟਰਨੈੱਟ ਸੇਵਾ ਲਗਾਤਾਰ ਚੱਲਦੀ ਰਹੀ। ਇਸ ਲਈ ਡੇਰੇ ਦੀ ਆਈਟੀ ਵਿੰਗ ਨੇ ਪਹਿਲਾਂ ਤੋਂ ਹੀ ਸਾਰੇ ਪ੍ਰਬੰਧ ਕਰ ਲਏ ਸਨ ਤੇ ਦਿੱਲੀ ਤੋਂ ਦੋ ਲੱਖ 70 ਹਜ਼ਾਰ ਰੁਪਏ ਦੇ ਦੋ ਅਜਿਹੇ ਹਾਈਟੈੱਕ ਵਾਈਫਾਈ ਯੰਤਰ ਮੰਗਵਾ ਕੇ ਸਿਰਸਾ ਡੇਰਾ ਤੇ ਰਾਜਸਥਾਨ ਦੇ ਨਿਠਰਾਨਾ ਸਥਿਤ ਮੋਬਾਈਲ ਟਾਵਰ ਦੇ ਉੱਪਰ ਲਗਾਏ, ਜਿਸ ਨਾਲ ਡੇਰਾ ਪ੍ਰਬੰਧਕ ਵਾਈਫਾਈ ਰਾਹੀਂ ਇੰਟਰਨੈੱਟ ਸੇਵਾ ਨਾਲ ਜੁੜੇ ਰਹੇ।

ਇਸ ਦਾ ਖੁਲਾਸਾ ਸਿਰਸਾ ਐੱਸਆਈਟੀ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਡੇਰਾ ਆਈਟੀ ਵਿੰਗ ਦੇ ਸਾਈਬਰ ਸਪੈਸ਼ਲਿਸਟ ਪਰਵੀਨ ਕੁਮਾਰ ਨੇ ਪੁੱਛਗਿੱਛ ਵਿਚ ਕੀਤਾ ਹੈ। ਪੰਜਾਬ ਦੇ ਫਿਰੋਜ਼ਪੁਰ ਵਾਸੀ ਪਰਵੀਨ ਕੁਮਾਰ ਸਾਲ 2010 ਤੋਂ ਡੇਰਾ ਸਿਰਸਾ ਵਿਚ ਰਹਿ ਰਿਹਾ ਸੀ। ਡੇਰਾ ਦੇ ਸਾਹਮਣੇ ਉਸ ਦੀ ਅਨੀਜ ਕੰਪਿਊਟਰ ਦੇ ਨਾਂ ਨਾਲ ਦੁਕਾਨ ਸੀ। ਪਰਵੀਨ ਡੇਰਾ ਦੀ ਆਈਟੀ ਵਿੰਗ ਵਿਚ ਸ਼ਾਮਲ ਸੀ, ਉਸ ਨੇ ਹੀ ਡੇਰੇ ਵਿਚ ਚਾਰੇ ਪਾਸੇ ਸੀਸੀਟੀਵੀ ਕੈਮਰੇ ਲਗਾਏ ਸਨ। ਐੱਸਆਈਟੀ ਦੀ ਪੁੱਛਗਿੱਛ ਵਿਚ ਪਰਵੀਨ ਨੇ ਖੁਲਾਸਾ ਕੀਤਾ ਕਿ ਸੀਬੀਆਈ ਕੋਰਟ ਦੇ ਸੰਭਾਵਿਤ ਫ਼ੈਸਲੇ ਤੇ ਸਰਕਾਰ ਦੀ ਤਿਆਰੀਆਂ ਨੂੰ ਭਾਂਪਦੇ ਹੋਏ ਉਨ੍ਹਾਂ ਨੂੰ ਪਤਾ ਚੱਲ ਗਿਆ ਸੀ ਕਿ ਸਰਕਾਰ ਇੰਟਰਨੈੱਟ ਸੇਵਾ ਬੰਦ ਕਰ ਦੇਵੇਗੀ। ਇਸ ਲਈ ਦਿੱਲੀ ਤੋਂ ਦੋ ਆਧੁਨਿਕ ਹਾਈਟੈੱਕ ਵਾਈਫਾਈ ਯੰਤਰ ਮੰਗਵਾ ਕੇ ਡੇਰਾ ਵਿਚ ਲੱਗੇ ਮੋਬਾਈਲ ਟਾਵਰ 'ਤੇ ਲਗਾਇਆ ਗਿਆ ਤੇ ਦੂਜਾ ਰਾਜਸਥਾਨ ਦੇ ਨਿਠਰਾਨਾ ਵਿਚ ਲੱਗੇ ਐੱਸਟੀਐੱਸ ਕੰਪਨੀ ਦੇ ਟਾਵਰ 'ਤੇ ਲਗਾਇਆ। ਰਾਜਸਥਾਨ ਵਿਚ ਇੰਟਰਨੈੱਟ ਸੇਵਾ ਚਾਲੂ ਸੀ ਤੇ ਇਸੇ ਤਰ੍ਹਾਂ ਟਾਵਰ ਦੇ ਰਾਹੀਂ ਡੇਰੇ ਵਿਚ ਇੰਟਰਨੈੱਟ ਸੇਵਾ ਬਹਾਲ ਰਹੀ। ਪਰਵੀਨ ਨੂੰ ਸਿਰਸਾ ਐੱਸਆਈਟੀ ਨੇ ਹੁਣੇ ਜਿਹੇ ਗ੍ਰਿਫ਼ਤਾਰ ਕੀਤਾ ਸੀ।



ਐੱਸਆਈਟੀ ਦੇ ਪੁੱਛਗਿੱਛ ਵਿਚ ਪ੍ਰਵੀਨ ਨੇ ਖੁਲਾਸਾ ਕੀਤਾ ਕਿ 25 ਅਗਸਤ 2017 ਨੂੰ ਸੀਬੀਆਈ ਕੋਰਟ ਦੇ ਫ਼ੈਸਲੇ ਤੋਂ ਬਾਅਦ ਡੇਰੇ ਵਿਚ ਲੱਗੇ ਸਾਰੇ ਕੰਪਿਊਟਰਾਂ ਦੀ ਹਾਰਡ ਡਿਸਕ ਤੇ ਸੀਸੀਟੀਵੀ ਕੈਮਰਿਆਂ ਦੀ ਡੀਵੀਆਰ ਉਸ ਨੇ ਬਦਲ ਦਿੱਤੀ ਸੀ। ਇਸ ਲਈ ਉਸ ਨੂੰ ਆਈਟੀ ਵਿੰਗ ਦੇ ਹੈੱਡ ਨੇ ਨਿਰਦੇਸ਼ ਦਿੱਤੇ ਸਨ। ਪੁਰਾਣੀ ਹਾਰਡ ਡਿਸਕ ਆਈਟੀ ਵਿੰਗ ਹੈੱਡ ਨੇ ਛੁਪਾ ਦਿੱਤੀ ਸੀ ਜਿਹੜੇ ਕੋਰਟ ਕਮਿਸ਼ਨਰ ਦੀ ਅਗਵਾਈ ਵਿਚ ਡੇਰਾ ਵਿਚ ਚਲਾਏ ਗਏ ਸਰਚ ਮੁਹਿੰਮ ਵਿਚ ਬਰਾਮਦ ਹੋ ਗਈ। ਦਸ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਚੱਲ ਰਹੇ ਡੇਰੇ ਦੇ ਇੱਕ ਲੱਖ ਰੁਪਏ ਇਨਾਮੀ ਸਾਧੂ ਗੁਰਦੱਤ ਨੂੰ ਨਾਲ ਲੈ ਕੇ ਪੁਲੀਸ ਬੀਤੇ ਦਿਨੀਂ ਡੇਰੇ ਪਹੁੰਚੀ ਸੀ। ਸਾਧੂ ਦੀ ਨਿਸ਼ਾਨਦੇਹੀ 'ਤੇ ਸਿਰਸਾ ਐੱਸਆਈਟੀ ਨੇ ਤਿੰਨ ਟਰੈਕਟਰ ਟਰਾਲੀਆਂ ਜ਼ਬਤ ਕੀਤੀਆਂ ਹਨ। ਇਨ੍ਹਾਂ ਟਰੈਕਟਰ ਟਰਾਲੀਆਂ ਵਿਚ ਹੀ ਪੱਥਰ ਲੱਦ ਕੇ ਲਿਆਂਦੇ ਗਏ ਸਨ। ਡੇਰੇ ਦੇ ਸ਼ਰਧਾਲੂਆਂ ਨੇ ਇਨ੍ਹਾਂ ਪੱਥਰਾਂ ਨਾਲ ਸੁਰੱਖਿਆ ਬਲਾਂ 'ਤੇ ਪਥਰਾਅ ਕੀਤਾ।

ਡੇਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਡਾ. ਪੀਆਰ ਨੈਨ ਨੂੰ ਗ੍ਰਿਫ਼ਤਾਰ ਕਰਨ ਲਈ ਬੀਤੇ ਦਿਨੀਂ ਦੁਪਹਿਰ ਐੱਸਆਈਟੀ ਨੇ ਡੇਰੇ ਵਿਚ ਜਾ ਕੇ ਛਾਪੇਮਾਰੀ ਕੀਤੀ।

ਤਕਰੀਬਨ ਇਕ ਘੰਟੇ ਤੱਕ ਡੇਰਾ ਖੰਗਾਲਣ ਤੋਂ ਬਾਅਦ ਵੀ ਉਸ ਦਾ ਕੁਝ ਪਤਾ ਨਹੀਂ ਚਲਿਆ। ਉੱਥੇ, ਵਿਪਸਨਾ ਇੰਸਾਂ ਵੀ ਡੇਰਾ ਸੱਚਾ ਸੌਦਾ ਵਿਚ ਨਹੀਂ ਹੈ।

## ਸੌਦਾ ਸਾਧ ਦੇ ਵਕੀਲ ਸਮੇਤ 39 'ਤੇ ਕੇਸ ਦਰਜ

**ਚੰਡੀਗੜ੍ਹ/ਬਿਊਰੋ ਨਿਊਜ਼:** ਹਰਿਆਣਾ ਵਿੱਚ ਪੰਚਕੁਲਾ ਪੁਲਿਸ ਨੇ ਇੱਕ ਬਿਲਡਰ ਦੀ ਸ਼ਿਕਾਇਤ ਦੇ ਆਧਾਰ ਉੱਤੇ ਰਾਮ ਰਹੀਮ ਦੇ ਵਕੀਲ ਸਮੇਤ 39 ਬਦਮਾਸ਼ ਚੇਲਿਆਂ ਦੇ ਖਿਲਾਫ ਧੋਖਾਧੜੀ, ਲੁੱਟ-ਖਸੁੱਟ ਅਤੇ ਠੱਗੀ ਦਾ ਮਾਮਲਾ ਦਰਜ ਕੀਤਾ ਹੈ। ਵਿਵਾਦਿਤ ਡੇਰਾ ਸੱਚਾ ਸੌਦਾ ਨਾਲ ਜੁੜੇ ਇਸ ਆਰੋਪੀਆਂ ਉੱਤੇ ਇੱਕ ਬਿਲਡਰ ਨੂੰ ਧਮਕਾਉਣ, ਧੋਖੇ ਨਾਲ ਐਗਰੀਮੈਂਟ ਸਾਇਨ ਕਰਵਾਉਣ ਅਤੇ 40 ਲੱਖ ਰੁਪਏ ਵਸੂਲਣ ਦੇ ਇਲਾਵਾ ਇੱਕ ਫਲੈਟ ਅਤੇ 80 ਕਰੋੜ ਰੁਪਏ ਦੀ 12.6 ਏਕੜ ਭੂਮੀ ਉੱਤੇ ਗ਼ੈਰਕਾਨੂੰਨੀ ਕਬਜ਼ਾ ਕਰਨ ਦਾ ਇਲਜ਼ਾਮ ਹੈ। ਸ਼ਿਕਾਇਤਕਰਤਾ ਦੇ ਮੁਤਾਬਕ ਇਸ ਸਾਜਿਸ਼ ਵਿੱਚ ਗੁਰਮੀਤ ਰਾਮ ਰਹੀਮ ਦਾ ਵਕੀਲ ਐਸਕੇ ਗਰਗ ਨਰਵਾਨਾ ਵੀ ਸ਼ਾਮਿਲ ਸੀ। ਪੁਲਿਸ ਨੇ ਇਨ੍ਹਾਂ ਦੋਸ਼ੀਆਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਇਸ ਤੋਂ ਪਹਿਲਾਂ ਰਾਮ ਰਹੀਮ ਦੇ ਖਾਸ ਚੇਲੇ ਰਹੇ ਗੁਰਦਾਸ ਸਿੰਘ ਤੂਰ ਅਤੇ ਖੱਟਾ ਸਿੰਘ ਨੇ ਇਲਜ਼ਾਮ ਲਗਾਇਆ ਸੀ ਕਿ ਉਹ ਚੇਲਿਆਂ ਦੇ ਨਾਮ ਉੱਤੇ ਧੋਖਾਧੜੀ ਕਰਕੇ ਜ਼ਮੀਨ ਖਰੀਦਦਾ ਸੀ।



ਜ਼ਮੀਨ ਜਾਂ ਤਾਂ ਦਾਨ ਵਿੱਚ ਲਈ ਜਾਂਦੀ ਸੀ ਜਾਂ ਫਿਰ ਘੱਟ ਮੁੱਲ ਵਿੱਚ ਲੈ ਕੇ ਉਸ ਨੂੰ ਮੋਟੀਆਂ ਕੀਮਤਾਂ ਉੱਤੇ ਵੇਚ ਦਿੱਤਾ ਜਾਂਦਾ ਸੀ। ਪਿਛਲੇ ਸਾਲ ਡੇਰਾ ਸੱਚਾ ਸੌਦਾ ਵਿੱਚ ਕੀਤੀ ਗਈ ਛਾਨਬੀਨ ਦੇ ਦੌਰਾਨ ਪੁਲਿਸ ਨੂੰ ਅਣਗਿਣਤ ਕਰੋੜ ਰੁਪਏ ਦੀ ਬੇਨਾਮੀ ਸੰਪੰਤੀਆਂ ਦੇ ਕਾਗਜ਼ਾਤ ਮਿਲੇ ਸਨ, ਜਿਨ੍ਹਾਂ ਦੀ ਜਾਂਚ ਅਜੇ ਜਾਰੀ ਹੈ।

## ਖੱਟਰ ਵਲੋਂ ਹਰਿਆਣਾ ਵਿਧਾਨ ਸਭਾ ਦੀਆਂ ਅਗਾਊ ਚੋਣਾਂ ਬਾਰੇ ਅਫ਼ਵਾਹਾਂ ਦਾ ਖੰਡਨ

**ਚੰਡੀਗੜ੍ਹ/ਬਿਊਰੋ ਨਿਊਜ਼**, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਸਾਰੀਆਂ ਕਿਆਸਅਰਾਈਆਂ ਰੱਦ ਕਰਦਿਆਂ ਕਿਹਾ ਕਿ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਆਪਣੀ ਮਿਆਦ ਪੂਰੀ ਕਰਨ ਉਪਰੰਤ ਹੀ ਹੋਣਗੀਆਂ। ਉਨ੍ਹਾਂ ਇਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰਿਆਣਾ ਸਰਕਾਰ ਨੂੰ ਵੀ ਕੇਂਦਰ ਅਤੇ ਸੂਬਾਈ ਚੋਣਾਂ ਇਕ ਸਮੇਂ ਕਰਵਾਉਣ ਬਾਰੇ ਪੁੱਛਿਆ ਗਿਆ ਸੀ। ਪਰ ਉਨ੍ਹਾਂ ਸਪਸ਼ਟ ਕੀਤਾ ਕਿ ਅਜਿਹਾ ਸਾਰੀਆਂ ਸਿਆਸੀ ਪਾਰਟੀਆਂ ਦੀ ਸਾਂਝੀ ਰਾਏ ਬਣਨ ਤੋਂ ਬਾਅਦ ਹੀ ਸੰਭਵ ਹੈ ਅਤੇ ਇਸ ਲਈ ਲੰਮੀ ਪ੍ਰਕਿਰਿਆ ਦੀ ਲੋੜ ਹੈ ਜਿਸ ਕਾਰਨ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਮਿਥੇ ਸਮੇਂ 'ਤੇ ਹੀ ਹੋਣਗੀਆਂ ਅਤੇ ਸਾਲ 2019 ਵਿਚ ਕੇਂਦਰ ਅਤੇ ਸੂਬਾਈ ਚੋਣਾਂ ਇਕੱਠੀਆਂ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਉਨ੍ਹਾਂ ਨੂੰ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੱਲ੍ਹ ਪੰਜਾਬ

**ਬਾਕੀ ਸਫ਼ਾ 28 'ਤੇ**




# ਸਿੱਖ ਕੌਮ ਦੀ ਵੱਖਰੀ ਸਟੇਟ ਦਾ ਮੁੱਦਾ ਖ਼ਾਲਿਸਤਾਨ

- ਅਕਾਲੀ ਦਲ (ਅ) ਤੇ ਦਲ ਖਾਲਸਾ ਨੇ ਚੁੱਕਿਆ ਪੰਜਾਬ 'ਚ ਖਾਲਿਸਤਾਨ ਦਾ ਝੰਡਾ
- ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਅਕਾਲੀ ਦਲ ਕਰ ਰਹੇ ਨੇ ਕਰੜਾ ਵਿਰੋਧ
- ਸਿੱਖਸ ਫਾਰ ਜਸਟਿਸ ਨੇ ਖਾਲਿਸਤਾਨ ਦੇ ਮੁੱਦੇ 'ਤੇ ਭਾਰਤ ਲਈ ਖੜ੍ਹੀ ਕੀਤੀ ਸਿਰਦਰਦੀ




**ਜਲੰਧਰ ਤੋਂ ਪ੍ਰੋ. ਬਲਵਿੰਦਰ ਪਾਲ ਸਿੰਘ ਦੀ ਵਿਸ਼ੇਸ਼ ਰਿਪੋਰਟ**

ਸਿੱਖ ਕੌਮ ਦੀ ਵੱਖਰੀ ਸਟੇਟ ਦਾ ਮੁੱਦਾ ਕਿਸੇ ਨਾ ਕਿਸੇ ਨਾਮ ਹੇਠ ਹਮੇਸ਼ਾ ਉਭਰਦਾ ਰਿਹਾ ਹੈ। ਅਜ਼ਾਦੀ ਤੋਂ ਪਹਿਲਾਂ ਭਾਰਤ ਦੇ ਨੇਤਾਵਾਂ ਜਵਾਹਰ ਲਾਲ ਨਹਿਰੂ ਤੇ ਮਹਾਤਮਾ ਗਾਂਧੀ ਨੇ ਸਿੱਖ ਕੌਮ ਦੇ ਲੀਡਰਾਂ ਨਾਲ ਵਾਅਦੇ ਕੀਤੇ ਸਨ ਕਿ ਉਹ ਸਿੱਖਾਂ ਨੂੰ ਭਾਰਤ ਵਿਚ ਅਜਿਹਾ ਖਿੱਤਾ ਦੇਣਗੇ, ਜਿੱਥੇ ਉਹ ਅਜ਼ਾਦੀ ਦਾ ਨਿੱਘ ਮਾਣ ਸਕਣ। ਅਜਿਹਾ ਇਸ ਲਈ ਕੀਤਾ ਸੀ ਤਾਂ ਜੋ ਉਹ ਪਾਕਿਸਤਾਨ ਨਾਲ ਨਾ ਜੁੜ ਜਾਣ ਜਾਂ ਵੱਖਰੀ ਸਟੇਟ ਨਾ ਮੰਗਣ। ਕਹਿਣ ਵਾਲੇ ਚਿੰਤਕ ਇਹ ਵੀ ਕਹਿੰਦੇ ਹਨ ਕਿ ਉਸ ਸਮੇਂ ਸਿੱਖ ਲੀਡਰਾਂ ਨੂੰ ਰਾਸ਼ਟਰਵਾਦ ਦੇ ਨਾਮ 'ਤੇ ਠੱਗਿਆ ਗਿਆ। ਜਦੋਂ ਅਜ਼ਾਦੀ ਹਾਸਲ ਹੋਈ ਤਾਂ ਸਿੱਖ ਲੀਡਰਾਂ ਨੇ ਆਪਣੀ ਕੌਮ ਦੇ ਅਧਿਕਾਰ ਮੰਗੇ ਤਾਂ ਭਾਰਤੀ ਲੀਡਰਾਂ ਨੇ ਕਿਹਾ ਕਿ ਇਹ ਤਾਂ ਬੀਤੇ ਦੀ ਗੱਲ ਹੈ, ਇਸ ਨੂੰ ਹੁਣ ਭੁੱਲ ਜਾਓ। ਉਸ ਤੋਂ ਬਾਅਦ ਪੰਜਾਬ ਵਿੱਚ 1966 ਦੀ 'ਰਿ-ਓਰਗਨਾਈਜ਼ੇਸ਼ਨ' ਤੋਂ ਪਹਿਲਾਂ 60ਵਿਆਂ ਦੇ ਅੱਧ ਵਿਚ ਪਹਿਲੀ ਵਾਰ ਅਕਾਲੀ ਆਗੂਆਂ ਨੇ ਸਿੱਖਾਂ ਲਈ ਸਿੱਖ ਹੋਮਲੈਂਡ ਦਾ ਮੁੱਦਾ ਚੁੱਕਿਆ ਸੀ। ਪਰ 84 ਤੋਂ ਬਾਅਦ ਇਹ ਮੁੱਦਾ ਖਾਲਿਸਤਾਨ ਦੇ ਰੂਪ ਵਿਚ ਵੱਡੀ ਪੱਧਰ 'ਤੇ ਫੈਲ ਗਿਆ। ਵਿਦੇਸ਼ ਵਿਚ ਰਹਿੰਦੇ ਸਿੱਖ ਇਸ ਦਾ ਵੱਡੀ ਪੱਧਰ 'ਤੇ ਪ੍ਰਚਾਰ ਕਰ ਰਹੇ ਹਨ ਤੇ ਉਹ ਚਾਹੁੰਦੇ ਹਨ ਕਿ ਪੰਜਾਬ ਭਾਰਤ ਤੋਂ ਅਜ਼ਾਦ ਹੋਵੇ।

### ਰਵਾਇਤੀ ਲੀਡਰਸ਼ਿਪ ਨੇ ਮੁੱਦਾ ਤਿਆਗਿਆ

ਭਾਰਤ ਵਿੱਚ 90 ਦੇ ਦਹਾਕੇ ਵਿੱਚ ਸਿੱਖਾਂ ਦੇ ਹਥਿਆਰਬੰਦ ਸੰਘਰਸ਼ ਖਤਮ ਹੋਣ ਤੋਂ ਬਾਅਦ ਕਿਸੇ ਵੀ ਮੁੱਖ ਸਿਆਸੀ ਪਾਰਟੀ ਨੇ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਸੀ। ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹਿ ਚੁੱਕੇ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਅਕਾਲੀ ਆਗੂਆਂ ਵਿੱਚੋਂ ਹਨ, ਜਿਨ੍ਹਾਂ ਨੇ ਕਦੇ ਖ਼ਾਲਿਸਤਾਨ ਦੀ ਮੰਗ ਚੁੱਕੀ ਸੀ ਪਰ ਇਹ ਮੰਗ ਉਨ੍ਹਾਂ ਨੇ ਮੁੱਖ ਮੰਤਰੀ ਵਜੋਂ ਬੀਤੇ ਤਿੰਨ ਕਾਰਜਕਾਲਾਂ ਤੋਂ ਪਹਿਲਾਂ ਹੀ ਚੁੱਕੀ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਫਰਵਰੀ 1996 ਨੂੰ ਮੋਗਾ ਵਿੱਚ ਕਰਵਾਈ ਗਈ ਅਕਾਲੀ ਦਲ ਦੀ 75ਵੀਂ ਵਰ੍ਹੇਗੰਢ 'ਤੇ ਅਨੰਦਪੁਰ ਮਤੇ ਅਤੇ ਖਾਲਸਾ ਜੀ ਦੇ ਬੋਲ ਬਾਲੇ ਨਾਲ ਨਾਤਾ ਤੋੜਦਿਆਂ ਅਕਾਲੀ ਦਲ ਦਾ ਸਰੂਪ ਪੰਜਾਬੀਅਤ ਵਿੱਚ ਤਬਦੀਲ ਕਰ ਦਿੱਤਾ। ਹੁਣ ਖਾਲਿਸਤਾਨ ਦੀ ਮੰਗ ਅਮਰੀਕਾ, ਕੈਨੇਡਾ, ਯੂਕੇ ਤੇ ਯੂਰਪ ਵਰਗੇ ਦੇਸਾਂ ਵਿੱਚ ਵਸੇ ਕਈ ਸਿੱਖਾਂ ਵੱਲੋਂ ਚੁੱਕੀ ਜਾ ਰਹੀ ਹੈ। ਸੁਪਰੀਮ ਕੋਰਟ ਨੇ 1995 ਵਿੱਚ ਕਿਹਾ ਸੀ ਕਿ ਲੋਕਤੰਤਰ ਮੁਤਾਬਕ ਖ਼ਾਲਿਸਤਾਨ ਦੀ ਮੰਗ ਕੋਈ ਜੁਰਮ ਨਹੀਂ ਹੈ। ਦਲ ਖਾਲਸਾ, ਅਕਾਲੀ ਦਲ (ਅ) ਖਾਲਿਸਤਾਨ ਦੇ ਕੱਟੜ ਹਮਾਇਤੀ ਹਨ, ਪਰ ਪੰਜਾਬ ਦੇ ਸਿੱਖ ਸਟੇਟ ਦੀ ਦਹਿਸ਼ਤ ਤੋਂ ਡਰ ਕੇ ਖਾਲਿਸਤਾਨ ਦੀ ਹਮਾਇਤ ਕਰਨ ਤੋਂ ਗੁਰੇਜ਼ ਕਰਦੇ ਹਨ।

### ਅੰਮ੍ਰਿਤਸਰ ਐਲਾਨਨਾਮਾ

ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ (ਅੰਮ੍ਰਿਤਸਰ) ਨੇ ਸੰਨ 1994 ਵਿੱਚ ਰਾਜਸੀ ਨਿਸ਼ਾਨੇ ਮੁੜ ਸਥਾਪਿਤ ਕੀਤੇ, ਜਿਸ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਵੀ ਹਸਤਾਖ਼ਰ ਕੀਤੇ ਸਨ। ਇਹ ਦਸਤਾਵੇਜ਼ ਅੰਮ੍ਰਿਤਸਰ ਐਲਾਨਨਾਮੇ ਵਜੋਂ ਵੀ ਜਾਣਿਆ ਜਾਂਦਾ ਹੈ, ਜਿਸ 'ਤੇ ਪਹਿਲੀ ਮਈ, 1994 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਦਸਤਖ਼ਤ ਕੀਤੇ ਗਏ ਸੀ। ਇਸ ਦਸਤਾਵੇਜ਼ ਮੁਤਾਬਕ, "ਸ਼੍ਰੋਮਣੀ ਅਕਾਲੀ ਦਲ ਦਾ ਮੰਨਣਾ ਹੈ ਕਿ ਹਿੰਦੁਸਤਾਨ ਵੱਖ-ਵੱਖ ਰਾਸ਼ਟਰੀ ਸੰਸਕ੍ਰਿਤੀਆਂ ਦਾ ਉੱਪ ਮਹਾਂਦੀਪ ਹੈ, ਹਰੇਕ ਆਪਣੀ ਵਿਰਾਸਤ ਅਤੇ ਮੁੱਖ ਧਾਰਾ ਦੇ ਨਾਲ ਹੈ।"

"ਇਸ ਉੱਪ ਮਹਾਂਦੀਪ ਨੂੰ ਮਹਾਂਸੰਘੀ ਸੰਰਚਨਾ ਦੇ ਨਾਲ ਪੁਨਰਗਠਿਤ ਕਰਨ ਦੀ ਲੋੜ ਹੈ ਤਾਂ ਜੋ ਹਰੇਕ ਸੰਸਕ੍ਰਿਤੀ ਆਪਣੀ ਪ੍ਰਤਿਭਾ ਅਨੁਸਾਰ ਖਿੜ ਸਕੇ ਅਤੇ ਵਿਸ਼ਵ ਦੇ ਬਗੀਚੇ ਵਿੱਚ ਇੱਕ ਵੱਖਰੀ ਖ਼ੁਸ਼ਬੂ ਛੱਡੀ ਜਾ ਸਕੇ।"

"ਜੇਕਰ ਅਜਿਹੇ ਇੱਕ ਸੰਗਠਨਾਤਮਕ ਪੁਨਰਗਠਨ ਨੂੰ ਭਾਰਤੀ ਹਿੰਦੁਸਤਾਨੀ (ਭਾਰਤੀ) ਸ਼ਾਸਕਾਂ (ਭਾਰਤ ਸਰਕਾਰ) ਵੱਲੋਂ ਸਵੀਕਾਰ ਨਹੀਂ ਕੀਤਾ ਜਾਂਦਾ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਖ਼ਾਲਿਸਤਾਨ ਦੀ ਮੰਗ ਅਤੇ ਸੰਘਰਸ਼ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਹੈ।"

ਇਸ 'ਤੇ ਕੈਪਟਨ ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ, ਕਰਨਲ ਜਸਮੇਰ ਸਿੰਘ ਬਾਲਾ, ਭਾਈ ਮਨਜੀਤ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਦੇ ਦਸਤਖ਼ਤ ਹਨ।

ਇਸ ਮੈਮੋਰੈਂਡਮ ਤੇ ਸਿਮਰਨਜੀਤ ਸਿੰਘ ਮਾਨ, ਪ੍ਰਕਾਸ਼ ਸਿੰਘ ਬਾਦਲ ਤਤਕਾਲੀ ਐੱਸਜੀਪੀਸੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਦਸਤਖਤ ਕੀਤੇ ਸੀ। ਇਸ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਵੱਲੋਂ ਇਸ ਬਾਰੇ ਕਰਦੇ ਜ਼ਿਕਰ ਨਹੀਂ ਕੀਤਾ ਗਿਆ।

## ਖਾਲਿਸਤਾਨ ਦਾ ਇਤਿਹਾਸ

ਖ਼ਾਲਿਸਤਾਨ ਦੀ ਪਹਿਲੀ ਮੰਗ ਕੁਝ ਸਿੱਖ ਆਗੂ ਜਿਵੇਂ ਇੰਗਲੈਂਡ ਤੋਂ ਚਰਨ ਸਿੰਘ ਪੰਛੀ ਤੇ ਫਿਰ 70ਵਿਆਂ ਦੇ ਸ਼ੁਰ ਵਿੱਚ ਡਾਕਟਰ ਜਗਜੀਤ ਸਿੰਘ ਚੌਹਾਨ ਨੇ ਕੀਤੀ ਸੀ। ਡਾ. ਜਗਜੀਤ ਸਿੰਘ ਚੌਹਾਨ 70ਵੇਂ ਦੇ ਦਹਾਕੇ ਵਿੱਚ ਬਰਤਾਨੀਆ ਨੂੰ ਬੇਸ ਬਣਾ ਕੇ ਅਮਰੀਕਾ ਅਤੇ ਪਾਕਿਸਤਾਨ ਦਾ ਦੌਰਾ ਵੀ ਕਰਦੇ ਰਹੇ ਸਨ। ਕੁਝ ਨੌਜਵਾਨ ਸਿੱਖਾਂ ਨੇ ਖ਼ਾਲਿਸਤਾਨ ਨਾਲ ਸਿਆਸੀ ਉਦੇਸ਼ਾਂ ਲਈ ਸੰਨ 1978 ਵਿੱਚ ਚੰਡੀਗੜ੍ਹ ਵਿੱਚ ਦਲ ਖਾਲਸਾ ਬਣਾਇਆ ਸੀ। ਸਿੱਖ ਖਾੜਕੂਆਂ ਦੇ ਸੰਘਰਸ਼ ਦਾ ਪਹਿਲਾਂ ਪੜਾਅ ਸਾਲ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਆਪਰੇਸ਼ਨ ਬਲਿਊ ਸਟਾਰ ਤਹਿਤ ਫੌਜੀ ਹਮਲੇ ਨਾਲ ਖ਼ਤਮ ਹੋਇਆ। ਹਾਲਾਂਕਿ ਇਸ ਹਥਿਆਰਬੰਦ ਸੰਘਰਸ਼ ਦੀ ਅਗਵਾਈ ਕਰਨ ਵਾਲੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਨੇ ਵੀ ਸਪੱਸ਼ਟ ਤੌਰ 'ਤੇ ਕਦੇ ਇਸ ਦੀ ਮੰਗ ਨਹੀਂ ਕੀਤੀ ਸੀ। ਉਨ੍ਹਾਂ ਇਹ ਕਿਹਾ ਸੀ ਕਿ ਸਿੱਖ ਭਾਰਤ ਵਿਚ ਗੁਲਾਮ ਹਨ ਤੇ ਇਹ ਗੁਲਾਮੀ ਅਸੀਂ ਗਲੋਂ ਲਾਹੁਣੀ ਹੈ। ਅਸੀਂ ਘਸਿਆਰੇ ਬਣ ਕੇ ਨਹੀਂ ਜਿਉਣਾ, ਮਾਲਕ ਬਣ ਕੇ ਜਿਉਣਾ ਹੈ, ਅਜ਼ਾਦੀ ਨਾਲ ਜਿਉਣਾ ਹੈ। ਜੇਕਰ ਭਾਰਤ ਸਰਕਾਰ ਸਿੱਖਾਂ ਨੂੰ ਖਾਲਿਸਤਾਨ ਦੇਣਾ ਚਾਹੁੰਦੀ ਹੈ ਤਾਂ ਉਹ ਪਹਿਲੀ ਵਾਲੀ ਗਲਤੀ ਨਹੀਂ ਦੁਹਰਾਉਣਗੇ ਤੇ ਉਹ ਖਾਲਿਸਤਾਨ ਲੈ ਲੈਣਗੇ।'

ਉਨ੍ਹਾਂ ਦਾ ਇਹ ਬਾਅਦ 'ਚ ਖਾੜਕੂ ਧਿਰਾਂ ਨੇ ਨਾਅਰਾ ਹੀ ਬਣਾਇਆ ਸੀ- 'ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਖ਼ਾਲਿਸਤਾਨ ਦੀ ਨੀਂਹ ਰੱਖੇਗਾ।'

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਅਪਣਾਏ ਗਏ ਸ੍ਰੀ ਆਨੰਦਪੁਰ ਸਾਹਿਬ 1973 ਦੇ ਮਤੇ ਨੂੰ ਲਾਗੂ ਕਰਵਾਉਣ ਲਈ ਦਬਾਅ ਪਾਇਆ ਸੀ। ਇਸ ਦਾ ਰਾਜਸੀ ਨਿਸ਼ਾਨਾ ਹੈ ਕਿ ਸਿੱਖ ਪੰਥ ਦੇ ਦਸਮ ਪਾਤਸ਼ਾਹ ਦੇ ਆਦੇਸ਼ਾਂ ਤੇ ਸਿੱਖ ਇਤਿਹਾਸ ਦੇ ਆਧਾਰ 'ਤੇ ਚੱਲਿਆ ਜਾਏ ਅਤੇ ਉਸਦਾ ਮਕਸਦ "ਖਾਲਸਾ ਜੀ ਦਾ ਬੋਲ ਬਾਲਾ" ਹੈ। ਖਾਲਸਾ ਦੇ ਜਨਮ ਸਿਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ਕਾਲ ਤੇ ਰਾਜਸੀ ਵਿਧਾਨ ਦੀ ਸਿਰਜਨਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"

ਅਸਲ ਵਿਚ ਅਨੰਦਪੁਰ ਦਾ ਮਤੇ ਦਾ ਉਦੇਸ਼ ਖ਼ੁਦਮੁਖ਼ਤਾਰ ਸੂਬੇ ਦਾ ਨਿਰਮਾਣ ਕਰਨਾ ਸੀ। ਇਸ ਮਤੇ ਨੂੰ 1977 ਵਿੱਚ ਅਕਾਲੀ ਦਲ ਵੱਲੋਂ ਆਪਣੀ ਜਨਰਲ ਹਾਊਸ ਮੀਟਿੰਗ ਵਿੱਚ ਇੱਕ ਨੀਤੀ ਪ੍ਰੋਗਰਾਮ ਤਹਿਤ ਅਪਣਾਇਆ ਗਿਆ ਸੀ। ਅਗਲੇ ਹੀ ਸਾਲ ਅਕਤੂਬਰ 1978 ਵਿੱਚ ਲੁਧਿਆਣਾ ਕਾਨਫਰੰਸ ਦੌਰਾਨ ਪਾਸਾ ਵੱਟ ਲਿਆ ਗਿਆ।

ਖ਼ੁਦਮੁਖ਼ਤਾਰੀ ਬਾਰੇ 1978 ਆਨੰਦਪੁਰ ਸਾਹਿਬ ਦਾ ਮਤਾ ਇਸ ਤਰ੍ਹਾਂ ਹੈ: "ਸ਼੍ਰੋਮਣੀ ਅਕਾਲੀ ਦਲ ਨੂੰ ਅਹਿਸਾਸ ਹੈ ਕਿ ਭਾਰਤ ਇੱਕ ਸੰਘੀ ਅਤੇ ਵੱਖ ਵੱਖ ਭਾਸ਼ਾਵਾਂ, ਧਰਮਾਂ ਅਤੇ ਸੱਭਿਆਚਾਰਾਂ ਦੀ ਇਕਾਈ ਹੈ। ਧਾਰਮਿਕ ਅਤੇ ਭਾਸ਼ਾ ਪੱਖੋਂ ਘੱਟ ਗਿਣਤੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਰੱਖਿਆ ਲਈ, ਲੋਕਤੰਤਰਿਕ ਪਰੰਪਰਾਵਾਂ ਦੀਆਂ ਮੰਗਾਂ ਦੀ ਪੂਰਤੀ ਕਰਨ ਅਤੇ ਆਰਥਿਕ ਤਰੱਕੀ ਨੂੰ ਪੱਕਾ ਕਰਨ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਸੰਵਿਧਾਨਿਕ ਸਰੰਚਨਾ ਨੂੰ ਕੇਂਦਰ ਅਤੇ ਸੂਬਿਆਂ ਦੇ ਸੰਬੰਧਾਂ ਅਤੇ ਅਧਿਕਾਰਾਂ ਨੂੰ ਮੁੜ ਪਰਿਭਾਸ਼ਤ ਕਰਕੇ ਉਪਰ ਲਿਖੇ ਸਿਧਾਂਤਾਂ ਅਤੇ ਉਦੇਸ਼ਾਂ ਦੇ ਆਧਾਰ 'ਤੇ ਸੰਘੀ ਢਾਂਚਾ ਹੋਣਾ ਚਾਹੀਦਾ ਹੈ।"

ਖ਼ਾਲਿਸਤਾਨ ਦੀ ਮੰਗ ਰਸਮੀ ਤੌਰ 'ਤੇ 29 ਅਪ੍ਰੈਲ 1986 ਨੂੰ ਖਾੜਕੂ ਸੰਗਠਨਾਂ ਦੇ ਸਾਂਝੇ ਮੋਰਚੇ ਪੰਥਕ ਕਮੇਟੀ ਵੱਲੋਂ ਕੀਤੀ ਗਈ। ਇਸ ਦਾ ਰਾਜਸੀ ਨਿਸ਼ਾਨਾ ਇੰਝ ਬਿਆਨ ਕੀਤਾ ਗਿਆ ਸੀ:"ਪਵਿੱਤਰ ਅਕਾਲ ਤਖ਼ਤ ਸਾਹਿਬ ਤੋਂ ਅੱਜ ਦੇ ਖ਼ਾਸ ਦਿਹਾੜੇ 'ਤੇ ਅਸੀਂ ਸਾਰੇ ਮੁਲਕਾਂ, ਸਰਕਾਰਾਂ ਸਾਹਮਣੇ ਐਲਾਨ ਕਰਦੇ ਹੋਏ, ਉਨ੍ਹਾਂ ਨੂੰ ਦੱਸ ਰਹੇ ਹਾਂ ਕਿ ਅੱਜ ਤੋਂ ਖਾਲਸਾ ਪੰਥ ਦਾ 'ਖ਼ਾਲਿਸਤਾਨ' ਅਲੱਗ ਘਰ ਹੋਵੇਗਾ, ਜਿੱਥੇ ਸਾਰੇ ਖਾਲਸੇ ਦੇ ਆਸ਼ੇ ਮੁਤਾਬਕ ਚੜ੍ਹਦੀ ਕਲਾ ਵਿੱਚ ਰਹਿਣਗੇ।"

"ਅਜਿਹੇ ਸਿੱਖਾਂ ਨੂੰ ਸਰਕਾਰੀ ਪ੍ਰਬੰਧ ਚਲਾਉਣ ਲਈ ਉੱਚੇ ਅਹੁਦਿਆਂ ਦੀ ਜ਼ਿੰਮੇਵਾਰੀ ਦਿੱਤੀ ਜਾਵੇਗੀ, ਜਿਹੜੇ ਸਰਬੱਤ ਦੇ ਭਲੇ ਲਈ ਕੰਮ ਕਰਦੇ ਹੋਣ ਅਤੇ ਆਪਣੇ ਖ਼ੂਨ-ਪਸੀਨੇ ਦੀ ਕਮਾਈ ਨਾਲ ਗੁਜ਼ਾਰਾ ਕਰਦੇ ਹੋਣਗੇ।" ਭਾਰਤੀ ਪੁਲਿਸ ਦੇ ਸਾਬਕਾ ਆਈਪੀਐੱਸ ਅਫ਼ਸਰ ਸਿਮਰਨਜੀਤ ਸਿੰਘ ਮਾਨ ਨੇ ਸਾਲ 1989 ਵਿੱਚ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਇਸ ਮੁੱਦੇ ਨੂੰ ਚੁੱਕਿਆ ਤੇ ਅੱਜ ਤੱਕ ਇਸ ਮੁੱਦੇ 'ਤੇ ਕਾਇਮ ਹਨ। ਹਾਲਾਂਕਿ, ਸਾਲ 1992 ਵਿੱਚ ਇਹ ਮੁੱਦਾ ਰਸਮੀ ਤੌਰ 'ਤੇ ਅਕਾਲੀ ਦਲ ਦੇ ਪ੍ਰਮੁੱਖ ਆਗੂਆਂ ਵੱਲੋਂ ਚੁੱਕਿਆ ਗਿਆ ਸੀ। ਇਸ ਸਬੰਧੀ ਉਨ੍ਹਾਂ ਨੇ 22 ਅਪ੍ਰੈਲ, 1992 ਨੂੰ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੂੰ ਇੱਕ ਮੈਮੋਰੰਡਮ ਵੀ ਸੌਂਪਿਆ ਸੀ। ਮੈਮੋਰੰਡਮ ਦਾ ਆਖ਼ਰੀ ਪੈਰ੍ਹਾ ਇਸ ਪ੍ਰਕਾਰ ਸੀ,"ਸਿੱਖਾਂ ਦੇ ਆਰਥਿਕ, ਸਮਾਜਕ ਅਤੇ ਸੱਭਿਆਚਾਰਕ ਹੱਕਾਂ ਦੀ ਰਾਖੀ ਅਤੇ ਆਜ਼ਾਦੀ ਦੀ ਬਹਾਲੀ ਲਈ ਪੰਜਾਬ ਨੂੰ ਫੌਜ ਦੇ ਘੇਰੇ ਵਿਚੋਂ ਕੱਢਣਾ ਅਤੇ ਗ਼ੈਰ-ਬਸਤੀਵਾਦੀ ਬਣਾਉਣਾ ਅਹਿਮ ਕਦਮ ਹੈ। ਦੁਨੀਆਂ ਦੀਆਂ ਸਾਰੀਆਂ ਆਜ਼ਾਦ ਕੌਮਾਂ ਵਾਂਗ ਸਿੱਖ ਕੌਮ ਵੀ ਹੈ।"

"ਲੋਕਾਂ ਨੂੰ ਆਜ਼ਾਦੀ ਨਾਲ ਰਹਿਣ ਦੇ ਹੱਕ ਸਬੰਧੀ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਮੁਤਾਬਕ ਸਿੱਖਾਂ ਨੂੰ ਵੀ ਉਨ੍ਹਾਂ ਦੀ ਆਜ਼ਾਦ ਹਸਤੀ ਬਹਾਲ ਕਰਨ ਲਈ ਵਿਤਕਰੇ, ਬਸਤੀਵਾਦੀ ਅਤੇ ਗ਼ੁਲਾਮੀ ਅਤੇ ਰਾਜਸੀ ਵਿਰੋਧੀ ਬੰਧਨਾਂ ਵਿਚੋਂ ਮੁਕਤੀ ਚਾਹੀਦੀ ਹੈ।"

ਮੈਮੋਰੰਡਮ ਸਿਮਰਨਜੀਤ ਸਿੰਘ ਮਾਨ, ਸਣੇ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਸ਼ਾਮਲ ਸਨ।

## ਕੈਪਟਨ ਤੇ ਬਾਦਲ ਖਾਲਿਸਤਾਨ ਤੋਂ ਭਗੌੜੇ -ਮਾਨ

**ਜਲੰਧਰ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਨਰਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਖਾਲਿਸਤਾਨ ਦੀ ਪ੍ਰਾਪਤੀ ਤੀਕ ਜਦੋ ਜਹਿਦ ਜਾਰੀ ਰਹੇਗੀ। ਉਨ੍ਹਾਂ ਸਾਫ ਕਿਹਾ ਕਿ 1849 ਵਿੱਚ ਸਿੱਖਾਂ ਤੇ ਅੰਗਰੇਜਾਂ ਦਰਮਿਆਨ ਹੋਈ ਸੰਧੀ ਵਿਚ ਸਿੱਖਾਂ ਦੀ ਬਾਦਸ਼ਾਹਤ ਨੂੰ ਕਬੂਲ ਕੀਤਾ ਹੈ, ਅੰਗਰੇਜ਼ਾਂ ਨੇ ਉਹ ਬਾਦਸ਼ਾਹਤ ਕਦੇ ਖਤਮ ਨਹੀ ਕੀਤੀ ਬਲਕਿ ਦੇਸ਼ ਵੰਡ ਸਮੇਂ ਮੁਅਤਲ ਹੋਈ ਸੀ ।1946 ਵਿਚ ਸਿੱਖ ਪਾਰਲੀਮੈਂਟ ਨੇ ਖਾਲਿਸਤਾਨ ਦਾ ਮਤਾ ਪੇਸ਼ ਕੀਤਾ ਹੈ ਜੋ ਸਿੱਖ ਬਾਦਸ਼ਾਹਤ ਦਾ ਸਬੂਤ ਹੈ। ਮਾਨ ਨੇ ਦੋਸ਼ ਲਾਇਆ ਕਿ ਕਿਸੇ ਵਕਤ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਖਾਲਿਸਤਾਨ ਦੀ ਹਮਾਇਤ ਕੀਤੀ ਸੀ, ਪਰ ਹੁਣ ਇਸ ਗੱਲ ਤੋਂ ਭੱਜ ਰਹੇ ਹਨ। ਬਾਦਲ ਨੇ ਤਾਂ ਉਸ ਸਮੇਂ ਸੰਵਿਧਾਨ ਵੀ ਸਾੜਿਆ ਸੀ। ਉਨਾ ਕਿਹਾ ਕਿ ਐਨਾ ਕੁਝ ਵਾਪਰ ਜਾਣ ਤੇ ਵੀ ਸਿੱਖ ਜਾਗੇ ਨਹੀ ਹਨ, ਸਾਡੇ ਬੱਚੇ ਪਤਿਤ ਹੋ ਰਹੇ ਹਨ, ਅਸੀਂ ਖਾਮੋਸ਼ ਹਾਂ, ਨਸ਼ਿਆਂ ਵਿੱਚ ਮਰ ਰਹੇ ਹਨ ਅਸੀਂ ਚੁੱਪ ਹਾਂ, ਸਾਡੀ ਆਰਥਿਕਤਾ ਸਾਡਾ ਸਵੈਮਾਣ, ਸਭ ਕੁਝ ਦਾਅ ਤੇ ਲੱਗ ਰਿਹਾ ਹੈ ਲੇਕਿਨ ਅਸੀਂ ਅਜੇ ਤੀਕ ਜਾਗੇ ਨਹੀ ਹਾਂ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰਿਆਂ ਮਸਲਿਆਂ ਦਾ ਹੱਲ ਖਾਲਿਸਤਾਨ ਹੈ। ਮਾਨ ਨੇ ਕਿਹਾ ਕਿ 1919 ਦੇ ਜਲਿਆਂਵਾਲਾ ਗੋਲੀਕਾਂਡ ਲਈ ਹਿੰਦੂ ਅੱਜ ਵੀ ਬ੍ਰਿਟਿਸ਼ ਸਰਕਾਰ ਤੋਂ ਮੁਆਫੀ ਦੀ ਮੰਗ ਕਰਦੇ ਹਨ ਲੇਕਿਨ ਸਿੱਖਾਂ ਬਾਰੇ ਸਾਰੇ ਚੁਪ ਹਨ। ਉਨਾ ਕਿਹਾ ਕਿ ਸਿੱਖਾਂ ਨੇ ਮੁਸਲਮਾਨਾਂ ਨੂੰ ਪਾਕਿਸਤਾਨ ਤੇ ਹਿੰਦੂਆਂ ਨੂੰ ਹਿੰਦੁਸਤਾਨ ਦਿਵਾਇਆ ਹੈ ਜੇਕਰ ਹੁਣ ਇਹ ਖਾਲਿਸਤਾਨ ਬਣਾ ਲੈਣਗੇ ਤਾਂ ਕੋਈ ਆਫਤ ਨਹੀ ਆਉਣ ਲੱਗੀ। ਉਨ੍ਹਾਂ ਸਾਫ ਕਿਹਾ ਕਿ ਖਾਲਿਸਤਾਨ ਵਿੱਚ ਸਾਰੇ ਧਰਮਾ ਦੇ ਲੋਕ ਰਹਿਣਗੇ, ਆਪਣੇ ਧਾਰਮਿਕ ਅਕੀਦੇ ਅਨੁਸਾਰ ਜੀਣਗੇ, ਲੇਕਿਨ ਉਹ ਮੰਗਤੇ ਨਹੀ ਹੋਣਗ, ਉਨ੍ਹਾਂ ਦੀਆਂ ਲੋੜਾਂ ਸਰਕਾਰ ਪੂਰੀਆਂ ਕਰੇਗੀ, ਇਸ ਲਈ ਖਾਲਿਸਤਾਨ ਨੂੰ ਹਊਆ ਨਾ ਸਮਝੋ ਇਹ ਸਿੱਖਾਂ ਦਾ ਹੱਕ ਹੈ।



### ਸਿੱਖ ਫਾਰ ਜਸਟਿਸ ਦੀ ਮੁਹਿੰਮ

ਖਾਲਿਸਤਾਨ ਦੇ ਹੱਕ ਵਿਚ ਸਿੱਖ ਫਾਰ ਜਸਟਿਸ ਮੁਹਿੰਮ ਬਹੁਤ ਤੇਜ਼ੀ ਨਾਲ ਚਲਾ ਰਿਹਾ ਹੈ। ਇਹ ਸੰਗਠਨ ਅਮਰੀਕਾ ਤੋਂ ਪੰਜਾਬ ਵਿੱਚ ਰਾਇਸ਼ੁਮਾਰੀ ਲਈ ਮੁਹਿੰਮ ਚਲਾ ਰਿਹਾ ਹੈ। 'ਸਿੱਖਾਂ ਦੀ ਆਜ਼ਾਦੀ' ਲਈ ਸ਼ਾਂਤਮਈ ਸੰਘਰਸ਼ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਉਂਦਿਆਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਆਖਿਆ ਕਿ ਐਸਐਫਜੇ ਦੀ ਰੈਫਰੈਂਡਮ-2020 ਪ੍ਰਚਾਰ ਮੁਹਿੰਮ ਦਾ ਟੀਚਾ ਪੰਜਾਬ ਨੂੰ 'ਭਾਰਤ ਤੋਂ ਆਜ਼ਾਦੀ' ਦਿਵਾਉਣਾ ਹੈ। ਐਸਐਫਜੇ ਭਾਰਤ ਸਰਕਾਰ ਤੇ ਭਾਰਤੀ ਸੰਵਿਧਾਨ ਨੂੰ ਮਾਨਤਾ ਨਹੀਂ ਦਿੰਦੀ ਤੇ ਸਰਕਾਰ ਵੱਲੋਂ ਲਾਏ ਦੋਸ਼ ਕਿਸੇ ਵੀ ਢੰਗ ਨਾਲ ਢੁੱਕਵੇਂ ਨਹੀਂ ਹਨ। ਪੰਨੂ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਇੱਕ ਪਾਸੇ ਤਾਂ ਸੰਨ 1994 ਦੇ ਅੰਮ੍ਰਿਤਸਰ ਐਲਾਨਨਾਮੇ 'ਤੇ ਦਸਤਖ਼ਤ ਕੀਤੇ ਜਿਹੜਾ ਸਿੱਖਾਂ ਦੀ ਆਜ਼ਾਦੀ ਦੀ ਗੱਲ ਕਰਦਾ ਹੈ ਤੇ ਦੂਜੇ ਪਾਸੇ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਅਮਰਿੰਦਰ ਸਿੰਘ ਨੇ ਰਾਸ਼ਟਰਵਾਦੀ ਬਣ ਕੇ ਭਾਰਤ ਦੀ ਏਕਤਾ ਤੇ ਅਖੰਡਤਾ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ। ਅਮਰਿੰਦਰ ਸਿੰਘ ਨੂੰ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦਾ ਪਰਛਾਵਾਂ ਕਰਾਰ ਦਿੰਦਿਆਂ ਗੁਰਪਤਵੰਤ ਪੰਨੂ ਨੇ ਕਿਹਾ ਕਿ 'ਪੰਜਾਬ ਇੰਡੀਪੈਂਡੈਂਸ ਰੈਫਰੈਂਡਮ-2020' ਸੰਯੁਕਤ ਰਾਸ਼ਟਰ ਦੀਆਂ ਨੀਤੀਆਂ ਤੇ ਨਿਯਮਾਂ ਮੁਤਾਬਕ ਚਲਾਈ ਜਾ ਰਹੀ ਸ਼ਾਂਤਮਈ ਅਤੇ ਜਮਹੂਰੀ ਪ੍ਰਚਾਰ ਮੁਹਿੰਮ ਹੈ।




ਖਾਲਿਸਤਾਨ ਦੇ ਹੱਕ ਵਿਚ ਸੰਘਰਸ਼ ਕਰਦੇ ਹੋਏ ਪਰਵਾਸੀ ਸਿਖ

# ਕੈਪਟਨ ਖਾਲਿਸਤਾਨ ਦੇ ਵਿਰੋਧ 'ਚ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਹੈ ਕਿ ਖਾਲਿਸਤਾਨ ਕਦੇ ਨਹੀਂ ਬਣੇਗਾ ਤੇ ਖਾਲਿਸਤਾਨ ਦਾ ਮੁੱਦਾ ਉਠਾਉਣ ਵਾਲੇ ਲੋਕ ਭਾਰਤ ਤੇ ਪੰਜਾਬ ਲਈ ਘਾਤਕ ਹਨ। ਅਸੀਂ ਪੰਜਾਬ ਵਿਚ ਇਨ੍ਹਾਂ ਦੀਆਂ ਗਤੀਵਿਧੀਆਂ ਬਿਲਕੁਲ ਬਰਦਾਸ਼ਤ ਨਹੀਂ ਕਰਾਂਗੇ। ਪੰਜਾਬ ਅੱਗੇ ਸੰਤਾਪ ਦੇ ਦੌਰ ਵਿਚੋਂ ਲੰਘਿਆ ਹੈ ਤੇ ਹੁਣ ਅਸੀਂ ਨਹੀਂ ਚਾਹੁੰਦੇ ਕਿ ਇਹੋ ਜਿਹੇ ਅਨਸਰ ਪੰਜਾਬ ਨੂੰ ਤਬਾਹ ਕਰਨ। ਉਨ੍ਹਾਂ ਕਿਹਾ ਕਿ ਅਤਿਵਾਦ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਵੰਡ ਪਾਊ ਤਾਕਤਾਂ ਨੂੰ ਕਿਸੇ ਮੁਲਕ ਵੱਲੋਂ ਕਿਸੇ ਵੀ ਕੀਮਤ 'ਤੇ ਉਤਸ਼ਾਹਤ ਨਹੀਂ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਆਲਮੀ ਸ਼ਾਂਤੀ ਲਈ ਗੰਭੀਰ ਖਤਰਾ ਹਨ ਜਿਸ ਕਰਕੇ ਵਿਸ਼ਵ ਦੇ ਕਿਸੇ ਵੀ ਹਿੱਸੇ ਵਿੱਚ ਅਤਿਵਾਦ ਨੂੰ ਸਿਰ ਚੁੱਕਣ ਦੀ ਆਗਿਆ ਨਹੀਂ ਦਿੱਤੀ ਚਾਹੀਦੀ। ਉਨ੍ਹਾਂ ਕਿਹਾ ਕਿ ਵੱਖਵਾਦੀ ਤਾਕਤਾਂ ਦੀ ਪੁਸ਼ਤਪਨਾਹੀ ਜਾਂ ਹਮਾਇਤ ਕਰਨਾ ਲੰਮੇ ਸਮੇਂ ਵਿੱਚ ਸਿਰਫ ਉਨ੍ਹਾਂ ਮੁਲਕਾਂ ਲਈ ਹੀ ਨੁਕਸਾਨਦੇਹ ਨਹੀਂ ਹੁੰਦਾ ਜਿਨ੍ਹਾਂ ਵਿਰੁੱਧ ਇਨਾਂ ਤਾਕਤਾਂ ਨੂੰ ਉਕਸਾਇਆ ਜਾਂਦਾ ਹੈ ਸਗੋਂ ਆਪਣੀ ਧਰਤੀ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਵਾਲੇ ਮੁਲਕਾਂ ਲਈ ਵੀ ਇਹ ਤਾਕਤਾਂ ਘਾਤਕ ਸਿੱਧ ਹੁੰਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਕੈਨੇਡਾ ਸਦਾ ਹੀ ਭਾਰਤ ਖਾਸ ਕਰਕੇ ਪੰਜਾਬ ਦਾ ਮਿੱਤਰ ਰਿਹਾ ਹੈ ਜਿੱਥੋਂ ਦੇ ਲੋਕਾਂ ਨੇ ਪੱਛਮੀ ਮੁਲਕ ਦੀ ਤਰੱਕੀ ਤੇ ਵਿਕਾਸ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੈ।

# ਅਸੀਂ ਖਾਲਿਸਤਾਨ ਲੋਕਤੰਤਰੀ ਢੰਗ ਨਾਲ ਚਾਹੁੰਦੇ ਹਾਂ : ਅਤਿੰਦਰਪਾਲ ਸਿੰਘ

**ਚੰਡੀਗੜ੍ਹ**-ਸ਼੍ਰੋਮਣੀ ਅਕਾਲੀ ਦਲ ਖਾਲਿਸਤਾਨੀ ਦੇ ਪ੍ਰਧਾਨ ਅਤਿੰਦਰਪਾਲ ਸਿੰਘ ਖਾਲਿਸਤਾਨੀ ਨੇ ਕਿਹਾ ਕਿ ਸਾਡਾ ਖਾਲਿਸਤਾਨ ਦਾ ਮਾਡਲ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਹੈ, ਅਸੀਂ ਲੋਕਤੰਤਰੀ ਢੰਗ ਦੇ ਨਾਲ ਵਿਧਾਨ ਸਭਾ ਚੋਣਾਂ ਜਿੱਤ ਕੇ ਖਾਲਿਸਤਾਨ ਲੈਣਾ ਚਾਹੁੰਦੇ ਹਾਂ। ਉਨ੍ਹਾਂ ਦਾ ਕਹਿਣਾ ਹੈ ਕਿ 3 ਸਤੰਬਰ 1990 ਦੌਰਾਨ ਲੋਕ ਸਭਾ ਵਿਚ ਮੈਂ ਲੋਕਤੰਤਰੀ ਢੰਗ ਨਾਲ ਸਿੱਖ ਕੌਮ ਨੂੰ ਖਾਲਿਸਤਾਨ ਦਾ ਅਧਿਕਾਰ ਲੈ ਕੇ ਦਿੱਤਾ ਕਿ ਇਸ ਦੇ ਨਾਅਰੇ 'ਤੇ ਜਾਂ ਮੰਗ 'ਤੇ ਕੋਈ ਪਾਬੰਦੀ ਨਹੀਂ। ਉਸ ਸਮੇਂ ਪੰਜਾਬ ਦੇ ਹਾਲਾਤ ਮਾੜੇ ਸਨ। ਮੈਨੂੰ ਇਸ ਮੁੱਦੇ 'ਤੇ ਇਲੈਕਸ਼ਨ ਨਹੀਂ ਲੜਨ ਦਿੱਤੀ ਗਈ। ਮੈਂ ਸੁਪਰੀਮ ਕੋਰਟ ਤੇ ਹਾਈਕੋਰਟ ਵਿਚ ਅਪੀਲ ਕੀਤੀ ਕਿ ਮੈਨੂੰ ਖਾਲਿਸਤਾਨ ਮੁੱਦੇ 'ਤੇ ਇਲੈਕਸ਼ਨ ਨਹੀਂ ਲੜਨ ਦਿੱਤੀ ਗਈ। ਬਾਅਦ ਵਿਚ ਮੈਂ ਚੋਣ ਕਮਿਸ਼ਨ ਨੂੰ ਵੀ ਅਪੀਲ ਕੀਤੀ ਕਿ ਇਸ ਮੁੱਦੇ 'ਤੇ ਮੈਨੂੰ ਇਲੈਕਸ਼ਨ ਲੜਨ ਦਿੱਤੀ ਜਾਵੇ। ਸੁਪਰੀਮ ਕੋਰਟ ਨੇ ਮੇਰੀ ਪਟੀਸ਼ਨ ਵਾਪਸ ਕਰ ਦਿੱਤੀ ਕਿ ਤੁਸੀਂ ਇਕ ਵਾਰ ਫਿਰ ਪੇਪਰ ਫਾਈਲ ਕਰੋ ਜੇ ਤੁਹਾਡਾ ਮਾਮਲਾ ਨਹੀਂ ਨਿਪਟਦਾ, ਫਿਰ ਤੁਸੀਂ ਸਾਡੇ ਕੋਲ ਆਓ। 2003 ਵਿਚ ਅਸੀਂ ਆਪਣੀ ਪਾਰਟੀ ਰਜਿਸਟਰ ਕਰਾਈ, ਇਲੈਕਸ਼ਨ ਕਮਿਸ਼ਨ ਨੂੰ ਡੇਢ ਲਾਈਨ ਵਿਚ ਲਿੱਖ ਕੇ ਦਿੱਤਾ ਕਿ ਅਸੀਂ ਲੋਕਤੰਤਰੀ ਢੰਗ ਨਾਲ ਵਿਧਾਨ ਸਭਾ ਰਾਹੀਂ ਖਾਲਿਸਤਾਨ ਲੈ ਕੇ ਦੇਣਾ ਚਾਹੁੰਦੇ ਹਾਂ, ਇਹੀ ਸਾਡੀ ਪਾਰਟੀ ਦਾ ਉਦੇਸ਼ ਹੈ।



ਸਾਲ 2007 ਦੀਆਂ ਚੋਣਾਂ ਵਿਚ ਪੇਪਰ ਫਾਈਲ ਕੀਤੇ ਤੇ ਇਸੇ ਏਜੰਡੇ ਦੀ ਨਾਲ ਕਾਪੀ ਲਗਾ ਦਿੱਤੀ ਗਈ। ਪੰਜਾਬ ਵਿਚ ਇਹ ਪਹਿਲੀ ਵਾਰ ਸੀ ਕਿ 2007 ਦੌਰਾਨ ਖਾਲਿਸਤਾਨ ਦੇ ਨਾਮ 'ਤੇ ਵੋਟ ਮੰਗੀ ਗਈ, ਇਹ ਸਾਡੀ ਵੱਡੀ ਪ੍ਰਾਪਤੀ ਹੈ। ਜਿੱਤ ਹਾਰ ਦਾ ਕੋਈ ਮੱਸਲਾ ਨਹੀਂ, ਪਰ ਅਸੀਂ ਖਾਲਿਸਤਾਨ ਦੇ ਮੁੱਦੇ ਨੂੰ ਉਭਾਰ ਦਿੱਤਾ। ਇਹ ਵਿਸ਼ਵ ਪੱਧਰ ਦੀ ਸਾਡੀ ਪ੍ਰਾਪਤੀ ਹੈ। ਮੈਂ ਉਸ ਸਮੇਂ ਲੰਬੀ ਹਲਕੇ ਤੋਂ ਬਾਦਲ ਖਿਲਾਫ਼ ਚੋਣ ਲੜੀ ਸੀ। ਮੈਂ ਵੋਟਾਂ ਦੀ ਗਿਣਤੀ ਦੌਰਾਨ ਕਲਾਕੰਦ ਮਠਿਆਈ ਦੇ ਡੱਬੇ ਲੈ ਕੇ ਪਹੁੰਚਿਆ, ਉੱਥੇ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਵੀ ਮੌਜੂਦ ਸਨ, ਮੈਂ ਬਾਦਲ ਨੂੰ ਕਿਹਾ ਕਿ ਇਹ ਚੋਣ ਅਸੀਂ ਜਿਤਾਂਗੇ ਤੇ ਤੁਸੀਂ ਇਸ ਖੁਸ਼ੀ ਵਿਚ ਮਠਿਆਈ ਛਕੋ, ਬਾਦਲ ਸਾਹਿਬ ਹੱਸਣ ਲੱਗੇ। ਮੈਂ ਉਨ੍ਹਾਂ ਨੂੰ ਕਿਹਾ ਕਿ ਪਹਿਲੀ ਵੋਟ ਖਾਲਿਸਤਾਨ ਦੇ ਨਾਮ 'ਤੇ ਨਿਕਲੇਗੀ। ਹੋਇਆ ਵੀ ਇੰਝ। ਮੈਂ ਬਾਦਲ ਸਾਹਿਬ ਨੂੰ ਕਿਹਾ ਕਿ ਅਸੀਂ ਹੁਣ ਜਿੱਤ ਗਏ ਤੇ ਪਹਿਲੀ ਵੋਟ ਸਾਡੇ ਨਾਮ 'ਤੇ ਹੈ। 2012 ਦੌਰਾਨ ਵਿਧਾਨ ਸਭਾ ਵਿਚ ਅਸੀਂ ਅਨੰਦਪੁਰ ਸਾਹਿਬ ਤੋਂ ਕੈਪਟਨ ਜਗਤਾਰ ਸਿੰਘ, ਮੋਗੇ ਤੋਂ ਡਾ. ਸੁਰਜੀਤ ਸਿੰਘ, ਕੋਟਕਪੂਰਾ ਤੋਂ ਸ. ਕੌਰ ਸਿੰਘ, ਬਾਘਾਪੁਰਾਣਾ ਤੋਂ ਸੁਖਵਿੰਦਰ ਸਿੰਘ, ਅੰਮ੍ਰਿਤਸਰ ਦੇ ਸ਼ਹਿਰੀ ਹਲਕ ਤੋਂ ਹਰਜਿੰਦਰ ਸਿੰਘ ਇਨ੍ਹਾਂ ਪੰਜਾਂ ਨੇ ਖਾਲਿਸਤਾਨ ਦੇ ਨਾਮ 'ਤੇ ਚੋਣਾਂ ਲੜੀਆਂ। 2007 ਦੌਰਾਨ ਬਾਦਲ ਸਾਹਿਬ ਨੇ ਆਪਣੀ ਸਰਕਾਰ ਦੌਰਾਨ ਮੈਨੂੰ ਤੰਗ ਕੀਤਾ ਤੇ ਮੇਰੇ ਖਿਲਾਫ਼ ਡਵਿਜ਼ਨ ਨੰਬਰ 3, ਲੁਧਿਆਣਾ ਵਿਚ ਖਾਲਿਸਤਾਨੀ ਹੋਣ ਦਾ ਕੇਸ ਦਰਜ ਕਰਵਾਇਆ ਕਿ ਇਹ ਲੋਕਾਂ ਨੂੰ ਭੜਕਾ ਰਿਹਾ ਹੈ। ਸ. ਅਤਿੰਦਰਪਾਲ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਖਾਲਿਸਤਾਨ ਦੇ ਨਾਮ 'ਤੇ 7 ਸਰਪੰਚ ਦਿੱਤੇ ਹਨ, ਜਿਨ੍ਹਾਂ ਨੇ ਪਿੰਡਾਂ ਵਿਚ ਲੜਾਈ ਝਗੜੇ ਖਤਮ ਕਰਵਾਏ ਤੇ ਅਦਾਲਤਾਂ ਤੇ ਪੁਲੀਸ ਵਿਚ ਜਾਣ ਦੀ ਬਜਾਏ ਪੰਚਾਇਤਾਂ ਰਾਹੀਂ ਲੋਕਾਂ ਦੇ ਝਗੜੇ ਹੱਲ ਕੀਤੇ, ਵਿਆਹਾਂ ਵਿਚ ਸੁਧਾਰ ਕੀਤੇ, ਨਸ਼ੇ ਬੰਦ ਕਰਾਏ, ਪਿੰਡਾਂ ਦੀਆਂ ਸੜਕਾਂ ਸੀਵਰੇਜ ਸਰਕਾਰ ਦੀ ਸਹਾਇਤਾ ਤੋਂ ਬਿਨਾਂ ਪੁਆਏ, ਇਹ ਸਾਡੀ ਪ੍ਰਾਪਤੀ ਹੈ।

**ਅਜੋਕਾ ਵਿਵਾਦ** : ਹੁਣ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਭਾਰਤ ਦੌਰੇ ਦੌਰਾਨ ਖ਼ਾਲਿਸਤਾਨ ਪ੍ਰਤੀ ਚਰਚਾ ਤੇਜ਼ ਹੋ ਗਈ। ਕੈਨੇਡਾ ਇੱਕ ਅਜਿਹਾ ਦੇਸ ਹੈ ਜਿਸ ਦੀ ਕੈਬਿਨਟ ਵਿੱਚ ਚਾਰ ਸਿੱਖ ਮੰਤਰੀ ਹਨ। ਭਾਰਤ ਸਣੇ ਦੁਨੀਆਂ ਦੇ ਕਿਸੇ ਦੇਸ ਦੇ ਕੇਂਦਰੀ ਕੈਬਨਿਟ ਵਿੱਚ ਸਿੱਖਾਂ ਨੂੰ ਇੰਨੀ ਨੁਮਾਇੰਦਗੀ ਹਾਸਿਲ ਨਹੀਂ ਹੈ। ਕੈਨੇਡਾ ਇਕ ਤਰ੍ਹਾਂ ਦਾ ਸਿੱਖਾਂ ਲਈ ਭਾਰਤ ਤੋਂ ਵੀ ਵੱਡਾ ਕੇਂਦਰ ਬਣ ਕੇ ਉਭਰਿਆ ਹੈ ਤੇ ਉਥੋਂ ਦੀ ਸਿਆਸਤ ਪੰਜਾਬ ਨੂੰ ਪ੍ਰਭਾਵਿਤ ਵੀ ਕਰਦੀ ਹੈ ਤੇ ਸਿੱਖ ਪੰਥ ਦੀ ਅਗਵਾਈ ਵੀ। ਹੁਣ ਪੰਜਾਬ ਦੇ ਲੀਡਰਾਂ ਦਾ ਇਹ ਦਾਅਵਾ ਨਹੀਂ ਰਿਹਾ ਕਿ ਉਹ ਪੰਜਾਬ ਦੇ ਸਿੱਖਾਂ ਦੀ ਅਗਵਾਈ ਕਰਦੇ ਹਨ। ਜੂਨ 84 ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦਾ ਮੁੱਦਾ, ਦਿੱਲੀ ਸਿੱਖ ਕਤਲੇਆਮ ਦਾ ਮੁੱਦਾ, ਸਿੱਖ ਅਧਿਕਾਰਾਂ ਤੇ ਮਸਲਿਆਂ ਦਾ ਮੁੱਦਾ, ਕੈਨੇਡਾ ਦੇ ਸਿੱਖ ਵੱਡੀ ਪੱਧਰ 'ਤੇ ਉੱਠਾ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਾਲਿਸਤਾਨ ਦਾ ਕਰੜਾ ਵਿਰੋਧ ਕਰ ਰਹੇ ਹਨ। ਸੱਜਣ ਸਿੰਘ, ਜੋ ਕਿ ਕੈਨੇਡਾ ਦੇ ਰੱਖਿਆ ਮੰਤਰੀ ਵਜੋਂ ਭਾਰਤ ਫੇਰੀ 'ਤੇ ਆਏ ਸਨ ਤਾਂ ਕੈਪਟਨ ਨੇ ਇਹ ਹਵਾਲਾ ਦੇ ਕੇ ਉਹਨਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਖ਼ਾਲਿਸਤਾਨ ਦੇ ਹਮਾਇਤੀ ਹਨ। ਯਾਦ ਰਹੇ ਕਿ ਕੁਝ ਖ਼ਾਲਿਸਤਾਨ ਪੱਖੀਆਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਕੈਨੇਡਾ ਫੇਰੀ ਅਸਫ਼ਲ ਕਰਵਾ ਦਿੱਤੀ ਸੀ। ਬਹੁਗਿਣਤੀ ਸਿੱਖ ਭਾਈਚਾਰਾ ਇਹ ਗੱਲ ਮੰਨਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਸੱਜਣ ਸਿੰਘ ਸੰਬੰਧੀ ਉਨ੍ਹਾਂ ਨਿੱਜੀ ਕਿੜ ਕੱਢੀ ਸੀ।

*ਅਬ ਹਵਾਏਂ ਹੀ ਕਰੇਂਗੀ, ਰੌਸ਼ਨੀ ਕਾ ਫੈਸਲਾ*

# ਗੁਰੂ ਸਾਹਿਬਾਨ ਦੀ ਸੋਚ ਵਾਲਾ ਮਾਡਲ ਖਾਲਿਸਤਾਨ

**ਸਰਬਜੀਤ ਸਿੰਘ ਘੁਮਾਣ**

ਖਾਲਿਸਤਾਨ ਦਾ ਕਲਿਆਣਕਾਰੀ,ਸਰਬੱਤ ਦੇ ਭਲੇ ਵਾਲਾ,ਗੁਰੂ ਸਾਹਿਬਾਨ ਦੀ ਸੋਚ ਵਾਲਾ ਮਾਡਲ ਸਮਝਣ ਮਗਰੋਂ ,ਮਨੁਖਤਾ ਦਾ ਦਰਦ ਰੱਖਣ ਵਾਲਾ ਹਰ ਸਖਸ਼ ਖਾਲਿਸਤਾਨ ਦਾ ਸਮਰਥਕ ਹੋਵੇਗਾ ਤੇ ਮਨੁਖਤਾ ਨਾਲ ਵੈਰ ਕਮਾਉਣ ਵਾਲਾ ਹਰ ਸਖਸ਼ ਖਾਲਿਸਤਾਨ ਦੇ ਖਿਲਾਫ ਹੁਣ ਜਿਹੜੇ ਲੋਕ ਖਾਲਿਸਤਾਨ ਦੇ ਵਿਰੋਧੀ ਹਨ,ਉਨਾਂ ਵਿਚ ਇਕ ਤਾਂ ਉਹ ਹਨ ਜਿੰਨਾਂ ਨੂੰ ਅਜੇ ਖਾਲਿਸਤਾਨ ਦੇ ਸੰਕਲਪ ਦੀ ਜਾਣਕਾਰੀ ਹੀ ਨਹੀ ਤੇ ਉਹ ਹਿੰਦੋਸਤਾਨੀ ਨਿਜਾਮ ਦੇ ਕੂੜ-ਪਰਚਾਰ ਦਾ ਸ਼ਿਕਾਰ ਹੋਕੇ ਵਿਰੋਧੀ ਬਣੇ ਹੋਏ ਹਨ ਉਹ ਲੋਕ ਵੀ ਵਿਰੋਧੀ ਹਨ ਜਿੰਨਾਂ ਦੇ ਹਿਤ ਹਿੰਦੋਸਤਾਨੀ ਨਿਜਾਮ ਨਾਲ ਜੁੜੇ ਹੋਏ ਹਨ ਤੇ ਉਨਾਂ ਨੂੰ ਜਾਪਦਾ ਹੋਵੇਗਾ ਕਿ ਖਾਲਿਸਤਾਨ ਬਨਣ ਨਾਲ ਉਨਾਂ ਦੇ ਹਿੱਤ ਪ੍ਰਭਾਵਿਤ ਹੋਣਗੇ ਮੋਟੇ ਤੌਰ ਤੇ ਖਾਲਿਸਤਾਨ ਦੇ ਖਿਲਾਫ ਉਹ ਲੋਕ ਹਨ ਜੋ ਚਾਹੁੰਦੇ ਹਨ ਸਿਖ ਸਦਾ ਗੁਲਾਮ ਰਹਿਣ,ਸਿਖੀ ਦੀ ਬੋਲੀ ਤੇ ਸਿਖਾਂ ਦੀ ਸੱਭਿਅੱਤਾ ਬਰਬਾਦ ਹੋ ਜਾਵੇ, ਸਿਖਾਂ ਦਾ ਮਾਣ-ਸਤਿਕਾਰ,ਰੁਤਬਾ,ਵੱਕਾਰ ਸਭ ਕੁਝ ਮਲੀਆਮੇਟ ਖਤਮ ਹੋਵੇ ਤੇ ਸਿਖ ਇਕ ਕੌਮ ਦੇ ਤੌਰ ਤੇ ਬਰਬਾਦ ਹੋ ਜਾਣ।

ਪਰ ਸਿਖ ਐਹੋ ਜਿਹਾ ਮੁਲਕ ਕਿਉਂ ਨਾ ਸਿਰਜਣ ਜਿਥੇ ਸਿਖ ਸੁਰਖਿਅਤ ਹੋਣ ਜਿਥੇ ਸਿਖੀ ਸੁਰਖਿਅਤ ਹੋਵੇ,ਸਿਖਾਂ ਦੇ ਹਿਤ ਸੁਰਖਿਅਤ ਹੋਣ,ਸਿਖਾਂ ਦੇ ਧਰਮ-ਸਥਾਨ ਸੁਰਖਿਅਤ ਹੋਣ,ਸਿਖਾਂ ਦੀ ਬੋਲੀ,ਸਿਖਾਂ ਦਾ ਸੱਭਿਆਚਾਰ ਸੁਰਖਿਅਤ ਹੋਵੇ,ਜਿਥੇ ਸਿਖ ਮਾਣ ਨਾਲ ਸਿਰ ਉਚਾ ਕਰਕੇ ਜੀ ਸਕਣ।1984 ਦੇ ਵਰ੍ਹੇ ਨੇਵੀ ਇੰਝ ਹੀ ਹਿੰਦੋਸਤਾਨ ਦੀ ਭਗਤੀ ਵਿਚ ਲੀਨ ਸਿਖਾਂ ਨੂੰ ਖਾਲਿਸਤਾਨ ਦੇ ਰਾਹ ਤੋਰਿਆ ਸੀ। ਜਿਹੜੇ ਅੱਜ ਸਿਖਾਂ ਨੂੰ ਹਿੰਦੋਸਤਾਨ ਦੀ ਭਗਤੀ ਤੇ ਖਾਲਿਸਤਾਨ ਦੀ ਵਿਰੋਧਤਾ ਦਾ ਚਾਅ ਚੜ੍ਹਿਆ ਹੋਇਆ ਹੈ ਜਦੋਂ ਇਹ ਵੀਰ ਆਪਣੀਆਂ ਅੱਖਾਂ ਸਾਹਮਣੇ ਗੁਰਧਾਮਾਂ ਦੀ ਬੇਅਦਬੀ ਦੇਖਣਗੇ, ਜਦੋਂ ਗੁਰੂ ਗਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੇਖਣਗੇ, ਜਦੋਂ ਮਾਵਾਂ-ਧੀਆਂ-ਭੈਣਾਂ ਨਾਲ ਹੁੰਦੇ ਜਬਰ-ਜਿਨਾਹ ਦੇਖਣਗੇ, ਜਦੋਂ ਆਪਣੇ ਭਰਾਵਾਂ ਤੇ ਹੋਰ ਸਿਖਾਂ ਦੇ ਗਲਾਂ ਵਿਚ ਬਲਦੇ ਟਾਇਰ ਪੈਂਦੇ ਦੇਖਣਗੇ ਉਦੋਂ ਰੋ ਰੋ ਕਹਿਣਗੇ,ਅਸੀ ਗਲਤ ਸੀ ਤੇ ਸਹੀ ਉਹੀ ਸਿਖ ਨੇ ਜੋ ਖਾਲਿਸਤਾਨ ਦੀ ਗੱਲ ਕਰਦੇ ਨੇ।



ਖਾਲਿਸਤਾਨ ਦੇ ਵਿਰੋਧ ਵਿਚ ਭੁਗਤਣ ਲਈ ਜਰੂਰੀ ਨਹੀ ਕਿ ਖਾਲਿਸਤਾਨ ਦਾ ਵਿਰੋਧ ਹੀ ਕੀਤਾ ਜਾਵੇ ਕਈ ਲੋਕ ਹਿੰਦੋਸਤਾਨ ਦੇ ਹੱਕ ਵਿਚ ਹੀ ਐਨੀ ਬੁਰੀ ਤਰਾਂ ਭੁਗਤਦੇ ਹਨ ਕਿ ਬੜੀ ਮੌਜ ਤੇ ਸਹਿਜ ਨਾਲ ਖਾਲਿਸਤਾਨ ਦੇ ਖਿਲਾਫ ਭੁਗਤ ਜਾਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਇਹ ਲੋਕ ਹਿੰਦੋਸਤਾਨੀ ਹਕੂਮਤੀ ਸਿਸਟਮ ਦੀਆਂ ਗੜਬੜਾਂ,ਗਲਤੀਆ ਤੇ ਸਿਖ ਮਾਰੂ ਨੀਤੀਆਂ ਬਾਰੇ ਐਨਾ ਧੜੱਲੇ ਨਾਲ ਬੋਲਣ ਕਿ ਹਰੇਕ ਨੂੰ ਯਕੀਨ ਹੋ ਜਾਵੇ ਕਿ ਜਿਹੜੇ ਲੋਕ ਇਸ ਹਕੂਮਤੀ ਨਿਜਾਮ ਤੋਂ ਆਜ਼ਾਦ ਹੋਕੇ ਖਾਲਿਸਤਾਨ ਸਿਰਜਣ ਦੇ ਰਾਹ ਪਏ ਹੋਏ ਹਨ,ਉਹ ਬਿਲਕੁਲ ਸਹੀ ਹਨ ਪਰ ਇਸਦੇ ਉਲਟ ਇਹ ਲੋਕ ਬੜੀ ਮਕਾਰੀ ਨਾਲ ਹਿੰਦੋਸਤਾਨੀ ਹਕੂਮਤ ਦੇ ਸਾਰੇ ਜੁਲਮਾਂ,ਵਧੀਕੀਆਂ ਤੇ ਵਿਤਕਰਿਆਂ ਬਾਰੇ ਐਹੋ ਜਿਹੇ ਤਰਕ ਸਾਹਮਣੇ ਲਿਆਉਂਦੇ ਹਨ ਖਾਲਿਸਤਾਨੀ ਹਿਤਾਂ ਦਾ ਨੁਕਸਾਨ ਹੋ ਜਾਵੇ। ਹਿੰਦੋਸਤਾਨੀ ਹਕੂਮਤ ਨੂੰ ਚੰਗੀ ਤਰਾਂ ਪਤਾ ਸੀ ਕਿ ਜੇ ਦਰਬਾਰ ਸਾਹਿਬ ਉਪਰ ਹਮਲਾ ਕੀਤਾ ਤਾਂ ਸਿਖ ਖਾਲਿਸਤਾਨ ਦੇ ਰਾਹ ਪੈ ਜਾਣਗੇ ਤੇ ਹਕੂਮਤ ਨੇ ਸਿਖਾਂ ਨੂੰ ਇਸ ਰਾਹ ਪਾਉਣ ਦਾ ਨਿਸ਼ਚਾ ਕਰਕੇ ਹਮਲਾ ਕਰ ਦਿਤਾ।ਇਹਦੇ ਲਈ ਸਿਖਾਂ ਨੂੰ ਕਟਹਿਰੇ ਵਿਚ ਕਿਵੇਂ ਖੜ੍ਹਾ ਕੀਤਾ ਜਾ ਸਕਦਾ ਹੈ? ਮੁਸਲਮਾਨ ਲਈ ਮੱਕਿਓਂ ਪਰ੍ਹਾਂ ਉਜਾੜ ਹੈ ਤੇ ਸਿਖ ਲਈ ਦਰਬਾਰ ਸਾਹਿਬ ਤੋਂ ਅੱਗੇ ਕੁਛ ਨਹੀ।ਜਦ ਸਿਖਾਂ ਨੇ ਦਰਬਾਰ ਸਾਹਿਬ ਉਪਰ ਹਮਲੇ ਦੀ ਗੱਲ ਸੁਣੀ,ਜਦ ਤਿਰੰਗੇ ਵਾਲੇ ਟੈਂਕਾਂ ਨੇ ਅਕਾਲ ਤਖਤ ਸਾਹਿਬ ਉਪਰ ਗੋਲ਼ੇ ਵਰ੍ਹਾਏ ਤਾਂ ਓਸ ਵੇਲੇ ਹਰ ਸਿਖ ਅੰਦਰ 'ਸਿਖੀ ਦੇ ਜ਼ਜ਼ਬੇ' ਨੇ ਜੋਰ ਮਾਰਿਆ।ਹਰ ਸਿਖ ਕੌਮ ਲਈ ਲੜ-ਮਰਨ ਲਈ ਮੈਦਾਨ ਵਿਚ ਆ ਗਿਆ।ਸਿਖਾਂ ਨੂੰ ਪਤਾ ਸੀ ਕਿ ਭਾਰਤੀ ਹਕੂਮਤ ਬੜੀ ਤਾਕਤਵਰ ਹੈ।ਸਿਖਾਂ ਨੂੰ ਆਪਣੀ ਸਮਰੱਥਾ ਬਾਰੇ ਕੋਈ ਭਰਮ ਨਹੀ ਸੀ।ਹਕੂਮਤ ਵੀ ਸਿਖਾਂ ਨੂੰ ਚਿੜੀਆਂ ਵਰਗੇ ਸਮਝਦੀ ਸੀ ਪਰ ਸਿਖਾਂ ਦੇ ਸਿਦਕ ਨੇ ਚਿੜੀਆਂ ਤੋਂ ਬਾਜ਼ ਤੁੜਵਾਉਣ ਵਾਲਾ ਇਤਿਹਾਸ ਸਿਰਜ ਦਿਤਾ। ਅੱਜ ਸਿਖਾਂ ਦੇ ਹਾਲਾਤ ਨਾ 1947ਵਾਲੇ ਹਨ ਜਦ ਹਿੰਦੂ ਨਵੇਂ ਨਵੇਂ ਹਾਕਮ, ਬਣੇ ਸਨ ਤੇ ਸਿਖ ਸਮਝਦੇ ਸਨ ਕਿ ਅਸੀਂ ਵੀ ਇਸ ਮੁਲਕ ਵਿਚ ਬਰਾਬਰ ਦੇ ਸ਼ਹਿਰੀ ਹੋਵਾਂਗੇ। ਨਾ ਅੱਜ ਹਾਲਾਤ 1966ਵਾਲੇ ਹਨ ਜਦ ਹਿੰਦੂਤਵ ਜੁਲਮਾਂ ਸਾਹਮਣੇ ਡਟਕੇ ਮਣਾਮੂੰਹ ਕੁਰਬਾਨੀਆਂ ਮਗਰੋਂ ਸਿਖਾਂ ਨੇ ਪੰਜਾਬੀ ਸੂਬਾ ਹਾਸਿਲ ਕੀਤਾ ਸੀ।ਨਾ ਹੁਣ 1978 ਵਾਲੇ ਹਾਲਾਤ ਨੇ ਜਦ ਸ਼ਰੇਆਮ ਸਰਕਾਰ ਦੀ ਸ਼ਹਿ ਤੇ ਅੰਮ੍ਰਿਤਸਰ ਵਿਚ ਨਰਕਧਾਰੀਆਂ ਨੇ ਸਿਖਾਂ ਦਾ ਕਤਲੇਆਮ ਕੀਤਾ ਸੀ।ਨਾ ਹੁਣ 1984 ਵਾਲੇ ਹਾਲਾਤ ਹਨ ਜਦ ਜੂਨ ਤੇ ਨਵੰਬਰ ਮਹੀਨੇ ਸਾਰੇ ਭਾਰਤ ਵਿਚ ਸਿਖਾਂ ਦੀ ਨਸਲਕੁਸ਼ੀ ਲਈ ਵਹਿਸ਼ੀਆਨਾ ਕਤਲੇਆਮ ਹੋਇਆ ਸੀ।ਨਾ ਹੁਣ 1984-93 ਵਾਲੇ ਹਾਲਾਤ ਨੇ ਜਦ ਸਿਖ ਜੁਝਾਰੂ ਹਥਿਆਰਬੰਦ ਹੋਕੇ ਸਿਖ ਹੱਕਾਂ ਦੀ ਰਾਖੀ ਲਈ ਡਟੇ ਹੋਏ ਸਨ।ਨਾ ਹੁਣ 1992-93 ਵਾਲੇ ਹਾਲਾਤ ਨੇ ਜਦ ਭਾਰਤੀ ਹਕੂਮਤ ਨੇ ਸਿਖਾਂ ਖਿਲਾਫ ਮਾਰੂ ਲਹਿਰ ਭਖਾਈ ਹੋਈ ਸੀ ਤੇ ਹਜਾਰਾਂ ਸਿਖਾਂ ਨੂੰ ਝੂਠੇ ਮੁਕਾਬਲਿਆਂ ਵਿਚ ਕਤਲ ਕਰਕੇ,ਲਾਵਾਰਿਸ ਤੇ ਅਣਪਛਾਤੀਆਂ ਲਾਸ਼ਾਂ ਦੱਸਕੇ ਤੇ ਹੋਰ ਹਜਾਰਾਂ ਉਪਰ ਝੂਠੇ ਮੁਕਦਮੇ ਦਰਜ਼ ਕਰਕੇ ਜੇਲਾਂ ਵਿਚ ਡੱਕਿਆ ਸੀ।ਅੱਜ 2018 ਹੈ।2018 ਵਿਚ ਸਿਖਾਂ ਹਿਤਾਂ ਦੀ ਰਾਖੀ ਲਈ ਸਿਖਾਂ ਨੂੰ ਕੀ ਰਣਨੀਤੀ ਬਣਾਉਣ ਦੀ ਲੋੜ ਹੈ? ਇਹ ਸਵਾਲ ਬੜਾ ਅਹਿਮ ਹੈ। ਬਦਲੇ ਹੋਏ ਮਹੌਲ ਵਿਚ ਨਵੀ ਰਣਨੀਤੀ ਦੀ ਰੂਪ-ਰੇਖਾ ਘੜਨ ਲਈ ਬੀਤੇ ਸਮੇਂ ਦਾ ਬਹੁਪੱਖੀ ਅਧਿਐਨ ਕਰਨਾ ਬੜਾ ਜਰੂਰੀ ਹੈ। ਸਿਖਾਂ ਨੂੰ ਮੱਤਾਂ ਦਿਤੀਆ ਜਾ ਰਹੀਆਂ ਹਨ ਕਿ ਭਾਰਤ ਵਿਚ ਨੀਵੀਂ ਪਾਕੇ ਦਿਨ ਕੱਟ ਲਵੋ,ਛੱਡੋ ਪਰਾਂ ਸਿਖਾਂ ਦੇ ਹੱਕਾਂ ਦੀਆਂ ਗੱਲਾਂ,ਫੇਰ ਕੀ ਹੈ ਜੇ ਭਾਰਤੀ ਹਕੂਮਤ ਨੇ ਪੰਥ ਤੇ ਪੰਜਾਬ ਦਾ ਘਾਣ ਕਰਨ ਦਾ ਏਜੰਡਾ ਲਾਗੂ ਕੀਤਾ ਹੋਇਆ ਹੈ।ਸਿਖਾਂ ਨੂੰ ਮੱਤਾਂ ਦਿੱਤੀਆ ਜਾ ਰਹੀਆ ਨੇ ਕਿ ਜੋ ਧੱਕੇ,ਜੋ ਜੁਲਮ,ਜੋ ਵਿਤਕਰੇ ਤੇ ਵਧੀਕੀਆਂ ਹਿੰਦੂਸ਼ਾਹੀ ਹਕੂਮਤ ਨੇ ਸਿਖਾਂ ਨਾਲ ਕੀਤੀਆ ਨੇ,ਉਨਾਂ ਲਈ ਕੋਈ ਇਨਸਾਫ ਨਹੀ ਮਿਲਦਾ ਤਾਂ ਕੀ ਹੋ ਗਿਆ,ਮੌਜ ਨਾਲ ਅੱਗੇ ਵਧਦੇ ਰਹੋ।ਸਿਖਾਂ ਨੂੰ ਮੱਤਾਂ ਦਿੱਤੀਆ ਜਾ ਰਹੀਆਂ ਨੇ ਕਿ ਪੰਥ ਤੇ ਪੰਜਾਬ ਦੇ ਹੱਕਾਂ ਦੀ ਗੱਲ ਨਾ ਕਰੋ,ਸਿਖ ਜਜਬਾਤਾਂ ਦੀ ਤਰਜਮਾਨੀ ਕਰਨ ਦੀ ਲੋੜ ਨਹੀ,ਸਿਖ ਹਿਤਾਂ ਦੀ ਪਹਿਰੇਦਾਰੀ ਕਰਨ ਦੀ ਤਾਂ ਗੱਲ ਈ ਭੁੱਲ ਜਾਓ ਤੇ ਜਿਵੇਂ ਕਾਂਗਰਸ,ਬਾਦਲ ਦਲ,ਭਾਜਪਾ ਤੇ ਹੋਰ ਸਿਆਸੀ ਦਲਾਂ ਵਾਲੇ ਸਿਖ ਵਿਚਰਦੇ ਨੇ, ਉਵੇਂ ਵਿਚਰੋ। ਇਹ ਬੜੀ ਉਦਾਸ ਕਰਨ ਵਾਲੀ ਗੱਲ ਹੈ ਕਿ ਸਿੱਖ ਜਗਤ ਵਿਚ ਐਹੋ ਜਿਹੇ ਲੋਕ ਬੜੇ ਛਾਏ ਹੋਏ ਨੇ ਜਿਹੜੇ " ਸਿੱਖ ਸੰਘਰਸ਼ ਵਿਚ ਹੋਏ ਨੁਕਸਾਨ" ਦੀ ਦਾਸਤਾਨ ਸੁਣਾ ਕੇ ਕਹਿ ਰਹੇ ਨੇ ਕਿ ਹੁਣ ਖਾਲਿਸਤਾਨ ਦੀ ਗੱਲ ਕਰਨ ਦੀ ਲੋੜ ਨਹੀਂ, ਸਗੋਂ ਹਿੰਦੋਸਤਾਨ ਤੋਂ " ਸਿੱਖਾਂ ਲਈ ਇਨਸਾਫ " ਲੈਣ ਲਈ ਉਸੇ ਭਾਰਤੀ ਹਕੂਮਤ ਨਾਲ ਮਿਲਾਪ ਕਰਨਾ ਚਾਹੀਦਾ ਹੈ।

ਜੇ ਕਿਤੇ ਇਹੋ ਜਿਹੇ ਲੋਕ ਅਠਾਰਵੀ ਸਦੀ ਵਿਚ ਹੁੰਦੇ ਤਾਂ ਇੰਨਾਂ ਨੇ ਭਾਈ ਗਰਜ਼ਾ ਸਿੰਘ ਤੇ ਭਾਈ ਬੋਤਾ ਸਿੰਘ ਸਮੇਤ ਸਾਰਿਆਂ ਯੋਧਿਆਂ ਸਿੰਘਾਂ ਨੂੰ ' ਮੱਤਾਂ " ਦੇ-ਦੇ ਮਾਰ ਦੇਣਾ ਸੀ ਕਿ ਜਿਹੜੀ ' ਗਲਤੀ ' ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਸਿੱਖੀ ਦੀ ਸ਼ਾਨ ਲਈ ਲੜ ਕੇ ਕੀਤੀ ਐ, ਉਹ ਨਾ ਕਰੋ ਤੇ ਮੁਗਲ ਸਾਮਰਾਜ ਦੀ ਈਨ ਮੰਨਕੇ ਨਜਾਰੇ ਲਵੋ। ਇਹੋ ਜਿਹੀ ਸੋਚ ਵਾਲਿਆਂ ਨੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੂੰ ਵੀ 'ਮੱਤਾਂ' ਦੇਣੀਆਂ ਸੀ ਕਿ 'ਮੱਸੇ ਰੰਘੜ' ਦਾ ਸਿਰ ਲਾਹੁਣ ਦੀ ਥਾਂ ਉਹਦੇ ਨਾਲ ਗੱਲਬਾਤ ਕਰਕੇ ਕਿਸੇ ਪਿੰਡ ਦੀ ਲੰਬੜਦਾਰੀ ਲੈ ਲਵੋ। ਇਹੋ ਜਿਹੇ ਲੋਕ ਤਾਂ ਭਾਈ ਤਾਰੂ ਸਿੰਘ ਨੂੰ ਵੀ ਕਹਿ ਸਕਦੇ ਸੀ ਕਿ ਕੇਸਾਂ ਪਿੱਛੇ ਖੋਪਰੀ ਲੁਹਾਉਣ ਦੀ ਕੋਈ ਲੋੜ ਨਹੀ, ਕੇਸ ਮੁੰਨਣ ਦੇਹ ,ਇਹ ਤਾਂ ਫਿਰ ਆ ਹੀ ਜਾਣੇ ਨੇ। ਇਹੋ ਜਿਹੇ ਲੋਕ ਉਦੋਂ ਬੜੇ ਗੁੱਸੇ ਹੋਏ ਹੋਣਗੇ ਜਦ ਸਿੰਘਾਂ ਨੇ ਕਿਹਾ, 'ਪਾਤਸ਼ਾਹੀ ਛੋੜ ਕਿਮ ਲੈਹੋਂ ਨਵਾਬੀ, ਪਰਾਧੀਨ ਤਿਸ ਮਾਹਿ ਖਰਾਬੀ' ਪਰ ਜਦ ' ਨਵਾਬੀ ' ਲੈ ਲਈ ਸੀ ਤਾਂ ਇਹੋ ਜਿਹੇ ਲੋਕ ਬੜੇ ਖੁਸ਼ ਹੋਏ ਹੋਣੇ ਨੇ ਤੇ ਜਦ ਸਿੰਘ ਫਿਰ ਖੰਡਾ ਖੜਕਾਉਣ ਲਈ ਮਜਬੂਰ ਹੋਏ, ਕਹਿੰਦੇ ਹੋਣਗੇ , ਸਿੱਖਾਂ ਨੂੰ ਅਕਲ ਈ ਨਹੀਂ, ਦਿੱਲੀ ਦਰਬਾਰ ਤੇ ਲਾਹੌਰ ਦਰਬਾਰ ਦੀ ਈਨ ਮੰਨ ਕੇ ਵੇਲਾ ਲੰਘਾਉਣਾ ਚਾਹੀਦਾ, ਆਪਣਾ ਕਿਹੜਾ ਰਾਜ-ਭਾਗ ਬਣਨਾ' ਪਰ ਇਤਿਹਾਸ ਨੇ ਉਹ ਦੌਰ ਦੇਖਿਆ ਜਦ ਨਵਾਬੀ ਨੂੰ ਠੋਕਰਾਂ ਮਾਰਨ ਵਾਲੇ ਪੰਥ ਨੇ ਮਿਸਲਾਂ ਬਣਾ ਕੇ, ਘੱਲੂਘਾਰਿਆਂ ਮੌਕੇ ਹੋਏ ਨੁਕਸਾਨ ਨੂੰ ਦਿਲ ਵਿਚ ਵਸਾ ਕੇ ਹਥਿਆਰ ਚੁੱਕ ਕੇ, ਉਹ ਤੇਗ ਵਾਹੀ ਕਿ ਰਿਆਸਤਾਂ ਕਾਇਮ ਕਰਕੇ ਰਾਜ-ਗੱਦੀਆਂ ਮਾਣੀਆਂ। ਦਿੱਲੀ ਦੇ ਲਾਲ ਕਿਲੇ ਉਤੇ ਵੀ ਖਾਲਸਈ ਨਿਸ਼ਾਨ ਸਾਹਿਬ ਝੁਲਾ ਦਿੱਤੇ। ਬੇਸ਼ੱਕ ਬਾਹਮਣ-ਬਾਣੀਆਂ ਨੇ ਗਦਾਰੀਆਂ ਕਰਕੇ ਸਾਡਾ ਰਾਜ-ਭਾਗ ਖਤਮ ਕਰਵਾਤਾ ਪਰ ਇਸਦਾ ਮਤਲਬ ਇਹ ਨਹੀਂ ਕਿ ਹੁਣ ਖਾਲਸਾ ਸਦਾ ਲਈ ਬਾਹਮਣਾਂ-ਬਾਣੀਆਂ ਦਾ ਗੁਲਾਮ ਬਣਕੇ ਰਹੇ। ਗੁਰੂ ਕਾ ਖਾਲਸਾ 'ਬਾਗੀ ਜਾਂ ਬਾਦਸ਼ਾਹ' ਦੀ ਸੋਚ ਤੇ ਚੱਲਦਾ ਹੋਇਆ 'ਰਾਜ ਕਰਿਹੰ ਕਿ ਲੜ ਮਰਿਹੰ ਹੈਂ' ਅਨੁਸਾਰ ਚੱਲੇਗਾ। ਇਤਿਹਾਸ ਗਵਾਹ ਹੈ ਕਿ ਪਾਟੇ ਕਛਿਹਰੇ ਤੇ ਜੁੱਲੜਾਂ ਵਿੱਚ ਘੋੜਿਆਂ ਦੀਆਂ ਕਾਠੀਆਂ ਉਤੇ ਰਾਤਾਂ ਗੁਜਾਰਨ ਵਾਲਿਆਂ ਨੇ ਮੁੱਟੀ ਭਰ ਛੋਲੇ ਖਾ ਖਾ ਕੇ, ਹਰ ਸੁੱਖ ਸਹੂਲਤ ਨਾਲ ਲੈਸ ਹਕੂਮਤੀ ਲਸ਼ਕਰਾਂ ਉਤੇ ਫਤਿਹ ਪਾਈ ਸੀ । ਇਹ ਲੋਕ ਚੰਗੀ ਤਰਾਂ ਸਮਝ ਲੈਣ ਕਿ ਖਾਲਿਸਤਾਨ ਇਕ ਹਕੀਕਤ ਹੈ ਤੇ ਸਿਖ ਲਾਜਮੀ ਤੌਰ ਤੇ ਆਪਣਾ ਰਾਜ ਹਾਸਿਲ ਕਰਨਗੇ।ਇਹ ਸਿਖਾਂ ਦਾ ਹੱਕ ਹੈ। ਜਿਵੇਂ ਹਿੰਦੂਆਂ ਦਾ, ਮੁਸਲਮਾਨਾ ਦਾ,ਈਸਾਈਆਂ ਦਾ ਤੇ ਹੋਰ ਕੌਮਾਂ ਦਾ ਰਾਜ ਕਰਨ ਦਾ ਹੱਕ ਹੈ,ਇਵੇਂ ਹੀ ਸਿਖਾਂ ਦਾ ਰਾਜ-ਭਾਗ ਕਰਨ ਦਾ ਹੱਕ ਹੈ।ਸਿਖ ਵੀ ਇਛਾ ਰੱਖਦੇ ਹਨ ਕਿ ਰਾਜ ਕਾਇਮ ਕਰਕੇ ਗੁਰਮਤ ਅਨੁਸਾਰੀ ਰਾਜ ਦਾ ਮਾਡਲ ਲਾਗੂ ਕਰਕੇ ਮਨੁਖਤਾ ਦਾ ਕਲਿਆਣ ਕੀਤਾ ਜੋ। ਸਿਖਾਂ ਦੇ ਰਾਜ ਦਾ ਮਕਸਦ ਹੈ 'ਸਰਬੱਤ ਦਾ ਭਲਾ'।

# ਖ਼ਾਲਿਸਤਾਨ ਮੁੜ ਚਰਚਾ ’ਚ : ਜ਼ਿੰਮੇਵਾਰ ਕੌਣ ?

**ਮੋਦੀ-ਟਰੂਡੋ ਗੱਲਬਾਤ ਤੋਂ ਬਾਅਦ ਜਾਰੀ ਹੋਏ ਸਾਂਝੇ ਬਿਆਨ ਵਿੱਚ ਇਹ ਗੱਲ ਦੁਹਰਾਈ ਗਈ ਕਿ ਦੋਵੇਂ ਦੇਸ਼ ਲੋਕਤੰਤਰ ਹਨ, ਇਸ ਲਈ ਕਾਨੂੰਨ ਦੀ ਪਾਲਣਾ ਲਈ ਵਚਨਬੱਧ ਹਨ। ਉਨ੍ਹਾਂ ਇੱਕ-ਦੂਜੇ ਦੇ ਦੇਸ਼ ਦੀ ਇੱਕਜੁਟਤਾ ਤੇ ਪ੍ਰਭੂਸੱਤਾ ਨੂੰ ਵੀ ਪ੍ਰਵਾਨ ਕੀਤਾ। ਇਹ ਸਭ ਟਰੂਡੋ ਦੀ ਭਾਰਤ ਫੇਰੀ ਸ਼ੁਰੂ ਹੋਣ ਮੌਕੇ ਹੀ ਹੋਣਾ ਚਾਹੀਦਾ ਸੀ, ਫਿਰ ਖ਼ਾਲਿਸਤਾਨ ਜਿਹਾ ਮੁੱਦਾ ਨਹੀਂ ਉੱਠਣਾ ਸੀ। ਕੈਨੇਡਾ ਨੇ ਬੱਬਰ ਖ਼ਾਲਸਾ ਤੇ ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ ਦੇ ਕਾਰਕੁਨਾਂ ਖ਼ਿਲਾਫ਼ ਕਾਰਵਾਈ ਕਰਨ ਲਈ ਸਹਿਮਤੀ ਪ੍ਰਗਟਾਈ ਹੈ। ਉਂਜ, ਇਹ ਮੁੱਦਾ ਇੰਨਾ ਸਾਧਾਰਨ ਵੀ ਨਹੀਂ। ਸਾਲ 2011 ਦੇ ‘ਅਰਬ ਬਸੰਤ’ ਤੋਂ ਬਾਅਦ ਸੰਸਾਰ ਵਿੱਚ ਤਬਦੀਲੀ ਆਈ ਹੈ।**



## ਕੇ.ਸੀ. ਸਿੰਘ

ਭਾਰਤੀ ਕੂਟਨੀਤੀ ਵਿੱਚ ਅੰਗਰੇਜ਼ੀ ਦੇ ਅੱਖਰ ‘ਕੇ’ ਦਾ ਅਰਥ ‘ਕਸ਼ਮੀਰ’ ਹੀ ਸਮਝਦੇ ਹਨ, ਪਰ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਹਾਲੀਆ ਦੌਰੇ ਨੇ ਹੁਣ ਇਸ ਅੱਖਰ ਤੋਂ ‘ਖ਼ਾਲਿਸਤਾਨ’ ਦਾ



ਮੁੱਦਾ ਇੱਕ ਵਾਰ ਫਿਰ ਉਜਾਗਰ ਕਰ ਦਿੱਤਾ ਹੈ। ਇਸ ਮੁੱਦੇ ਲਈ ਮੰਚ ਤਾਂ ਪਿਛਲੇ ਵਰ੍ਹੇ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਹੀ ਤਿਆਰ ਹੋ ਗਿਆ ਸੀ। ਉਦੋਂ ਸੱਤਾਧਾਰੀ ਅਕਾਲੀਆਂ ਨੂੰ ਮੁੱਖ ਚੁਣੌਤੀ ਦੇਣ ਵਿੱਚ ਆਮ ਆਦਮੀ ਪਾਰਟੀ ਨੂੰ ਹੀ ਮੋਹਰੀ ਮੰਨਿਆ ਜਾ ਰਿਹਾ ਸੀ, ਕਿਉਂਕਿ ਵਾਲੰਟੀਅਰਜ਼ ਅਤੇ ਲਹਿਰ-ਆਧਾਰਿਤ ਇਸ ਪਾਰਟੀ ਨੇ ਨਵੀਂ ਦਿੱਲੀ ਵਿਚ ਅਣਕਿਆਸੀ ਸਫ਼ਲਤਾ ਹਾਸਲ ਕੀਤੀ ਸੀ, ਤੇ ਪੰਜਾਬ ਦੀਆਂ ਚਾਰ ਲੋਕ ਸਭਾ ਸੀਟਾਂ ਵੀ ਜਿੱਤ ਲਈਆਂ ਸਨ। ਵਿਦੇਸ਼ਾਂ ਖ਼ਾਸ ਕਰ ਕੇ ਕੈਨੇਡਾ ਵਿੱਚ ਵੱਸਦੇ ਸਿੱਖਾਂ ਨੇ ਖੁੱਲ੍ਹਦਿਲੀ ਨਾਲ ਵਿੱਤੀ ਮਦਦ ਭੇਜ ਕੇ ਉਨ੍ਹਾਂ ਦਾ ਸਮਰਥਨ ਕੀਤਾ ਸੀ। ਉਦੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਵਿੱਚ ਜਾ ਕੇ ਚੋਣ ਪ੍ਰਚਾਰ ਕਰਨਾ ਚਾਹਿਆ ਸੀ, ਪਰ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ ਸੀ। ਇਸੇ ਲਈ ਉਨ੍ਹਾਂ ਇਹ ਮਹਿਸੂਸ ਕੀਤਾ ਸੀ ਕਿ ਪ੍ਰਧਾਨ ਮੰਤਰੀ ਟਰੂਡੋ ਦੀ ਲਿਬਰਲ ਪਾਰਟੀ ਆਮ ਆਦਮੀ ਪਾਰਟੀ ਦੇ “ਖ਼ਾਲਿਸਤਾਨੀ” ਹਮਾਇਤੀਆਂ ਦੇ ਹੱਥਾਂ ਵਿੱਚ ਖੇਡ ਰਹੀ ਹੈ। ਪੰਜਾਬ ਦੇ ਸਿਆਸਤਦਾਨਾਂ ਵੱਲੋਂ ਇਸ ਤਰ੍ਹਾਂ ਦਾ ਪ੍ਰਚਾਰ ਪਹਿਲਾਂ ਵੀ ਹੁੰਦਾ ਰਿਹਾ ਹੈ, ਇਸੇ ਲਈ ਕੈਨੇਡੀਅਨ ਸਰਕਾਰ ਦੀ ਭੂਮਿਕਾ ਨੂੰ ਸ਼ੱਕੀ ਮੰਨ ਲਿਆ ਗਿਆ।

ਕੈਪਟਨ ਨੇ ਆਪਣੀ ਇਸ ਹੇਠੀ ਨੂੰ ਸਿਆਸੀ ਹਥਿਆਰ ਬਣਾ ਲਿਆ ਅਤੇ ਇਹ ਸੋਚ ਕੇ ਆਮ ਆਦਮੀ ਪਾਰਟੀ ਨੂੰ ‘ਖ਼ਾਲਿਸਤਾਨੀ ਸਮਰਥਕ’ ਕਰਾਰ ਦੇਣਾ ਸ਼ੁਰੂ ਕਰ ਦਿੱਤਾ ਗਿਆ ਕਿ ਇੰਜ ਕਿਰਸਾਨੀ ਵੋਟਾਂ ਵੰਡੀਆਂ ਜਾਣਗੀਆਂ। ਕਾਂਗਰਸ ਨੂੰ ਅਕਾਲੀ-ਭਾਜਪਾ ਗੱਠਜੋੜ ਤੋਂ ਆਪਣੀਆਂ ਰਵਾਇਤੀ ਹਿੰਦੂ ਵੋਟਾਂ ਵਾਪਸ ਖੋਹਣ ਦੀ ਜ਼ਰੂਰਤ ਵੀ ਸੀ। ਕੈਪਟਨ ਨੇ ਆਪਣੀ ਖ਼ਾਲਿਸਤਾਨ ਵਾਲੀ ਚਾਲ ਦੀ ਅੜੀ ਕਾਇਮ ਰੱਖੀ ਅਤੇ ਟਰੂਡੋ ਦੇ ਚਾਰ ਸਿੱਖ ਮੰਤਰੀਆਂ ਨੂੰ ਵੀ ਨਿਸ਼ਾਨੇ ‘ਤੇ ਲੈ ਲਿਆ। ਉਨ੍ਹਾਂ ਪੰਜਾਬ ਦੌਰੇ ਉੱਤੇ ਆਏ ਕੈਨੇਡੀਅਨ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਮਿਲਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਹੁਣ ਟਰੂਡੋ ਕਿਉਂਕਿ ਆਪਣੇ ਸਿੱਖ ਮੰਤਰੀਆਂ ਨਾਲ ਯਾਤਰਾ ਕਰ ਰਹੇ ਸਨ, ਇਸ ਲਈ ਜਵਾਬੀ ਹਮਲੇ ਦੀ ਤਾਂ ਆਸ ਸਭ ਨੂੰ ਸੀ।

ਇਸ ਦੌਰਾਨ ਕੈਨੇਡਾ ਵਿੱਚ ਵੱਸਦੇ ਸਿੱਖਾਂ ਦੇ ਰਿਸ਼ਤੇ ਭਾਰਤ ਸਰਕਾਰ ਨਾਲ ਵਿਗੜਦੇ ਗਏ। ਓਂਟਾਰੀਓ ਵਿਧਾਨ ਸਭਾ ਨੇ ਮਤਾ ਪਾਸ ਕਰ ਕੇ 1984 ਦੇ ਸਿੱਖ ਕਤਲੇਆਮ ਨੂੰ ‘ਨਸਲਕੁਸ਼ੀ’ ਕਰਾਰ ਦਿੱਤਾ। ਵਿਧਾਨ ਸਭਾ ਵਿੱਚ ਇਹ ਮਤਾ ਪੇਸ਼ ਕਰਨ ਵਾਲੇ ਵਿਧਾਇਕ ਨੂੰ ਟੋਰਾਂਟੋ ਦੇ ਗੁਰਦੁਆਰੇ ਵਿਚ ਸਨਮਾਨਿਤ ਕੀਤਾ ਗਿਆ। ਟਰੂਡੋ ਟੋਰਾਂਟੋ ਦੇ ਨਗਰ ਕੀਰਤਨ ਵਿੱਚ ਸ਼ਾਮਲ ਹੋਏ ਜਿੱਥੇ ਖ਼ਾਲਿਸਤਾਨੀ ਝੰਡੇ, ਪੋਸਟਰ ਅਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਤਸਵੀਰਾਂ ਸਨ। ਟਰੂਡੋ ਅਤੇ ਉਨ੍ਹਾਂ ਦਾ ਮਿਲਾਪੜਾ ਪਰਿਵਾਰ ਛੇ ਦਿਨਾਂ ਤੱਕ ਭਾਰਤ ਦੀ ਯਾਤਰਾ ਕਰਦਾ ਰਿਹਾ ਤੇ ਇਸ ਦੌਰਾਨ ‘ਕੇ’ ਮੁੱਦਾ ਪੂਰੀ ਤਰ੍ਹਾਂ ਭਖਿਆ ਰਿਹਾ। ਇਸੇ ਲਈ ਅਖ਼ੀਰ ਤੱਕ ਕਿਸੇ ਨੂੰ ਇਹ ਵੀ ਪਤਾ ਨਾ ਲੱਗਿਆ ਕਿ ਟਰੂਡੋ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਅੰਮ੍ਰਿਤਸਰ ਫੇਰੀ ਮੌਕੇ ਉਨ੍ਹਾਂ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਹੋਵੇਗੀ ਕਿ ਨਹੀਂ।

ਹੁਣ ਜਸਪਾਲ ਅਟਵਾਲ ਨੂੰ ਲੈ ਕੇ ਨਵਾਂ ਵਿਵਾਦ ਛਿੜ ਪਿਆ ਹੈ। ਅਟਵਾਲ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਉਸ ਨੇ 1986 ਵਿੱਚ ਕੈਨੇਡਾ ਗਏ ਇਕ ਭਾਰਤੀ ਸਿਆਸੀ ਆਗੂ ਦਾ ਕਤਲ ਕਰਨ ਦਾ ਯਤਨ ਕੀਤਾ ਸੀ। ਟਰੂਡੋ ਦੇ ਕੈਨੇਡੀਅਨ ਵਫ਼ਦ ਵਿੱਚ ਉਹ ਵੀ ਸ਼ਾਮਲ ਸੀ ਤੇ ਕੈਨੇਡੀਅਨ ਹਾਈ ਕਮਿਸ਼ਨਰ ਵੱਲੋਂ ਰਾਤ ਦੇ ਖਾਣੇ ‘ਤੇ ਉਸ ਨੂੰ ਸੱਦਿਆ ਗਿਆ ਸੀ। ਉਸ ਨੂੰ ਦਿੱਤਾ ਗਿਆ ਇਹ ਸੱਦਾ ਭਾਵੇਂ ਤੁਰਤ-ਫੁਰਤ ਵਾਪਸ ਲੈ ਲਿਆ ਗਿਆ, ਪਰ ਇਹ ਮੁੱਦਾ ਉਸ ਵੇਲੇ ਹੋਰ ਵੀ ਭਖ ਗਿਆ, ਜਦੋਂ ਇਕ ਖ਼ਬਰ ਵਿੱਚ ਇਹ ਦਾਅਵਾ ਕੀਤਾ ਗਿਆ ਕਿ ਮੋਦੀ ਸਰਕਾਰ ਨੇ ਅਟਵਾਲ ਦਾ ਨਾਂ ਕਾਲ਼ੀ ਸੂਚੀ ਵਿਚੋਂ ਖ਼ਾਰਜ ਕਰ ਦਿੱਤਾ ਸੀ ਅਤੇ ਉਸ ਦੀ ਵਰਤੋਂ ਸਗੋਂ ਖ਼ਾਲਿਸਤਾਨੀਆਂ ਤੱਕ ਪਹੁੰਚ ਬਣਾਉਣ ਲਈ ਕੀਤੀ ਜਾ ਰਹੀ ਸੀ। ਕੀ ਇਹ ਸਾਰਾ ਹੰਗਾਮਾ ਕੈਨੇਡਾ ਵਿੱਚ ਲਿਬਰਲ ਪਾਰਟੀ ਦੇ ਵਿਰੋਧੀਆਂ ਨੇ ਖੜ੍ਹਾ ਕੀਤਾ ਸੀ ਕਿ ਜਾਂ ਇਹ ਖ਼ਾਲਿਸਤਾਨ ਦੇ ਮੁੱਦੇ ‘ਤੇ ਟਰੂਡੋ ਨੂੰ ਠਿੱਬੀ ਲਾਉਣ ਲਈ ਭਾਰਤ ਸਰਕਾਰ ਦੀ ਚਾਲ ਸੀ ? ਅਸਲੀਅਤ ਭਾਵੇਂ ਕੁਝ ਵੀ ਹੋਵੇ, ਇਸ ਮਾਮਲੇ ਵਿੱਚ ਮੀਡੀਆ ਦੇ ਉਦਾਰਵਾਦੀ ਹਿੱਸੇ ਨੂੰ ਵੀ ਭਾਰਤੀ ਸਿੱਖਾਂ ਦੀ ਆਲੋਚਨਾ ਕਰਨ ਦਾ ਮੌਕਾ ਮਿਲ ਗਿਆ।

ਮੋਦੀ-ਟਰੂਡੋ ਗੱਲਬਾਤ ਤੋਂ ਬਾਅਦ ਜਾਰੀ ਹੋਏ ਸਾਂਝੇ ਬਿਆਨ ਵਿੱਚ ਇਹ ਗੱਲ ਦੁਹਰਾਈ ਗਈ ਕਿ ਦੋਵੇਂ ਦੇਸ਼ ਲੋਕਤੰਤਰ ਹਨ, ਇਸ ਲਈ ਕਾਨੂੰਨ ਦੀ ਪਾਲਣਾ ਲਈ ਵਚਨਬੱਧ ਹਨ। ਉਨ੍ਹਾਂ ਇੱਕ-ਦੂਜੇ ਦੇ ਦੇਸ਼ ਦੀ ਇੱਕਜੁਟਤਾ ਤੇ ਪ੍ਰਭੂਸੱਤਾ ਨੂੰ ਵੀ ਪ੍ਰਵਾਨ ਕੀਤਾ। ਇਹ ਸਭ ਟਰੂਡੋ ਦੀ ਭਾਰਤ ਫੇਰੀ ਸ਼ੁਰੂ ਹੋਣ ਮੌਕੇ ਹੀ ਹੋਣਾ ਚਾਹੀਦਾ ਸੀ, ਫਿਰ ਖ਼ਾਲਿਸਤਾਨ ਜਿਹਾ ਮੁੱਦਾ ਨਹੀਂ ਉੱਠਣਾ ਸੀ। ਕੈਨੇਡਾ ਨੇ ਬੱਬਰ ਖ਼ਾਲਸਾ ਤੇ ਇੰਟਰਨੈਸ਼ਨਲ ਸਿੱਖ ਯੂਥ ਫ਼ੈਡਰੇਸ਼ਨ ਦੇ ਕਾਰਕੁਨਾਂ ਖ਼ਿਲਾਫ਼ ਕਾਰਵਾਈ ਕਰਨ ਲਈ ਸਹਿਮਤੀ ਪ੍ਰਗਟਾਈ ਹੈ। ਉਂਜ, ਇਹ ਮੁੱਦਾ ਇੰਨਾ ਸਾਧਾਰਨ ਵੀ ਨਹੀਂ। ਸਾਲ 2011 ਦੇ ‘ਅਰਬ ਬਸੰਤ’ ਤੋਂ ਬਾਅਦ ਸੰਸਾਰ ਵਿੱਚ ਤਬਦੀਲੀ ਆਈ ਹੈ। ਸੋਸ਼ਲ ਮੀਡੀਆ ਦੀ ਮਦਦ ਨਾਲ ਫ਼ੰਡਿੰਗ ਅਤੇ ਹੋਰ ਸਰਗਰਮੀਆਂ ਦਾ ਲਗਾਤਾਰ ਪਤਾ ਲੱਗਦਾ ਰਿਹਾ ਹੈ ਤੇ ਵਿਚਾਰਾਂ ਦਾ ਤੇਜ਼ੀ ਨਾਲ ਪਾਸਾਰ ਹੁੰਦਾ ਚਲਾ ਗਿਆ। ਖ਼ਾਲਿਸਤਾਨ 2.0 ਦਾ ਪ੍ਰਚਾਰ ਹੁਣ ਕੈਨੇਡੀਅਨ ਕਾਨੂੰਨ ਦੇ ਘੇਰੇ ਅੰਦਰ ਰਹਿ ਕੇ ਬਹੁਤ ਸ਼ਾਂਤੀਪੂਰਨ ਢੰਗ ਨਾਲ ਕੀਤਾ ਜਾ ਰਿਹਾ ਹੈ। ਕੋਈ ਸਿਆਸੀ ਵਿਚਾਰ ਪ੍ਰਚਾਰਨ ਸਮੇਤ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਨੂੰ ਭਾਰਤ ਬਗ਼ਾਵਤ ਕਰਾਰ ਦੇ ਸਕਦਾ ਹੈ। ਭਾਰਤ ਵਿੱਚ ਅਪਰਾਧਾਂ ਨੂੰ ਰੋਕਣ ਲਈ ਅਜੇ ਵੀ ਉਹੀ ਬਸਤੀਵਾਦੀ ਕਾਨੂੰਨ ਲਾਗੂ ਹਨ, ਜਿਹੜੇ 19ਵੀਂ ਸਦੀ ਵਿੱਚ ਤਿਆਰ ਕੀਤੇ ਗਏ ਸਨ, ਜਦਕਿ ਕੈਨੇਡਾ ਅਤੇ ਅਮਰੀਕਾ ਵਿੱਚ ਅਜਿਹੇ ਪ੍ਰਗਟਾਵੇ ਉੱਤੇ ਕੋਈ ਪਾਬੰਦੀ ਨਹੀਂ ਹੈ। ਕੈਨੇਡਾ ਸਰਕਾਰ ਨੇ ਤਾਂ 1995 ਵਿੱਚ ਕਿਊਬੇਕ ਸੂਬੇ ਵੱਲੋਂ ਕੈਨੇਡਾ ਤੋਂ ਵੱਖ ਹੋਣ ਦੇ ਮੁੱਦੇ ‘ਤੇ ਦੂਜੀ ਵਾਰ ਕਰਵਾਈ ਰਾਇਸ਼ੁਮਾਰੀ ਨੂੰ ਵੀ ਬੜੇ ਤਹੱਮਲ ਨਾਲ ਲਿਆ ਸੀ। ਉਸ ਰਾਇਸ਼ੁਮਾਰੀ ਨੂੰ ਬਾਅਦ ਵਿੱਚ ਕੈਨੇਡੀਅਨ ਸੁਪਰੀਮ ਕੋਰਟ ਨੇ ਗ਼ੈਰ-ਸੰਵਿਧਾਨਕ ਕਰਾਰ ਦੇ ਦਿੱਤਾ ਸੀ। ਸਾਲ 1869 ਦੌਰਾਨ ਅਮਰੀਕਾ ਵਿੱਚ ਵੀ ਸੁਪਰੀਮ ਕੋਰਟ ਨੇ ‘ਟੈਕਸਸ ਬਨਾਮ ਗੋਰੇ’ ਮਾਮਲੇ ਵਿੱਚ ਬਿਲਕੁਲ ਇਸੇ ਤਰ੍ਹਾਂ ਦਾ ਫ਼ੈਸਲਾ ਸੁਣਾਇਆ ਸੀ।

ਖ਼ਾਲਿਸਤਾਨ 2.0 ਦਾ ਮਸਲਾ ਹੁਣ “ਵੋਟ” (#ਰਾਇਸ਼ੁਮਾਰੀ 2020) ਉੱਤੇ ਨਿਰਭਰ ਹੈ, ਜੋ ਸੰਸਾਰ ਵਿੱਚ ਵੱਖ ਵੱਖ ਥਾਈਂ ਵੱਸਦੇ ਸਿੱਖਾਂ ਵਿਚਕਾਰ ਕਰਵਾਈ ਜਾਣੀ ਹੈ। ਜੇ ਖ਼ਾਲਿਸਤਾਨ ਦੇ ਮੁੱਦੇ ਨੂੰ ਹੁਲਾਰਾ ਮਿਲ ਜਾਂਦਾ ਹੈ, ਤਾਂ ਇਹ ਕੌਮਾਂਤਰੀ ਪੱਧਰ ‘ਤੇ ਉੱਭਰ ਜਾਵੇਗਾ ਅਤੇ ਇਸ ਨੂੰ ਸੰਯੁਕਤ ਰਾਸ਼ਟਰ ਵਿੱਚ ਵੀ ਲਿਜਾਂਦਾ ਜਾ ਸਕੇਗਾ। ਪਹਿਲਾਂ ਵੀ ਅਜਿਹੇ ਅਸਫ਼ਲ ਯਤਨ ਹੋ ਚੁੱਕੇ ਹਨ।

ਸਿੱਖ ਹੋਮਲੈਂਡ ਦਾ ਵਿਚਾਰ ਪਹਿਲੀ ਵਾਰ 1940 ਵਿੱਚ ਡਾ. ਵੀਰ ਸਿੰਘ ਭੱਟੀ ਨੇ ਪੈਂਫ਼ਲਿਟ ਵਿੱਚ ਰੱਖਿਆ ਸੀ ਜੋ ਦਰਅਸਲ ਮੁਸਲਿਮ ਲੀਗ ਦੇ ਲਾਹੌਰ ਐਲਾਨਨਾਮੇ ਦਾ ਮੋੜਵਾਂ ਜਵਾਬ ਸੀ। ਆਜ਼ਾਦੀ ਤੋਂ ਬਾਅਦ ਪੰਜਾਬ ਦੀ ਸਿਆਸਤ ਵੀ ਇਸ ਮੁੱਦੇ ਦੁਆਲ਼ੇ ਘੁੰਮਦੀ ਰਹੀ, ਪਰ ਨਹਿਰੂ ਸਰਕਾਰ ਇਸ ਨੂੰ ਸੰਭਾਲ ਨਾ ਸਕੀ ਅਤੇ ਇਸ ਨੂੰ ਭੈੜੀ ਹਾਲਤ ਤੱਕ ਪਹੁੰਚਾ ਦਿੱਤਾ, ਕਿਉਂਕਿ ਉਦੋਂ ਪੰਜਾਬ ਨੂੰ ਭਾਸ਼ਾ ਦੇ ਆਧਾਰ ‘ਤੇ ਕਾਇਮ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਗਿਆ ਸੀ, ਜਦਕਿ 1956 ਵਿੱਚ ਹੋਰ ਸੂਬਿਆਂ ਨੂੰ ਅਜਿਹੀ ਇਜਾਜ਼ਤ ਦੇ ਦਿੱਤੀ ਗਈ ਸੀ। ਇਸੇ ਕਾਰਨ ਸਿੱਖਾਂ ਵਿੱਚ ਬੇਵਿਸਾਹੀ ਵਧਦੀ ਗਈ। ਉਦੋਂ ਲਾਲ ਬਹਾਦਰ ਸ਼ਾਸਤਰੀ ਨੇ ਉਸ ਗ਼ਲਤੀ ਨੂੰ ਸੋਧਿਆ, ਜਦੋਂ 1965 ਦੀ ਜੰਗ ਦੌਰਾਨ ਉਨ੍ਹਾਂ ਰੋਸ ਪ੍ਰਗਟਾ ਰਹੇ ਸੰਤ ਫ਼ਤਿਹ ਸਿੰਘ ਨਾਲ ਪੰਜਾਬੀ ਸੂਬਾ ਕਾਇਮ ਕਰਨ ਦਾ ਵਾਅਦਾ ਕੀਤਾ। ਉਦੋਂ ਪੱਛਮੀ ਮੋਰਚਾ ਭਾਵੇਂ ਢਹਿ-ਢੇਰੀ ਹੋਣ ਦੀ ਹਾਲਤ ਵਿੱਚ ਸੀ, ਪਰ ਸਿੱਖ ਲੈਫ਼ਟੀਨੈਂਟ ਜਨਰਲ ਹਰਬਖ਼ਸ਼ ਸਿੰਘ ਅਤੇ ਪੰਜਾਬ ਦੇ ਕਿਸਾਨਾਂ ਨੇ ਸਮੁੱਚੇ ਹਾਲਾਤ ਨੂੰ ਬਦਲ ਕੇ ਰੱਖ ਦਿੱਤਾ। ਜੇ ਕਿਤੇ ਜਨਵਰੀ 1966 ਵਿੱਚ ਪ੍ਰਧਾਨ ਮੰਤਰੀ ਸ਼ਾਸਤਰੀ ਅਕਾਲ ਚਲਾਣਾ ਨਾ ਕਰਦੇ, ਤਾਂ ਪੰਜਾਬ ਵਿੱਚ ਅਤਿਵਾਦ ਦਾ ਦੌਰ ਕਦੇ ਨਹੀਂ ਸੀ ਆਉਣਾ, ਕਿਉਂਕਿ ਉਨ੍ਹਾਂ ਆਪਣਾ ਵਾਅਦਾ ਨਿਆਂਪੂਰਨ ਢੰਗ ਨਾਲ ਨਿਭਾਉਣਾ ਸੀ। ਮੰਦੇਭਾਗੀਂ ਉਨ੍ਹਾਂ ਦੀ ਜਾਨਸ਼ੀਨ ਇੰਦਰਾ ਗਾਂਧੀ ਉਹ ਵਾਅਦਾ ਪੂਰਾ ਕਰਨ ਤੋਂ ਨਾਕਾਮ ਰਹੀ।

ਇੱਕ ਵਾਰ ਫਿਰ ਖ਼ਾਲਿਸਤਾਨ 2.0 ਦਾ ਪ੍ਰਸੰਗ ਘਰੇਲੂ ਅਤੇ ਕੌਮਾਂਤਰੀ, ਦੋਵੇਂ ਹੈ। ਪੰਜਾਬ ਵਿੱਚ, ਅਕਾਲੀਆਂ ਦੀ 10 ਸਾਲਾ ਹਕੂਮਤ ਨੇ ਖੇਤੀ ਅਰਥਚਾਰੇ ਦੇ ਗ਼ੈਰ-ਟਿਕਾਊ ਮਾਡਲ ਨੂੰ ਭੈੜੀ ਹਾਲਤ ਵਿੱਚ ਪਹੁੰਚਾ ਦਿੱਤਾ, ਕਿਉਂਕਿ ਇਸ ਮਾਡਲ ਸਦਕਾ ਹੀ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ, ਸੂਬੇ ਦੇ ਕਿਸਾਨਾਂ ਸਿਰ ਕਰਜ਼ੇ ਦਾ ਬੋਝ ਵਧ ਰਿਹਾ ਹੈ, ਪਿੰਡ ਵਾਸੀਆਂ ਦੀਆਂ ਔਕੜਾਂ ਵਧ ਰਹੀਆਂ ਹਨ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਬਿਲਕੁਲ ਵੀ ਪੈਦਾ ਨਹੀਂ ਹੋ ਰਹੇ।

**ਬਾਕੀ ਸਫ਼ਾ 28 ’ਤੇ**

# ਗੁਰਬਾਣੀ ਅਤੇ ਹਉਮੈ ਦਾ ਸੰਕਲਪ

**ਹਰਮੀਤ ਸਿੰਘ ਖਾਲਸਾ**
ਡਬਰਾ (ਗਵਾਲੀਅਰ )

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ਗੁਰਬਾਣੀ ਦੇ ਇਸ ਇਲਾਹੀ ਫੁਰਮਾਨ ਅਨੁਸਾਰ ਹਉਮੈ ਅਜਿਹਾ ਗੰਭੀਰ ਰੋਗ ਹੈ ਜੋ ਲੰਮੇ ਸਮੇ ਤੱਕ ਇਨਸਾਨ ਨੂੰ ਲੱਗਾ ਰਹਿੰਦਾ ਹੈ।

ਇਨਸਾਨ ਨੂੰ ਲੱਗਣ ਵਾਲਾ ਇਹ ਰੋਗ ਐਨਾ ਖਤਰਨਾਕ ਹੈ ਕਿ ਇਹ ਬਹੁਤੇ ਇਨਸਾਨੀ ਰੋਗਾਂ ਦੀ ਜੜ੍ਹ ਹੋ ਨਿਬੜਦਾ ਹੈ, ਪਰ ਵਿਡੰਬਨਾ ਅਜਿਹੀ ਕਿ ਇਨਸਾਨ ਨੂੰ ਆਪਣੇ ਆਪ ਨੂੰ ਇਸ ਰੋਗ ਦੇ ਲੱਗੇ ਹੋਣ ਦਾ ਅਹਿਸਾਸ ਹੀ ਨਹੀ ਹੁੰਦਾ, ਤੇ ਵਿਚਾਰਾ ਮਨੁੱਖ ਸਾਰੀ ਜਿੰਦਗੀ ਇਸ ਤੋਂ ਪੀੜਤ ਰਹਿੰਦਾ ਹੋਇਆ ਅਖੀਰ ਇਸ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਕਿਉਂਕਿ ਇਨਸਾਨ ਨੂੰ ਇਸ ਰੋਗ ਦੀ ਹੋਂਦ ਦਾ ਅਹਿਸਾਸ ਹੀ ਨਹੀ ਹੁੰਦਾ ਇਸ ਕਰਕੇ ਇਸ ਦੇ ਇਲਾਜ ਦਾ ਤਾਂ ਸਵਾਲ ਹੀ ਪੈਦਾ ਨਹੀ ਹੁੰਦਾ। ਇਹ ਰੋਗ ਇਸ ਕਰਕੇ ਵੀ ਦੀਰਘ ਤੇ ਖਤਰਨਾਕ ਹੈ ਕਿਉਂਕਿ ਇਨਸਾਨ ਦੀ ਉਮਰ ਦੇ ਵਧਣ ਨਾਲ ਕਾਮ, ਕ੍ਰੋਧ, ਲੋਭ, ਮੋਹ ਵਰਗੇ ਮਨੋਵਿਕਾਰ ਸਹਿਜੇ-ਸਹਿਜੇ ਇਨਸਾਨ ਵਿਚੋਂ ਘਟਦੇ ਜਾਂਦੇ ਹਨ ਪਰ ਹਉਮੈ ਉੱਤੇ ਉਮਰ ਦਾ ਕੋਈ ਅਸਰ ਨਹੀ ਹੁੰਦਾ ਇਹ ਮਰਨ ਤਕ ਜਿਉਂ ਦੀ ਤਿਉਂ ਹੀ ਰਹਿੰਦੀ ਹੈ। ਹਉਮੈ ਦਾ ਇਨਸਾਨ ਉੱਤੇ ਐਨਾ ਗੰਭੀਰ ਪ੍ਰਭਾਵ ਹੁੰਦਾ ਹੈ ਕਿ ਆਪਣੀ ਸਾਰੀ ਜਿੰਦਗੀ ਵਿਚ ਕੀਤੇ ਜਾਂਦੇ ਛੋਟੇ ਤੋਂ ਛੋਟੇ ਕਰਮ ਤੋਂ ਲੈ ਕੇ ਵੱਡੇ ਤੋਂ ਵੱਡੇ ਕਰਮ ਤੱਕ ਇਨਸਾਨ ਆਪਣੇ ਨਿੱਜ ਨੂੰ ਹੀ ਮੁੱਖ ਰੱਖਦਾ ਹੈ ਭਾਵੇਂ ਉਹ ਸਮਾਜਕ, ਧਾਰਮਕ, ਆਰਥਕ, ਰਾਜਨੀਤਕ ਜਾਂ ਕੋਈ ਵੀ ਕਰਮ ਕਿਉਂ ਨਾ ਹੋਵੇ। ਸਾਰੇ ਜੀਵਾਂ ਵਿਚੋਂ ਸਿਰਫ ਮਨੁੱਖ ਨੂੰ ਹੀ ਲਗਣ ਵਾਲਾ ਇਹ ਰੋਗ ਆਮ ਤੌਰ ਤੇ ਸੂਖਮ ਰੂਪ ਵਿਚ ਹੀ ਕੰਮ ਕਰ ਰਿਹਾ ਹੁੰਦਾ ਹੈ ਤੇ ਉਸ ਦੇ ਸਾਰੇ ਫੈਸਲਿਆਂ ਨੂੰ ਪ੍ਰਭਾਵਿਤ ਕਰਦਾ ਹੈ।

ਹਉਮੈ ਦਾ ਇਕ ਰੂਪ ਅਹੰਕਾਰ ਵੀ ਹੈ ਤੇ ਇਹ ਕਿਸੇ ਨੂੰ ਪੈਸੇ, ਰੁਤਬੇ, ਸ਼ਰੀਰਕ ਬਲ, ਸੁੰਦਰਤਾ, ਗਿਆਨ, ਉੱਚੀ ਜਾਤ/ਕੁਲ, ਦਾਨ, ਪਾਠ-ਪੂਜਾ, ਸੇਵਾ, ਵਿਦਿਆ, ਮਹਿਲ-ਮਾੜੀਆਂ ਆਦਿ ਜਾਂ ਹੋਰ ਵੀ ਕਿਸੇ ਤਰ੍ਹਾ ਦਾ ਹੋ ਸਕਦਾ ਹੈ। ਆਪਣੀ ਗਲਤੀ ਦੀ ਮਾਫੀ ਨਾ ਮੰਗਣਾ, ਆਪਣੀ ਹੀ ਗੱਲ ਮਨਵਾਉਣੀ, ਗੱਲ-ਗੱਲ ਤੇ ਗੁੱਸਾ ਕਰਨਾ, ਦੂਜੇ ਨੂੰ ਮਾਫ ਨਾ ਕਰਨਾ, ਅਹਿਸਾਨ ਜਤਾਉਣਾ, ਕੌੜਾ ਬੋਲਣਾ, ਕੋਮਲਤਾ ਨਾ ਹੋਣੀ, ਪ੍ਰਸਿੱਧੀ ਤੇ ਚੌਧਰ ਦੀ ਲਾਲਸਾ, ਆਪਣੇ ਬਾਰੇ ਹੀ ਗੱਲ ਕਰਨੀ, ਦੂਜੇ ਦਾ ਅਪਮਾਨ ਕਰਨਾ, ਹਮਦਰਦੀ ਨਾ ਕਰਨੀ, ਖੁਦਗਰਜ਼ ਹੋਣਾ, ਸ਼ੇਖੀ ਮਾਰਨੀ, ਛੋਟਾ ਕੰਮ ਕਰਨ ਵਿਚ ਬੇਇੱਜ਼ਤੀ ਮਹਿਸੂਸ ਕਰਨੀ ਆਦਿ ਹਉਮੈ ਦੇ ਬੇਅੰਤ ਲਛਨਾ ਵਿਚੋ ਕੁੱਝ ਲਛਨ ਹਨ।

ਹਉਮੈ ਦਾ ਦੀਰਘ ਰੋਗ ਇਨਸਾਨ ਦੇ ਹਰ ਖੇਤਰ ਵਿਚ ਵਿਗਾੜ ਪੈਦਾ ਕਰਦਾ ਹੈ, ਪਰਵਾਰ ਤੇ ਸਮਾਜ ਵਿਚ ਬਹੁਤੇ ਝਗੜੇ ਹਉਮੈ ਵੱਸ ਹੀ ਹੁੰਦੇ ਹਨ। ਅਧਿਆਤਮ ਵਿਚ ਕੀਤੇ ਗਏ ਹਉਮੈ ਦੇ ਅਧੀਨ ਸਾਰੇ ਕਰਮ ਪਰਮਾਤਮਾ ਦੀ ਨਿਗਾਹ ਵਿਚ ਕੀਮਤ ਨਹੀ ਰਖਦੇ ਤੇ ਪਾਖੰਡ ਕਰਨ ਦੇ ਤੁਲ ਹੀ ਹੁੰਦੇ ਹਨ। ਗੁਰਬਾਣੀ ਵਿਚ ਅਨੇਕਾਂ ਵਾਰ ਇਹ ਗੱਲ ਦ੍ਰਿੜ ਕਰਾਈ ਗਈ ਹੈ ਕਿ ਪਰਮਾਤਮਾ ਦੀ ਭਗਤੀ, ਨਿੱਜ ਨੂੰ ਸਵਾਰਨ ਦਾ ਕੰਮ ਤੇ ਸਮਾਜਕ ਭਲਾਈ ਸਿਰਫ ਹਉਮੈ ਰਹਿਤ ਹੋ ਕੇ ਕੀ ਹੋ ਸਕਦੀ ਹੈ ਇਸ ਤੋਂ ਬਿਨ੍ਹਾ ਨਹੀ। ਆਤਮ ਸਨਮਾਨ ਅਤੇ ਹਉਮੈ ਵਿਚਕਾਰ ਅਤਿ ਬਾਰੀਕ ਹੱਦ ਹੁੰਦੀ ਹੈ ਜਿਸ ਨੂੰ ਪਹਿਚਾਨਣਾ ਤੇ ਦਰਸਾਉਂਣਾ ਬੜਾ ਔਖਾ ਕੰਮ ਹੈ। ਹਉਮੈ ਐਨੀ ਸੂਖਮ ਹੁੰਦੀ ਹੈ ਕਿ ਇਸ ਦੀ ਆਪਣੇ ਅੰਦਰੋਂ ਪਹਿਚਾਨ ਕਰਨੀ ਬੜੀ ਔਖੀ ਹੈ ਤੇ ਇਹ ਪਾਠ-ਪੂਜਾ ਕੀਤਿਆਂ ਨਹੀ ਜਾਂਦੀ ਬਲਕਿ ਕਈ ਵਾਰ ਹੋਰ ਵੱਧ ਜਾਂਦੀ ਹੈ। ਗੁਰੂ ਨਾਲ ਅਥਾਹ ਪ੍ਰੇਮ ਪਾਇਆਂ ਅਤੇ ਆਪਣਾ ਆਪ ਗੁਰੂ ਅੱਗੇ ਪੂਰੀ ਤਰ੍ਹਾ ਸਮਰਪਣ ਕੀਤਿਆਂ, ਗੁਰੂ ਦੀ ਮਹਿਰਾਮਤ ਹਾਸਲ ਕਰ ਕੇ ਹੀ ਹਉਮੈ ਬਾਰੇ ਸੋਝੀ ਆਉਂਦੀ ਹੈ ਤੇ ਇਸ ਦੀਰਘ ਰੋਗ ਉਤੇ ਕਾਬੂ ਪਾਇਆ ਜਾ ਸਕਦਾ ਹੈ ਇਸ ਤੋਂ ਛੁੱਟ ਇਸ ਰੋਗ ਤੇ ਕਾਬੂ ਪਾਉਣ ਦਾ ਹੋਰ ਕੋਈ ਵੀ ਵਸੀਲਾ ਨਹੀ। ਇਹ ਹਉਮੈ ਹੀ ਹੈ ਜਿਸ ਕਾਰਨ ਇਨਸਾਨ ਕਿਸੇ ਦੂਜੇ ਇਨਸਾਨ ਵਿਚ ਰੱਬੀ ਜੋਤ ਨਹੀ ਵੇਖ ਪਾਉਂਦਾ ਤੇ ਉਸ ਨਾਲ ਹਰ ਤਰ੍ਹਾ ਦੀ ਵਧੀਕੀ ਕਰ ਜਾਂਦਾ ਹੈ। ਹਉਮੈ ਐਨੀ ਪ੍ਰਬਲ ਤੇ ਬਲਵਾਨ ਹੁੰਦੀ ਹੈ ਕਿ ਵੱਡੇ-ਵੱਡੇ ਵਿਦਵਾਨ, ਕਵੀ, ਧਾਰਮਕ ਆਗੂ, ਸੂਰਮੇ, ਪੀਰ, ਸਨਿਆਸੀ, ਜੋਗੀ ਵਰਗਿਆਂ ਨੂੰ ਵੀ ਆਪਣੀ ਪਕੜ ਵਿਚ ਰਖਦੀ ਹੈ, ਕੋਈ ਵਿਰਲਾ ਹੀ ਭਗਤ ਜਨ ਪਰਮਾਤਮਾ ਦੀ ਮਹਿਰ ਹਾਸਲ ਕਰ ਕੇ ਇਸ ਉਤੇ ਕਾਬੂ ਪਾ ਸਕਦਾ ਹੈ। ਆਪਣੀ ਨਿਜ ਦੀ ਹਰ ਚੀਜ਼ ਨੂੰ ਦੂਜਿਆਂ ਨਾਲੋਂ ਸ੍ਰੇਸ਼ਟ ਮੰਨਣਾ, ਆਪਣੇ ਆਪ ਨੂੰ ਦੂਜਿਆਂ ਨਾਲੋਂ ਸਿਆਣਾ ਤੇ ਉਚਾ ਮੰਨਣਾ ਹਉਮੈਗ੍ਰਸਤ ਇਨਸਾਨ ਦੇ ਪ੍ਰਮੁੱਖ ਲਛਨ ਹਨ। ਇਸੇ ਹੀ ਮਾਨਸਿਕ ਬਿਰਤੀ ਅਧੀਨ ਪਰਵਾਰਾਂ, ਸਮਾਜਾਂ ਅਤੇ ਧਰਮਾਂ ਵਿਚ ਨਫਰਤ ਤੇ ਹਿੰਸਾ ਫੈਲਦੀ ਹੈ ਕਿ ਮੈਂ ਸ੍ਰੇਸ਼ਟ, ਮੇਰਾ ਧਰਮ ਉਚਾ, ਦੂਜਾ ਘਟੀਆ ਤੇ ਦੂਜੇ ਦਾ ਧਰਮ ਨੀਵਾਂ ਜਦ ਕਿ ਗੁਰੂ ਬਾਬੇ ਤਾਂ ਆਖਿਆ ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ ।।

ਸਿੱਖ ਬੜੇ ਵੱਡੇ ਭਾਗਾਂ ਵਾਲਾ ਹੈ ਕਿ ਸਤਿਗੁਰਾਂ ਨੇ ਆਪਣੀ ਇਲਾਹੀ ਬਾਣੀ ਵਿਚ ਇਸ ਨੂੰ ਹਉਮੈ ਤੋਂ ਸੁਚੇਤ ਰਹਿਣ ਵਾਸਤੇ ਬੜੀ ਜਗ੍ਹਾ ਜੋਰ ਦੇਕੇ ਸਮਝਾਇਆ ਤੇ ਇਸ ਨੂੰ ਕਾਬੂ ਵਿਚ ਰਖਣ ਦਾ ਵਸੀਲਾ ਵੀ ਦਸਿਆ ਪਰ ਇਸ ਪਖੋਂ ਸਿੱਖ ਦੁਰਭਾਗੀ ਬਣਿਆ ਕਿ ਉਸ ਨੇ ਗੁਰੂ ਬਾਬੇ ਦੀ ਬਾਣੀ ਆਪਣੇ ਹਿਰਦੇ ਵਿਚ ਨਾ ਵਸਾਈ, ਤੇ ਜਿਸ ਦੀਰਘ ਰੋਗ ਤੋਂ ਨਿਰਲੇਪ ਰਹਿਣ ਵਾਸਤੇ ਗੁਰੂ ਬਾਬੇ ਨੇ ਬੜੀ ਜਗ੍ਹਾ ਸਮਝਾਇਆ ਉਸੇ ਵਿਚ ਹੀ ਉਹ ਗ੍ਰਸਤ ਹੋ ਗਿਆ। ਅੱਜ ਸਿੱਖ ਦੇ ਨਿਘਾਰ ਦਾ ਸਭ ਤੋਂ ਵੱਡਾ ਕਾਰਨ ਇਸ ਦੀਰਘ ਰੋਗ ਤੋਂ ਪੀੜਤ ਹੋਣਾ ਹੈ। ਇਸੇ ਹੀ ਕਾਰਨ ਸਿੱਖਾਂ ਵਿਚ ਧੜੇਬੰਦੀਆਂ ਹਨ ਤੇ ਉਨ੍ਹਾ ਦੀ ਆਪਸ ਵਿਚ ਖਹਿਬਾਜ਼ੀ ਹੈ, ਨਹੀ ਤਾਂ ਕੋਈ ਕਾਰਨ ਨਹੀ ਬਣਦਾ ਕਿ ਇਕ ਹੀ ਜੋਤ, ਇਕ ਹੀ ਵਿਚਾਰਧਾਰਾ ਨੂੰ ਮਨਣ ਵਾਲੇ ਆਪਸ ਵਿਚ ਇਕ ਦੂਜੇ ਦੇ ਵੈਰੀ ਬਣਦੇ ਫਿਰਨ। ਕਿਸੇ ਗੈਰ ਸਿੱਖ ਦਾ ਹਉਮੈਗ੍ਰਸਤ ਹੋਣਾ ਸਮਝ ਵਿਚ ਆਉਂਦਾ ਹੈ ਪਰ ਸਿੱਖ, ਜਿਸ ਨੂੰ ਸਤਿਗੁਰਾਂ ਨੇ ਮੁਢਲੇ ਅਸੂਲਾਂ ਵਿਚ ਹਉਮੈ ਤੋਂ ਨਿਰਲੇਪ ਜੀਵਨ ਜਾਂਚ ਬਨਾਉਣ ਦੀ ਗਲ ਦ੍ਰਿੜਾਈ, ਦਾ ਹਉਮੈਗ੍ਰਸਤ ਹੋਣਾ ਅਚੰਭੇ ਵਾਲੀ ਹੀ ਗਲ ਹੈ। ਅਚੰਭਾ ਇਸ ਵਾਸਤੇ ਕਿ ਸਿੱਖ ਤਾਂ ਗੁਰਬਾਣੀ ਰੋਜ਼ ਪੜ੍ਹਦਾ ਹੈ ਤੇ ਕਥਾ ਕੀਰਤਨ ਵੀ ਬਹੁਤ ਕਰਦਾ/ਕਰਵਾਉਂਦਾ ਹੈ ਪਰ ਇਹ ਹਉਮੈ ਤੋਂ ਨਿਰਲੇਪ ਕਿਉਂ ਨਹੀ ਹੋ ਪਾਇਆ ? ਇਸ ਤੇ ਗੰਭੀਰ ਵਿਚਾਰ ਕਰਨੀ ਤਾਂ ਬਣਦੀ ਹੈ। ਗੁਰੂ ਅੱਗੇ ਪੂਰਨ ਸਮਰਪਨ ਤੇ ਅਥਾਹ ਪਿਆਰ ਤੋਂ ਬਿਨ੍ਹਾ ਪੜ੍ਹੀ/ਸੁਣੀ/ਗਾਵੀ ਬਾਣੀ ਦਾ ਬਹੁਤਾ ਲਾਭ ਸਿੱਖ ਨਹੀ ਲੈ ਸਕਦਾ ਭਾਵੇ ਸਾਰੀ ਉਮਰ ਹੀ ਕਿਉਂ ਨਾ ਪੜ੍ਹਦਾ ਰਵ੍ਹੇ। ਗੁਰੂ ਬਾਬੇ ਆਖਿਆ ਅਮ੍ਰਿਤੁ ਮੀਠਾ ਸਬਦੁ ਵੀਚਾਰਿ।। ਅਨਦਿਨੁ ਭੋਗੇ ਹਉਮੈ ਮਾਰਿ।। ਆਤਮਕ ਜੀਵਨ ਦੇਣ ਵਾਲਾ ਨਾਮ ਅਮ੍ਰਿਤ ਸਿੱਖ ਦੇ ਅੰਦਰ ਹੀ ਹੈ ਪਰ ਸਿੱਖ ਇਸ ਨੂੰ ਮਾਣ ਸਕਦਾ ਹੈ ਹਉਮੈ ਨੂੰ ਮਾਰ ਕੇ।

ਪਰਮਾਤਮਾ ਦੀ ਸਰਬਵਿਆਪਕਤਾ, ਤੇ ਸਾਰੀ ਲੁਕਾਈ ਵਿਚ ਉਸ ਦੀ ਹੋਂਦ ਦਾ ਅਹਿਸਾਸ, ਸਿੱਖ ਦੇ ਅਧਿਆਤਮ ਦਾ ਸਿਖਰ ਹੈ ਪਰ ਇਹ ਅਹਿਸਾਸ ਸਿਰਫ ਹਉਮੈ ਤੋਂ ਨਿਰਲੇਪ ਮਨੁੱਖ ਅੰਦਰ ਹੀ ਉਤਪਨ ਹੋ ਸਕਦਾ ਹੈ। ਸਿੱਖ ਦੇ ਜੀਵਨ ਦਾ ਅਸਲ ਮਨੋਰਥ ਹੈ ਪਰਮਾਤਮਾ ਨਾਲ ਉਸ ਦਾ ਮਿਲਾਪ, ਇਹ ਸੰਭਵ ਤਾ ਹੈ ਪਰ ਆਪਾ ਵਾਰ ਕੇ, ਜਿਸ ਤਰ੍ਹਾ ਕਬੀਰ ਜੀ ਨੇ ਆਪਾ ਵਾਰਿਆ ਤੇ ਅਵਸਥਾ ਬਣੀ ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨਾ ਹੂੰ ਵਾਲੀ। ਕੁੱਝ ਅਜਿਹਾ ਹੀ ਆਪਾ ਵਾਰਿਆ ਅਠ੍ਹਾਰਵੀਂ ਸਦੀ ਦੇ ਸ਼ਹੀਦ ਸਿੰਘਾ ਨੇ, ਗਦਰੀਂ ਬਾਬਿਆਂ ਨੇ ਤੇ 1978 ਤੋਂ ਬਾਅਦ ਤਕਰੀਬਨ ਡੇਢ ਦਹਾਕੇ ਤੱਕ ਚੱਲੀ ਲਹਿਰ ਵਿਚ ਰੱਬੀ ਰੂਹ ਵਿਚ ਰੰਗੇ ਤੇ ਸ਼ਹੀਦ ਹੋਏ ਕੌਮੀ ਪਰਵਾਨਿਆਂ ਨੇ। ਗੁਰਬਾਣੀ ਅਨੁਸਾਰ ਸਿੱਖ ਦਾ ਜੀਵਨ ਗੁਣਾ ਭਰਭੂਰ, ਮਾਇਆ, ਤ੍ਰਿਸ਼ਨਾ, ਵਿਕਾਰਾਂ, ਸੱਖ-ਦੁੱਖ ਤੋਂ ਨਿਰਲੇਪ, ਨਿਰਮਲ ਹਸਤੀ ਵਾਲਾ ਹੋਣਾ ਚਾਹੀਦਾ ਹੈ। ਅਜਿਹੇ ਜੀਵਨ ਵਾਲੇ ਸਿੱਖ, ਕੌਮ ਵਿਚ ਹਮੇਸ਼ਾ ਮੌਜੂਦ ਰਹੇ ਹਨ ਪਰ ਅਜੋਕੇ ਸਮੇਂ ਅਜਿਹੇ ਗੁਰਸਿੱਖਾਂ ਦੀ ਕੌਮ ਵਿਚ ਬਹੁਤ ਥੁੱੜ ਹੈ। ਆਪਣੇ ਸਤਿਗੁਰਾਂ ਪ੍ਰਤੀ ਅਥਾਹ ਸ਼ਰਧਾ ਰਖਣ ਵਾਲੇ ਗੁਰੂ ਦੇ ਪਿਆਰੇ ਸਿੱਖ ਨੇ ਆਪਣੇ ਸਤਿਗੁਰਾਂ ਨਾਲ ਅਥਾਹ ਪ੍ਰੇਮ ਵੀ ਬਣਾਉਣਾ ਹੈ ਤੇ ਆਪਣਾ ਆਪ ਗੁਰੂ ਅੱਗੇ ਸਮਰਪਨ ਵੀ ਕਰਨਾ ਹੈ ਤਾਂ ਹੀ ਤਾਂ ਗੁਰੂ ਸਹਾਈ ਹੋਵੇਗਾ ਤੇ ਸਿੱਖ ਦਾ ਜੀਵਨ ਹਉਮੈ ਤੋਂ ਨਿਰਲੇਪ, ਨਿਰਮਲ ਹਸਤੀ ਵਾਲਾ ਬਣੇਗਾ।

# ਕੈਨੇਡੀਅਨ ਸਿੱਖ ਲੀਡਰ ਜਗਮੀਤ ਸਿੰਘ ਬਨਾਮ ਭਾਰਤੀ ਸਿੱਖ ਸਿਆਸਤਦਾਨ

**ਸੰਪੂਰਨ ਸਿੰਘ***
(ਫੋਨ ਸੰਪਰਕ : 281-635-7466)

ਸਿੱਖ ਸਿਆਸਤ ਅੰਦਰ ਜਿਨ੍ਹਾਂ ਨਿਘਾਰ ਸੰਤਾਲੀ ਦੀ ਅਖੌਤੀ ਅਜ਼ਾਦੀ ਤੋਂ ਬਾਅਦ ਆਇਆ ਮਿਲਦਾ ਅਜਿਹਾ ਸ਼ਾਇਦ ਖਾਲਸਾ ਸਾਜਨਾ ਤੋਂ ਬਾਅਦ ਕਦੀ ਵੀ ਮਹਿਸੂਸ ਨਹੀਂ ਕੀਤਾ ਗਿਆ। ਸਿੱਖ ਕੌਮ ਦੀ ਸੋਚ ਸ਼ੈਲੀ ਅੰਦਰ ਇਕ ਅਜਿਹਾ ਪਾੜ ਨਜ਼ਰ ਆਉਂਦਾ ਹੈ ਜੋ ਹਰ ਰੋਜ ਹੀ ਵੱਧਦਾ ਜਾ ਰਿਹੈ ਹੈ। ਇਸ ਵੱਧਦੇ ਪਾੜੇ ਦੇ ਘਾਟਣ ਦੀ ਸੰਭਾਵਨਾਂ ਜੇ ਮੁੱਕੀ ਨਹੀਂ ਤਾਂ ਘੱਟੋ ਘੱਟ ਮੱਧਮ ਜ਼ਰੂਰ ਹੁੰਦੀ ਜਾਂ ਰਹੀ ਹੈ। ਸਿੱਖ ਕੌਮ ਦੀ ਸੋਚ ਅੰਦਰ ਇਸ ਵੱਧਦੇ ਵਖਰੇਵੇਂ ਵਿਚ ਥੋੜਾ ਘਟਾਅ ਸੰਨ 1980 ਤੋਂ ਸੰਨ 1990 ਦੇ ਦਹਾਕੇ ਵਿਚ ਕਿਤੇ ਕਿਤੇ ਨਜ਼ਰ ਆਉਂਦਾ ਹੈ। ਕਾਰਨ ਸੀ ਉਸ ਸਮੇਂ ਸਿੱਖ ਮਨਸਿਕਤਾ ਅੰਦਰ ਪੱਤਾ ਪੱਤਾ ਸਿੰਘਾਂ ਦਾ ਵੈਰੀਂ ਦਾ ਪੁਰਾਤਨ ਬੋਲਬਾਲਾ ਸੱਚ ਸਾਬਤ ਹੋ ਰਿਹਾ ਸੀ। ਇਸੇ ਦਾ ਹੀ ਨਤੀਜਾ ਸੀ ਕਿ ਇਕ ਸਾਂਝੀ ਸੋਚ ਦਾ ਉਦੈ ਸਿੱਖ ਨੌਜਵਾਨੀ ਅੰਦਰ ਹੋਇਆ ਤੇ ਬਾਗੀ ਸੁਰਾਂ ਪਰੱਥਲ ਹੋਈਆਂ।

ਜੇ ਆਪਾਂ ਇਮਾਨਦਾਰਾਨਾ ਸੰਜੀਦਗੀ ਨਾਲ ਵਿਚਾਰੀਏ ਤਾਂ ਅੱਜ ਦਾ ਸਿੱਖ ਗੁਰੂ ਦੀ ਵਿਚਾਰਧਾਰਾ ਦਾ ਸਿੱਖ ਘੱਟ ਤੇ ਅਕਾਲੀ ਕਾਂਗਰਸੀ ਤੇ ਆਪ ਦਾ ਸਿੱਖ ਜ਼ਿਆਦਾ ਹੈ। ਜਿਸ ਸਿੱਖ ਅੰਦਰ ਸਿੱਖੀ ਸੋਚ ਦੀ ਲੋਅ ਬਿਲਕੁੱਲ ਬੁੱਝ ਚੁੱਕੀ ਹੈ ਉਹ ਭਾਜਪਾਈ ਸਿੱਖ ਬਣ ਕੇ ਰਹਿ ਗਿਆ ਹੈ। ਅਜਿਹੀਆਂ ਰਾਜਸੀ ਪਾਰਟੀਆਂ ਦੀ ਸਿਆਸੀ ਮੱਕਾਰੀ ਸਦਕਾ ਬਹੁਤ ਸਾਰੀਆਂ ਵਿਅਕਤੀਗਤ ਸੰਸਥਾਵਾਂ ਹੋਂਦ ਵਿਚ ਆਈਆਂ। ਅਜਿਹੀਆਂ ਕੁਝ ਸੰਸਥਾਵਾਂ ਨੇ ਸਿੱਖੀ ਸਰੂਪਾਂ ਨੂੰ ਸੰਭਾਲਣ ਵਿਚ ਯੋਗਦਾਨ ਜ਼ਰੂਰ ਪਾਇਆ ਪਰ ਉਨ੍ਹਾਂ ਸਿੱਖੀ ਸਰੂਪਾਂ ਵਿਚੋਂ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਪਰਬਲ ਪੰਥਕ ਆਤਮਾ ਅਲੋਪ ਨਜ਼ਰ ਆਉਂਦੀ ਹੈ। ਇਨ੍ਹਾਂ ਧਾਰਮਿਕ ਸਿੱਖ ਸੰਸਥਾਵਾਂ ਨੂੰ ਗੁਰੂ ਨਾਨਕ ਸਾਹਿਬ ਦਾ ਸੰਦੇਸ਼ 'ਜੇ ਜੀਵੈ ਪੱਤ ਲੱਥੀ ਜਾਇ।। ਸਭ ਹਰਾਮ ਜੇਤਾ ਕਿਛ ਖਾਇ।। ਤੇ ਨਾਂ ਹੀ ਦਸਮ ਪਾਤਸ਼ਾਹ ਦੀ ਵੰਗਾਰ 'ਹਲਾਲ ਅਸਤੁ ਬੁਰਦਨ ਬਾ ਸ਼ਮਸ਼ੀਰ ਦਸਤ' ਆਦਿ ਕੁਝ ਵੀ ਚੇਤੇ ਨਹੀਂ ਰਿਹਾ।

ਪਿਛਲੇ ਕੁਝ ਸਮੇਂ ਤੋਂ ਸਿੱਖ ਕਿਸੇ ਨਾ ਕਿਸੇ ਤਰ੍ਹਾਂ ਭਾਰਤੀ ਗੁਲਾਮੀ ਦੀ ਧੁੰਦ ਵਿੱਚੋ ਨਿਕਲ ਕੇ ਵਿਦੇਸ਼ਾਂ ਵਿਚਲੇ ਆਜ਼ਾਦੀ ਦੇ ਸੂਰਜ ਦੀ ਰੌਸ਼ਨੀ ਤੇ ਉਸਦਾ ਨਿੱਘ ਮਾਨਣ ਦੇ ਸਮਰੱਥ ਹੋਇਆ ਹੈ। ਇਸ ਆਜ਼ਾਦੀ ਦੇ ਨਿੱਘ ਅੰਦਰ ਸਿੱਖਾਂ ਦੀ ਮਾਨਸਕਿਤਾ ਅੰਦਰ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਗੈਰਤ ਤੇ ਗੌਰਵ ਦੀ ਲੋਅ ਜੋ ਮੱਧਮ ਪੈ ਚੁੱਕੀ ਸੀ ਮੁੜ ਉਨ੍ਹਾਂ ਬੁੱਝ ਰਹੇ ਅੰਗਾਰਿਆਂ ਅੰਦਰ ਲਾਲੀ ਤੇ ਉਸਦਾ ਸੇਕ ਮਹਿਸੂਸ ਕੀਤਾ ਜਾ ਸਕਦਾ ਹੈ ਜੋ ਨਾ ਤਾਂ ਭਾਰਤੀ ਸਿਆਸਤਦਾਨਾਂ ਨੂੰ ਤੇ ਨਾ ਹੀ ਵਿਕਾਊ ਭਾਰਤੀ ਮੀਡੀਏ ਕੋਲੋਂ ਝੱਲਿਆ ਜਾ ਰਿਹਾ ਹੈ। ਸਿੱਖਾਂ ਦੀ ਸੋਚ ਅੰਦਰ ਇਸ ਆਏ ਨਿਖਾਰ ਨੂੰ ਭਾਰਤੀ ਸਿਆਸਤਦਾਨਾਂ ਇਥੋਂ ਤੱਕ ਕਿ ਸਿੱਖ ਸਿਆਸਤਦਾਨਾਂ ਵੱਲੋਂ ਵੀ ਉਸ ਨੂੰ ਬਗਵਾਤੀ ਰੰਗ ਦੇ ਕੇ ਗੈਸਿੱਖ ਅਤੇ ਖਾਸਕਰ ਹਿੰਦੂ ਵੋਟ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਸੀਂ ਬੜੇ ਗੌਰਵ ਨਾਲ ਗੁਰੂ ਸਾਹਿਬਾਨ ਦੇ ਇਤਿਹਾਸ ਦੀਆਂ ਗੱਲਾਂ ਕਰਦੇ ਹਾਂ ਕਿ ਕਿਵੇਂ ਉਨ੍ਹਾਂ ਨੇ ਖਾਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਵੇਲੇ ਦੀਆਂ ਹਕੂਮਤਾਂ ਨਾਲ ਸਿੱਧੇ ਟਕਰਾਅ ਦਾ ਰਾਹ ਅਪਣਾਇਆ। ਸੁੱਖਾ ਸਿੰਘ-ਮਹਿਤਾਬ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੱਢਿਆ। ਅਸੀਂ ਉਨ੍ਹਾਂ ਨੂੰ ਕੌਮ ਦੇ ਹੀਰੇ ਸਮਝ ਕੇ ਅਤੇ ਮੱਸੇ ਰੰਘੜ ਨੂੰ ਪਾਪੀ ਕਹਿ ਕੇ ਚੇਤੇ ਕਰਦੇ ਹਾਂ। ਕੀ ਕੌਮ ਦੇ ਹੁਕਮਰਾਨਾਂ ਨੇ ਸ. ਸਤਵੰਤ ਸਿੰਘ-ਬੇਅੰਤ ਸਿੰਘ-ਕਿਹਰ ਸਿੰਘ, ਸੁੱਖਾ-ਜਿੰਦਾ, ਭਾਈ ਦਿਲਾਵਰ ਸਿੰਘ ਆਦਿ ਨੂੰ ਸ਼ਹੀਦਾਂ ਦੀ ਥਾਂ 'ਤੇ ਕਾਤਲਾਂ ਵਾਂਗੂ ਹਿਾਰ ਨਹੀਂ ਕੀਤਾ ? ਸਿੱਖ ਕਿਸੇ ਬਿਗਾਨੇ ਨਾਲ ਹੁੰਦੀ ਬੇਇਨਸਾਫ਼ੀ ਦੇ ਖਿਲਾਫ਼ ਜੇ ਤਲਵਾਰ ਵੀ ਚੁੱਕੇ ਤਾਂ ਉਹ ਗੈਰ ਸਿੱਖਾਂ ਦੀ ਵੀ ਪਸੰਸਾ ਦਾਪਾਤਰ ਬਣਦਾ ਹੈ। ਪਰ ਜੇ ਸਿੱਖ ਆਪਣੇ ਲਈ ਜਾਂ ਕਿਸੇ ਦੂਜੇ ਸਿੱਖਾਂ ਜਾਂ ਸਿੱਖ ਕੌਮ ਨਾਲ ਹੋ ਰਹੀ ਜਾਂ ਹੋ ਚੁੱਕੀ ਬੇਇਨਸਾਫ਼ੀ ਦੀ ਗੱਲ ਕਰਦੇ ਤਾਂ ਉਹ ਬਾਗ਼ੀ, ਵੱਖਵਾਦੀ ਜਾਂ ਦੇਸ਼ ਧਰੋਹੀ। ਇਥੋਂ ਤੱਕ ਵੀ ਸੁਣਨਾ ਪੈਂਦਾ ਹੈ ਕਿ ਪਾਕਿਸਤਾਨ ਚਲੇ ਜਾਉ।

ਪਿਛਲੇ ਦਿਨੀਂ ਕੈਨੇਡੀਅਨ ਸਿੱਖ ਲੀਡਰ ਅਤੇ ਭਵਿੱਖ ਅੰਦਰ ਸਿੱਖ ਕੌਮ ਲਈ ਇਕ ਅਣ ਕਿਆਸਿਆ ਮਾਣ ਬਣਨ ਜਾ ਰਹੇ ਸ. ਜਗਮੀਤ ਸਿੰਘ ਨੇ ਸਰਸਰੀ ਲਹਿਜੇ ਵਿਚ ਇਹ ਗੱਲ ਕਹੀ ਕਿ ਜੇ ਕੋਈ ਕੌਮ ਆਪਣੀ ਸਿਆਸੀ ਕਿਸਮਤ ਦਾ ਫੈਸਲਾ ਸ਼ਾਂਤਮਈ ਤਰੀਕੇ ਨਾਲ ਕਰਨਾ ਚਾਹੁੰਦੀ ਹੈ ਤਾਂ ਵੁਸ ਨੂੰ ਇਹ ਹੱਕ ਹੋਣਾ ਚਾਹੀਦਾ ਹੈ। Live Liberty and Happiness. ਉਸ ਪਰਮਾਤਮਾ ਵਲੋਂ ਹਰ ਜੀਵ ਨੂੰ ਬਖ਼ਸ਼ੀਆਂ ਦਾਤਾਂ ਹਨ। ਜੇ ਕੋਈ ਵਿਅਕਤੀ ਸਮਾਜ ਜਾਂ ਕੌਮ ਇਨ੍ਹਾਂ ਰੱਬੀਦਾਤਾਂ ਨੂੰ ਮਾਨਣ ਦੀ ਕੋਸ਼ਿਸ਼ ਕਰਦੀਆਂ, ਉਹ ਕਿਸੇ ਦੂਸਰੇ ਦੇ ਇਨ੍ਹਾਂ ਬੁਨਿਆਦੀ ਹੱਕਾਂ ਵਿਚ ਰੁਕਾਵਟ ਨਹੀਂ ਬਣਦਾ ਤਾਂ ਅਸੰਵਿਧਾਨਕ ਨਹੀਂ। ਜੇ ਪੁੱਤਰ ਪਿਉ ਨਾਲੋਂ ਵੱਖ ਹੋਣਾ ਚਾਹੁੰਦਾ ਹੈ ਤਾਂ ਹੋ ਸਕਦਾ ਹੈ, ਭਰਾ ਨੂੰ ਭਰਾ ਨਾਲੋਂ ਵੱਖ ਹੋਣ ਦਾ ਹੱਕ ਹੈ, ਜੇ ਕੋਈ ਨੌਜਵਾਨ ਲੜਕੀ ਆਪਣੇ ਮਾਂ-ਬਾਪ, ਭੈਣਾਂ-ਭਰਾਵਾਂ ਤੇ ਰਿਸ਼ਤੇਦਾਰਾਂ ਦੀ ਮਰਜ਼ੀ ਦੇ ਉਲਟ ਕਿਸੇ ਹੋਰ ਵਿਅਕਤੀ ਨਾਲ ਜ਼ਿੰਦਗੀ ਜਿਉਣ ਦਾ ਫੈਸਲਾ ਕਰਦੀ ਹੈ ਤਾਂ ਕਾਨੂੰਨ ਇਜਾਜ਼ਤ ਵੀ ਦਿੰਦਾ ਹੈ ਤੇ ਉਸ ਦੀ ਹਿਫਾਜਤ ਵੀ ਕਰਦਾ ਹੈ, ਪਰ ਜੇ ਕੋਈ ਕੌਮ ਆਪਣਾ ਸਿਅਸੀ ਨਾਤਾ ਤੋੜ ਕੇ ਆਪਣੀ ਵੱਖਰੀ ਸਿਆਸੀ ਹੋਂਦ ਸਥਾਪਤ ਕਰਨਾ ਜਾਹੁੰਦੀ ਹੈ ਤਾਂ ਉਹ ਦੇਸ਼ ਧਰੋਹੀ। ਜੇ ਪਾਕਿਸਤਾਨ ਅੰਦਰ ਬਲੋਚ ਮੁਸਲਮਾਨ ਪਾਕਿਸਤਾਨ ਨਾਲੋਂ ਵੱਖ ਹੋ ਕੇ ਆਪਣੀ ਹਸਤੀ ਸਥਾਪਤ ਕਰਨੀ ਚਾਹੁੰਦੇ ਹਨ ਤਾਂ ਭਾਰਤੀ ਬਹੁ ਗਿਣਤੀ ਖੁਸ਼ੀ ਮਨਾਉਂਦੀ ਹੈ। ਪਰ ਜੇ ਕਸ਼ਮੀਰੀ ਮੁਸਲਮਾਨ ਆਪਣੀ ਤਕਦੀਰ ਖੁਦ ਲਿਖਣੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਫੌਜ ਦੀ ਦਹਿਸ਼ਤ ਵਿਚ ਰਹਿਣਾ ਪੈਂਦਾ ਹੈ। ਜੰਮੂ-ਕਸ਼ਮੀਰ ਦੇ ਛੋਟੇ ਜਿਹੇ ਸੂਬੇ ਜਿਸਦੀ ਅਬਾਦੀ ਭਾਰਤੀ ਰਾਜਧਾਨੀ ਦਿੱਲੀ ਨਾਲੋਂ ਤਕਰੀਬਨ ਅੱਧੀ ਹੈ ਉਸ ਵਿਚ ਪੰਜ ਲੱਖ ਦੀ ਫੌਜ ਤੇ ਇਕ ਲੱਖ ਤੋਂ ਵੱਧ ਨੀਮ ਫੌਜੀ ਦਸਤੇ ਹਨ। ਆਪਣੇ ਹੀ ਦੇਸ਼ ਅੰਦਰ ਆਪਣੇ ਹੀ ਲੋਕਾਂ ਦੀ ਆਵਾਜ਼ ਨੂੰ ਬੰਦ ਕਰਨ ਲਈ ਆਪਣੇ ਹੀ ਦੇਸ਼ ਦੀ ਫੌਜ ਹਿੰਦੂ ਕੂਟਨੀਤੀ ਤੇ ਕੁਸ਼ਲਨੀਤੀ ਦਾ ਸ਼ਿਕਾਰ ਹੋ ਕੇ ਵਰਤੀ ਜਾ ਰਹੀ ਹੈ।

ਇਸ ਸਵਾਲ ਦਾ ਜਵਾਬ ਲੱਭਣ ਲਈ ਸਾਡੇ ਵਿਚਾਰਵਾਨ ਹਮੇਸ਼ਾਂ ਦੁਬਿਧਾ ਵਿਚ ਰਹੇ ਹਨ ਕਿ ਭਾਰਤੀ ਸਿੱਖ ਸਿਆਸਤਦਾਨ, ਬੇਈਮਾਨ, ਮੌਕਾਪ੍ਰਸਤ, ਬੇਗ਼ੈਰਤ ਹੈ ਜਾਂ ਇਹ ਸਾਰਾ ਕੁਝ ਹੀ ਹੈ। ਭਾਰਤੀ ਸਿੱਖ ਸਿਆਸੀ ਲੋਕਾਂ ਅੰਦਰ ਇਨਾਂ ਤਿੰਨ ਉਪਰੋਕਤ ਔਗੁਣਾਂ ਦੀ ਮਾਂ ਵੋਟਾਂ ਦੀ ਰਾਜਨੀਤਿਕ ਖੇਡ ਹੈ, ਜਿਸ ਨੂੰ ਜਿੱਤਣ ਲਈ ਇਹ ਅੰਗਰੇਜ਼ੀ ਦੀ ਕਹਾਵਤ 'Everything is Fair in Love and War" ਵਾਂਗ ਇਹ ਕਿਸੇ ਵੀ ਹੱਦ ਤੱਕ ਗਿਰ ਸਕਦੇ ਹਨ ਅਤੇ ਕਿਸੇ ਵੀ ਕੁਰੀਤੀ ਦਾ ਸਹਾਰਾ ਲੈ ਸਕਦੇ ਹਨ। ਖਾਲਿਸਤਾਨ ਇਹ ਅਜਿਹਾ ਪੱਤਾ ਜਾਂ ਮੋਹਰਾ ਹੈ ਜਿਸ ਨੂੰ ਇਹ ਹਊਏ ਦੇ ਰੂਪ ਵਿਚ ਪੇਸ਼ ਕਰਕੇ ਅਤੇ ਆਪਣੀ ਪਾਰਟੀ ਨੂੰ ਉਸ ਦੇ ਵਿਰੋਧੀ ਦੱਸ ਕੇ ਗ਼ੈਰ ਸਿੱਖ ਲੋਕਾਂ ਅੰਦਰ ਪਾਏ ਗਏ ਇਸ ਡਰ ਨੂੰ ਵੋਟਾਂ ਦੇ ਰੂਪ ਵਿਚ ਕੈਸ਼ ਕਰਕੇ ਸੱਤਾ 'ਤੇ ਕਾਬਜ਼ ਹੋਣ ਦਾ ਹੀਲਾ ਹਰ ਪਾਰਟੀ ਕਰਦੀ ਹੈ। ਸਿੱਖ ਸਿਆਸਤਦਾਨ ਜੇ ਥੋੜੀ ਜਿਹੀ ਵੀ ਇਮਾਨਦਾਰੀ ਨਾਲ ਜਵਾਬ ਦੇ ਸਕਣ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ 1982 ਵਿਚ ਏਸ਼ਿਆਈ ਖੇਡਾਂ ਦੌਰਾਨਹਰਿਆਣੇ ਵਿਚਲੀ ਭਜਨ ਲਾਲ ਦੀ ਸਰਕਾਰ ਵਲੋਂ ਜਿਵੇਂ ਸਿੱਖਾਂ ਨੂੰ ਅਪਮਾਨਤ ਕੀਤਾ ਗਿਆ ਸੀ ਸ਼ਾਇਦ ਭੁਲਿਆ ਨਹੀਂ ਜਾਵੇਗਾ। 1984 ਵਿਚ ਦਰਬਾਰ ਸਾਹਿਬ ਅਤੇ 36 ਹੋਰ ਇਤਿਹਾਸਕ ਗੁਰਦੁਆਰਿਆਂ ਅੰਦਰ ਬੂਟਾ ਸਮੇਤ ਫੌਜੀ ਦਾਖਲਾ ਅਤੇ ਪੰਜਾਬ ਨੂੰ ਕਰਫਿਊ ਦੇ ਰੂਪ ਵਿਚ ਵੱਡਾ ਕੈਦਖਾਨਾ ਬਣਾਉਣਾ, ਦਿੱਲੀ ਅਤੇ ਭਾਰਤ ਦੇ ਸੌ ਤੋਂ ਵੱਧ ਸ਼ਹਿਰਾਂ ਅੰਦਰ ਤੀਹ ਹਜ਼ਾਰ ਨਿਰਦੋਸ਼ ਸਿੱਖਾਂ ਦਾ ਕਤਲ, ਸੰਭਵ ਹੈ ਇਹ ਸਾਰਾ ਕੁਝ ਅਤਿਅੰਤ ਦਰਦਨਾਕ ਬੀਤਿਆ ਕੱਲ੍ਹ ਜ਼ਰੂਰ ਕਿਤੇ ਨਾ ਕਿਤੇ ਕਦੀ ਨਾ ਕਦੀ ਉਨ੍ਹਾਂ ਦੀ ਆਤਮਾ ਦੇ ਅੰਦਰ ਕੰਬਾਹਟ ਜ਼ਰੂਰ ਛੇੜਦਾ ਹੋਵੇਗਾ। ਇਹੀ ਕਾਰਨ ਹੈ ਕਿ ਕਈ ਵਾਰੀ ਕੁਝ ਲੋਕਾਂ ਅੰਦਰ ਗ਼ੈਰਤ ਅੰਗੜਾਈਲੈਂਦੀ ਹੈ ਅਤੇ ਉਹਆਪਣੀ ਰੂਹ ਦਾ ਰਿਲਾਪ ਕਰਦੇ ਦਿਸਦੇ ਹਨ। ਰਾਜਸਭਾ ਮੈਂਬਰ ਤਰਲੋਚਨ ਸਿੰਘ ਵਲੋਂ ਪਾਰਲੀਮੈਂਟ ਅੰਦਰ ਦਿੱਤਾ ਭਾਸ਼ਣ ਸ਼ਾਇਦ ਸਾਰੇ ਪਾਠਕਾਂ ਨੇ ਸੁਣਿਆ ਹੋਵੇਗਾ, ਕਿਵੇਂ ਉਸ ਨੇ ਕੀਰਨੇ ਪਾਏ ਅਤੇ ਕਿੰਨੀ ਵਾਰੀ ਆਪਣੀ ਲਾਚਾਰੀ ਦਾ ਅਹਿਸਾਸ ਕਰਵਾਇਆ ਅਤੇ ਫਿਰ ਇਕ ਬੇਗ਼ੈਰਤ ਵਿਅਕਤੀ ਵਾਂਗ ਆਪਣੀ ਦੇਸ਼ ਭਗਤੀ ਦਾ ਵੀ ਵਾਸਤਾ ਪਾਇਆ ਅਤੇ ਆਜ਼ਾਦੀ ਪ੍ਰਾਪਤੀ ਲਈ ਦਿੱਤੀਆਂ ਆਪਣੀਆਂ ਕੁਰਬਾਨੀਆਂ ਦੀ ਲਿਸਟ ਦਾ ਵੀ ਵਿਸਥਾਰ ਵੀ ਦਿੱਤਾ। ਇਤਿਹਾਸ ਗਵਾਹ ਹੈ ਕਿ ਕਦੇ ਵੀ ਕਿਸੇ ਹੁਕਮਰਾਨ ਕਿਸੇ ਦੂਸਰੇ ਵਿਅਕਤੀ ਜਾਂ ਕੌਮ ਦੀਆਂ ਲੇਲੜੀਆਂ ਸੁਣ ਕੇ ਆਪਣੇ ਫੈਸਲੇ ਨਹੀਂ ਬਦਲੇ। ਸਾਡਾ ਇਤਿਹਾਸ ਗਵਾਹੀ ਭਰਦਾ ਹੈ ਕਿ ਅਸੀਂ ਆਪਣੀ ਕੌਮੀ ਤਕਦੀਰ ਦੇ ਫੈਸਲੇ ਮੰਗੇ ਨਹੀਂ ਮੰਨਵਾਏ ਸੀ। ਅਜਿਹੇ ਸਿਆਸੀ ਲੋਕਾਂ ਨੇ ਆਪਣੀਆਂ ਲੇਰਾਂ ਨਾਲ ਹਾਸਤ ਤਾਂ ਕੋਝ ਕਰ ਨਹੀਂ ਸਕਣਾ ਪਰ ਕੌਮ ਦੀ ਗ਼ੈਰਤ ਤੇ ਗੌਰਵ ਨੂੰ ਦਾਗ਼ੀ ਜ਼ਰੂਰ ਕਰ ਦੇਣਾ ਹੈ। ਕਿਹਾ ਜਾਂਦਾ ਹੈ ਕਿ ਸਿੱਖ ਰਿਹਨੁਮਾਵਾਂ ਨੇ ਆਜ਼ਾਦੀ ਤੋਂਬਾਅਦ ਲਿਖੇ ਗਏ ਭਾਰਤੀ ਸੰਵਿਧਾਨ ਉਪਰ ਰੋਸ ਵਜੋਂ ਆਪਣੇ ਹਸਤਾਖ਼ਸਰ ਨਹੀਂ ਸੀ ਕੀਤੇ। ਮੈਂ ਇਹ ਗੱਲ ਕੌਮ ਨੂੰ ਅਤੇ ਖਾਸ ਕਰਕੇ ਅਖੌਤੀ ਕੌਮੀ ਨੇਤਾਵਾਂ ਨੂੰ ਪੁੱਛਣੀ ਚਾਹੁੰਦਾ ਹਾਂ ਕਿ ਕੀ ਕਦੀ ਭਾਰਤੀ ਹੁਕਮਰਾਨਾਂਨੇ ਇਸ ਗੱਲ ਦੀ ਪਰਵਾਹ ਕੀਤੀ ਕਿ ਤੁਹਾਡੇ ਦਸਤਖ਼ਤ ਨਹੀਂ ਹਨ ਭਾਰਤੀ ਸੰਵਿਧਾਨ ਉਪਰ। ਕੀ ਸੰਵਿਧਾਨ ਤੁਹਾਡੇ ਦਸਖਤਾਂ ਬਿਨਾ ਅਧੂਰਾ ਹੈ ? ਕੁਟਲ ਭਾਰਤੀ ਨੇਤਾਵਾਂ ਨੇ ਸ਼ੁਰੂ ਵਿਚ ਹੀ ਇਸ ਵੱਡੇ ਝਟਕੇ ਨਾਲ ਸਿੱਖ ਨੇਤਾਵਾਂ ਨੂੰ ਉਨ੍ਹਾਂ ਦੀ ਔਕਾਤ ਚੇਤੇ ਕਰਵਾ ਦਿੱਤੀ ਸੀ ਕਿ ਭਾਰਤੀ ਭਵਿੱਖ ਹੁਣ ਉਨ੍ਹਾਂ ਦੇ ਹੱਥਾਂ ਵਿਚ ਹੈ ਤੁਹਾਡੇ ਨਹੀਂ।



ਸਾਡੇ ਨਾਲ ਹੋਈਆਂ ਬੇਇਆਈਆਂ ਦੀ ਦਾਸਤਾਨ ਏਨੀ ਲੰਬੀ ਹੋਈ ਜਾ ਰਹੀ ਹੈ ਤੇ ਇੰਝ ਲਗਦਾ ਹੈ ਜਿਵੇਂ ਇਹਨਾਂ ਵਧੀਕੀਆਂ ਨੂੰ ਬਰਦਾਸ਼ਤ ਕਰਨਾ ਸਾਡੀ ਮਜ਼ਬੂਰੀ ਨਹੀਂ ਸਾਡੀ ਆਦਤ ਬਣ ਚੁੱਕੀ ਹੈ। ਪਿਛਲੇ ਦਿਨੀਂ ਦਿੱਲੀ ਅੰਦਰ 'ਦਿਆਲ ਸਿੰਘ ਕਾਲਜ' ਦਾ ਨਾਮ ਬਦਲ ਕੇ 'ਵੰਦੇ ਮਾਤਰਮ' ਰੱਖਣ ਦੇ ਮਾਮਲੇ ਉਪਰ ਸਿੱਖ ਹਲਕਿਆਂ ਵਿਚ ਖਾਸ ਕਰਕੇ ਦਿੱਲੀ ਦੇ ਸਿੱਖਾਂ ਅੰਦਰ ਬੇਚੈਨੀ ਭਰਿਆ ਰੋਸ ਸੀ। ਇਕ ਦਿਨ ਇਸੇ ਮਾਮਲੇ ਨਾਲ ਸਬੰਧਤ ਟੀਵੀ ਚੈਨਲ ਰਾਹੀਂ ਕਰਵਾਈ ਚਰਚਾ ਵਿਚ ਸ਼ਾਮਲ ਚੰਡੀਗੜ੍ਹ ਤੋਂ ਸਿੱਖ ਵਿਚਾਰਵਾਨ ਪ੍ਰੋ. ਮਨਜੀਤ ਸਿੰਘ ਨੇ ਜ਼ਿਕਰ ਕੀਤਾ ਕਿ ਰਾਜ ਭਾਗ ਦੇ ਮਾਲਕ ਬਹੁ ਗਿਣਤੀ ਵਾਲੇ ਅਕਸਰ ਹੀ ਕਿਸੇ ਨਾ ਕਿਸੇ ਮੁੱਦੇ 'ਤੇ ਸਾਨੂੰ ਚੂੰਢੀਆਂ ਵੱਢਕੇ ਸਾਡਾ ਸਬਰ ਪਰਖਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਹਕੀਕਤ ਹੈ ਕਿ ਉਹ ਸਬਰ ਪਰਖ ਨਹੀਂ ਰਹੇ, ਉਨ੍ਹਾਂ ਨੇ ਸਾਡਾ ਸਬਰ ਪਰਖ ਲਿਆ ਹੈ, ਹੁਣ ਤਾਂ ਉਹ ਸਿੱਖ ਕੌਮ ਅੰਦਰ ਜੋ ਬਚੀ-ਖੁਚੀ ਗ਼ੈਰਤ ਦੀ ਫੂਕ ਹੈ ਤਾਂ ਉਸ ਨੂੰ ਵੀ ਕੱਢਣਾ ਚਾਹੁੰਦੇ ਹਨ। ਸਿੱਖਾਂ ਦੀ ਸੋਚ ਅੰਦਰਲਾ ਜਥੇਬੰਦਕ ਤੱਤ ਤਕਰੀਬਨ ਤਕਰੀਬਨ ਖ਼ਤਮ ਹੋ ਚੁੱਕਾ ਹੈ। ਜਿਵੇਂ ਲਾਲਾ ਦੌਲਤ ਰਾਇ ਨੇ ਕਿਤਾਬ "ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਅੰਦਰ ਬਾਬਰ ਦੇ ਹਮਲੇ ਤੋਂ 350 ਸਾਲ ਪਹਿਲਾਂ ਦੀ ਗੱਲ ਕਰਦਿਆਂ ਹਿੰਦੂਆਂ ਤੇ ਖਾਸ ਕਰਕੇ ਅਣਖ ਆਬਰੂ ਦੇ ਪ੍ਰਤੀਕ ਰਾਜਪੂਤਾਂ ਦੀ ਆਪਸੀ ਵੰਡੀਆਂ ਕਾਰਨ ਛੀਣ ਹੋਈ ਸ਼ਕਤੀ ਦੀ ਗੱਲ ਕਰਦਾ ਹੈ। ਬਿਲਕੁਲ ਉਹੀ ਹਾਲਾਤ ਅੱਜ ਦੇ ਸਿੱਖ ਬਹੂਮਤ ਦੀ ਹੈ। ਕਨੇਡੀਅਨ ਸਿੱਖ ਲੀਡਰ ਜਗਮੀਤ ਸਿੰਘ ਵੱਲੋਂ ਸਿੱਖਾਂ ਦੀ ਪੰਜਾਬ ਅੰਦਰ ਸਵੈ ਨਿਰਨੇ ਦੀ ਗੱਲ ਦੇ ਪ੍ਰਤੀਕਰਮ ਵਜੋਂ ਮੁਕੰਮਲ ਭਾਰਤੀ ਸਿੱਖ ਲੀਡਰਸ਼ਿਪ ਨੇ ਜਿਵੇਂ ਬੁਖਲਾਹਟ ਦਾ ਪ੍ਰਗਟਾਵਾ ਕੀਤਾ ਉਸ ਤੋਂ ਸਿੱਖ ਕੌਮ ਦੀ ਖੰਡਿਤ ਰਾਜਸੀ ਸੋਚ ਤੇ ਸ਼ਕਤੀ ਦੇ ਦਿਵਾਲੀਆਪਨ ਦੀ ਤਸਵੀਰ ਪ੍ਰਤੱਖ ਨਜ਼ਰ ਆਉਂਦੀ ਹੈ। ਬਾਹਰਲੇ ਸਿੱਖਾਂ ਦੀ ਅਜ਼ਾਦਣ ਪੰਥਕ ਸੋਚ ਦਾ ਵਿਰੋਧ ਜਿਵੇਂ ਭਾਰਤੀ ਸਿੱਖ ਸਿਆਸਤਦਾਨਾਂ ਦੀ ਮਜ਼ਬੂਰੀ ਬਣ ਗਈ ਹੈ। ਅਕਾਲੀ ਦਲ ਪੰਥ ਦੀ ਨੁਮਾਇਦਾ ਜਮਾਤ ਸੀ ਪੰਥਕ ਹਿੱਤ ਹਮੇਸ਼ਾਂ ਹੀ ਅਕਾਲੀ ਦਲ ਦੀ ਰਹੇ ਹਨ। ਬਾਹਰਲੇ ਸਿੱਖ ਬਿਨ੍ਹਾਂ ਕਿਸੇ ਰਾਜਸੀ ਜਾਂ ਆਰਥਿਕ ਲੋਭ ਦੇ ਪੰਜਾਬ ਦੇ ਪੰਥ ਦਾ ਦਰਦ ਰੱਖਦੇ ਹਨ ਬਾਹਰਲੇ ਸਿੱਖ ਅੰਦਰਲੀ ਇਸ ਪੰਥਕ ਪੀੜ ਦਾ ਅਹਿਸਾਸ ਜ਼ਿਆਦਾਤਰ ਅਕਾਲੀ ਲੀਡਰ ਨੂੰ ਹੋਣ ਦੇ ਬਾਵਜੂਦ ਵੀ ਵਿਰੋਧੀ ਸੁਰ ਨੂੰ ਅਪਨਾਉਣਾ ਉਨ੍ਹਾਂ ਦੀ ਜਿਵੇਂ ਸਿਆਸੀ ਮਜ਼ਬੂਰੀ ਬਣ ਗਈ ਹੈ। ਅੱਜ ਹੀ ਮੈਂ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਮੀਡੀਆ ਨਾਲ ਗੱਲ ਕਰਦਿਆਂ ਸੁਣਿਆ ਤਾਂ ਮੈਂ ਖ਼ੁਦ ਸ਼ਰਮ ਮਹਿਸੂਸ ਕਰ ਰਿਹਾ ਸਾਂ। ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ 186 ਕੇਸਾਂ ਨੂੰ ਦੁਬਾਰਾ ਖੋਲਣ ਦੀ ਗੱਲ ਕਰਦਿਆਂ ਅਦਾਲਤ ਵੱਲੋਂ ਨਿਆਂ ਦੀ ਉਮੀਦ ਰੱਖਦਿਆਂ ਜਥੇਦਾਰ ਸਾਹਿਬ ਅਜ਼ਾਦੀ ਹਾਸਲ ਕਰਨ ਲਈ ਸਿੱਖਾਂ ਵੱਲੋਂ 89× ਕੁਰਬਾਨੀਆਂ ਦੇ ਹਵਾਲੇ ਦੁਆਰਾਂ ਜਿਵੇਂ ਵਾਸਤਾ ਪਾ ਰਹੇ ਸੀ। ਸਿੱਖ ਸਾਹਿਬ ਜੀਓ ਆਪਾ ਇਨਸਾਫ ਚਾਹੁੰਦੇ ਹਾਂ ਭੀਖ ਨਹੀਂ ਮੰਗ ਰਹੇ। ਉਂਜ ਭੀਖ ਮੰਗ ਕੇ ਦਿਲ ਦਾ ਭਾਰ ਉਤਾਰ ਲਉ ਇਨਸਾਫ਼ ਫਿਰ ਵੀ ਨਹੀਂ ਮਿਲਣਾ। ਕਾਂਗਰਸ ਪਾਰਟੀ ਨੂੰ ਜਿਆਦਾਤਰ ਸਿੱਖਾਂ ਨੇ ਆਪਣਾ ਦੁਸ਼ਮਣ ਹੀ ਦੇਖਿਆ ਹੈ ਤੇ ਸਮਝਿਆ ਹੈ। ਕੈਪਟਨ ਅਮਰਿੰਦਰ ਸਿੰਘ ਬੇਸ਼ੱਕ ਪੰਜਾਬ ਇਕਾਈ ਦਾ ਪ੍ਰਧਾਨ ਵੀ ਰਿਹਾ ਹੈ ਤੇ ਹੁਣ ਮੁੱਖ ਮੰਤਰੀ ਬਣਿਆ ਉਸ ਨੂੰ ਸਿੱਖ ਹਿਤੈਸ਼ੀ ਦੇ ਰੂਪ ਵਿਚ ਮਾਨਤਾ ਮਿਲੀ। ਕਾਰਨ ਸੀ ਕੌਮ ਦੀ ਦੁਖ ਦੀ ਘੜੀ ਵਿਚ ਉਸ ਨੇ ਪਾਰਲੀਮੈਂਟ ਤੋਂ ਅਸਤੀਫਾ ਦਿੱਤਾ ਤੇ ਕਾਂਗਰਸ ਪਾਰਟੀ ਵੀ ਤਿਆਗੀ। ਜਿਵੇਂ ਨਵਾਬ ਮਲੇਰਕੋਟਲੇ ਵੱਲੋਂ ਛੋਟੇ ਸਾਹਿਬਜ਼ਾਇਆਂ ਦੇ ਹੱਕ ਵਿਚ ਮਾਰੇ ਹਾਅ ਦੇ ਨਾਅਰੇ ਕਾਰਨ ਅੱਜ ਤੱਕ ਸਿੱਖ ਕੌਮ ਉਸ ਦੀ ਅਹਿਸਾਨਮੰਦ ਹੈ ਉਸੇ ਤਰ੍ਹਾਂ ਕੈਪਟਨ ਦੀ ਉਸ ਸਿੱਖੀ ਪੀੜ ਦੇ ਪ੍ਰਗਟਾਵੇ ਦਾ ਮੁੱਲ ਪੰਜਾਬ ਦੀ ਸਿੱਖ ਕੌਮ ਤਾਰ ਰਹੀ ਹੈ। ਪਰ ਕੈਪਟਨ ਵੱਲੋਂ ਵਿਦੇਸ਼ੀ ਸਿੱਖਾਂ ਦੀ ਪੰਥਕ ਤੇ ਆਜ਼ਾਦ ਸੋਚ ਦਾ ਵਿਰੋਧ ਉਸਦੇ ਅਸਲੀ ਚਿਹਰੇ ਨੂੰ ਨੰਗਾ ਕਰਦੀ ਹੈ, ਅੰਗਰੇਜ਼ ਸਰਕਾਰ ਪ੍ਰਤੀ ਜੋ ਪਟਿਆਲਾ ਖਾਨਦਾਨ ਦੀ ਵਫਾਦਾਰੀ ਰਹੀ ਹੈ ਉਹ ਖ਼ੂਨ ਕੈਪਟਨ ਦੀਆਂ ਰਗਾਂ ਵਿੱਚ ਵੀ ਹੈ। ਉਸ ਦੀ ਗਾਂਧੀ ਖਾਨਦਾਨ ਪ੍ਰਤੀ ਵਫਾਦਾਰੀ ਜੋ ਉਸ ਨੂੰ ਕਈ ਵਾਰੀ ਰਾਜ ਭਾਗ ਦਾ ਆਨੰਦ ਵੀ ਦੇ ਚੁੱਕੀ ਹੈ। ਇਕ ਵੱਡਾ ਕਾਰਨ ਹੈ ਕਿ ਆਪਣੀ ਕੁਰਸੀ ਦੀ ਸਲਾਮਤੀ ਲਈ ਉਹ ਹਰ ਸੰਭਵ ਤਰੀਕਾ ਵਰਤਣ ਤੋਂ ਗੁਰੇਜ਼ ਨਹੀਂ ਕਰੇਗਾ ਭਾਵੇਂ ਉਹ ਤਰੀਕਾ ਉਸ ਦੀ ਆਪਣੀ ਕੌਮ ਲਈ ਵੀ ਘਾਤਕ ਕਿਉਂ ਨਾ ਹੋਵੇ। ਜਗਮੀਤ ਸਿੰਘ ਦੇ ਬਿਆਨ ਦਾ ਵਿਰੋਧ ਵੀ ਉਸਦੀ ਕੁਰਸੀ ਪ੍ਰਤੀ ਵਫਾਦਾਰੀ ਪ੍ਰਮਾਣ ਹੈ। ਪੰਜਾਬ ਅੰਦਰ ਉਭਰ ਕੇ ਆਈ ਆਮ ਆਦਮੀ ਪਾਰਟੀ ਵੀ ਸਵੈ ਨਿਰਨੇ ਦੀ ਵਿਰੋਧਤਾ ਤੋਂ ਪਿੱਛੇ ਨਹੀਂ ਰਹੀ। ਅਸਲ ਵਿਚ ਇਹ ਪਾਰਟੀ ਨੇਤਾ ਹੀਣ ਤਾਂ ਹੀ ਦਿਸ਼ਾ ਹੀਣ ਵੀ ਹੈ ਤੇ ਅਧਾਰ ਹੀਣ ਵੀ ਹੈ। ਪੰਜਾਬ ਦੀ ਮਿੱਟੀ ਵਿਚ ਇਸ ਦੇ ਪੈਰ ਅਜੇ ਮਿਟ ਜਾਣ ਵਾਲੀਆਂ ਪੈੜ੍ਹਾਂ ਤੱਕ ਹੀ ਸੀਮਤ ਹਨ ਜੜ੍ਹਾਂ ਨਹੀਂ ਬਣ ਸਕੀਆਂ। ਇਸ ਪਾਰਟੀ ਦੀ ਹੋਂਦ ਤੇ ਵਕਤੀ ਸਥਾਪਤੀ ਮੌਜੂਦਾ ਸਰਕਾਰਾਂ ਦੇ ਵਿਦਰੋਹ ਵਜੋਂ ਆਜੇ ਉਬਾਲ ਦਾ ਨਤੀਜਾ ਹੈ। ਬਹੁਤ ਸੱਚੇ ਲੋਕ ਵੀ ਇਸ ਪਾਰਟੀ ਵਿਚ ਹਨ ਜਿਨ੍ਹਾਂ ਦੀ ਹੋਂਦ ਦੀ ਸਥਾਪਤੀ ਪਾਰਟੀ ਦੇ ਨਾਮ ਦੇ ਨਾਲ ਨਾਲ ਉਨ੍ਹਾਂ ਦੇ ਨਿੱਜੀ ਕਿਰਦਾਰ ਦਾ ਵੀ ਨਤੀਜਾ ਹੈ ਪਰ ਅਜਿਹੇ ਲੋਕ ਆਪਣੀ ਸਥਾਪਤੀ ਨੂੰ ਜੜ੍ਹਾਂ ਦੇ ਸਕਣ ਬਹੁਤਾ ਸੰਭਾਵ ਨਹੀਂ। ਪਾਰਟੀ ਦੀ ਬੁਨਿਆਦ ਮੈਨੂੰ ਚੰਡੀਗੜ੍ਹ ਵਾਲੇ ਨੇਕ ਚੰਦ ਦੇ ਰੋਕ ਗਾਰਡਨ ਦਾ ਚੇਤਾ ਕਰਾਉਂਦੀ ਹੈ। ਜਿਵੇਂ ਉਸਨੇ ਬਹੁਤ ਸਾਰੀਆਂ ਥਾਂਵਾਂ ਤੇ ਬਹੁਤ ਸਾਰੀਆਂ ਨਾ ਵਰਤਣਯੋਗ ਚੀਜ਼ਾਂ ਇਕੱਠੀਆਂ ਕਰਕੇ ਇਕ ਇਤਿਹਾਸਕ ਕਲਾ ਕਿਰਤ ਨੂੰ ਜਨਮ ਦਿੱਤਾ। ਇਸ ਤਰ੍ਹਾਂ ਪੰਜਾਬ ਅੰਦਰ ਬਹੁਤ ਸਾਰੇ ਉਹ ਲੋਕ ਜਿਨ੍ਹਾਂ ਨੂੰ ਕਦੀ ਵੀ ਕਿਦੇ ਪ੍ਰਮਾਨਤ ਸਿਆਸੀ ਧਿਰ ਨੇ ਯੋਗ ਪਹਿਚਾਣ ਨਹੀਂ ਸੀ ਦਿੱਤੀ ਉਨ੍ਹਾਂ ਲੋਕਾਂ ਨੂੰ ਉਹ ਭੌਂਇ ਨਜ਼ਰ ਆਈ ਜਿਥੇ ਉਨ੍ਹਾਂ ਨੂੰ ਆਪਣਾ ਵਿਕਾਸ ਸੰਭਵ ਨਜ਼ਰ ਆਇਆ। ਧਰਤੀ ਵੀ ਮਿਲ ਗਈ ਪਾਰਟੀ ਦੇ ਨਿਰਮਾਣ ਲਈ ਯੋਗ ਕਾਮੇ ਵੀ ਕੁਝ ਹੱਦ ਤੱਕ ਮਿਲ ਗਏ ਪਰ ਕੋਈ (ਨੇਕ ਚੰਦ) ਮਿਲ ਸਕੇ ਦੀ ਉਮੀਦ ਬਹੁਤ ਘੱਟ ਹੈ। ਇਹ ਕਾਰਨ ਹੈ ਕਿ ਇਹ ਪਾਰਟੀ ਵੀ ਪੰਜਾਬ ਦੀ ਦੁਖਦੀ ਨਬਜ਼ ਦੀ ਪਹਿਚਾਣ ਤੋਂ ਅਣਜਾਣ ਤੇ ਦੂਜੀਆਂ ਸਿਆਸੀ ਪਾਰਟੀ ਦੀ ਦੇਖਾ ਦੇਖੀ ਸੰਜੀਦਾ ਮਸਲਿਆਂ ਉਪਰ ਵੀ ਗੈਰ ਸੰਜੀਦਾ ਬਿਆਨਾਂ ਤੋਂ ਗੁਰੇਜ਼ ਨਹੀਂ ਕਰਦੇ। ਜਿਨ੍ਹੀ ਦੇਰ ਇਹ ਸਿਆਸੀ ਪਾਰਟੀ ਪੰਜਾਬ ਦੀ ਪੀੜ੍ਹ ਨੂੰ ਪੰਜਾਬ ਤੱਕ ਹੀ ਸੀਮਤ ਰੱਖ ਕੇ ਨਹੀਂ ਮਹਿਸੂਸ ਕਰਦੀਆਂ ਉਨ੍ਹਾਂ ਦੇਰ ਤੱਕ ਪੰਜਾਬ ਦੀ ਮਿੱਟੀ ਨਾਲ ਇਨਸਾਫ ਸੰਭਵ ਨਹੀਂ, ਕਿਉਂਕਿ ਅੱਜ ਤੱਕ ਦੇਸ਼ ਦੀ ਹਰ ਕੌਮੀ ਪਾਰਟੀ ਨੇ ਪੰਜਾਬ ਬਲਸ਼ਾਲੀ ਬਣਾਉਣ ਦੀ ਥਾਂ ਇਕ ਕੂਟਨੀਤੀ ਦੁਆਰਾ ਕਮਜ਼ੋਰ ਰੱਖਣ ਦੀ ਹੀ ਚਾਲ ਚੱਲੀ। ਆਮ ਆਦਮੀ ਪਾਰਟੀ ਜਿਸਦਾ ਸੋਮਾਂ ਦਿੱਲੀ ਹੈ ਵੱਲੋਂ ਪੰਜਾਬ ਦੀ ਅਸਲ ਮਰਜ਼ ਨੂੰ ਸਮਝਣਾ ਔਖਾ ਹੀ ਨਹੀਂ ਅਸੰਭਵ ਹੈ। ਸ

ਪਿਛਲੇ ਦਿਨੀਂ ਕੈਨੇਡਾ ਤੋਂ ਉਠੀ ਭਾਰਤੀ ਸਰਕਾਰੀ ਮਿਸ਼ਨਰੀ ਉਪਰ ਗੁਰੂ ਘਰਾਂ ਵਿਚ ਪਾਬੰਦੀ ਦੀ ਲਹਿਰ ਜਿਸਦੇ ਘੇਰੇ ਅੰਦਰ ਭਾਰਤ ਤੋਂ ਬਾਹਰ ਸਾਰੇ ਹੀ ਵਿਦੇਸ਼ੀ ਗੁਰੂ ਘਰ ਆਉਂਦੇ ਹਨ ਇਕ ਅਜਿਹੀ ਅੱਗ ਹੈ ਜਿਹੜੀ ਬਾਹਰਲੇ ਸਿੱਖਾਂ ਉਪਰ ਵਕਤਨ ਬੇਵਕਤਨ ਪਾਏ ਮਾਨਸਿਕ ਦਬਾਉ ਵਿਚੋਂ ਨਿਕਲੀ ਹੈ ਤੇ ਜਿਸਦੇ ਭਾਂਬੜ ਬਣਨ ਦੀ ਸੰਭਾਵਨਾਂ ਬਹੁਤ ਸੰਭਵ ਹੈ। ਯੂਨਾਨੀ ਵਿਚਾਰਕ ਸਕਰਾਤ ਅਨੁਸਾਰ ਕੌਮਾਂ ਨਾਲ ਹੁੰਦੀ ਲਗਾਤਾਰ ਬੇਇਨਸਾਫ਼ੀ ਹੀ ਬਗਾਵਤਾਂ ਦੀ ਜਨਮ ਦਾਤੀ ਬਣਦੀ ਹੈ। ਪਤਾ ਨਹੀਂ ਭਾਰਤ ਦੇ ਤੇ ਖਾਸ ਕਰਕੇ ਪੰਜਾਬ ਦੀ ਸਿੱਖ ਲੀਡਰਸ਼ਿਪ ਦੀ ਖੋਪੜੀ ਅੰਦਰ ਇਹ ਗੱਲ ਕਿਉਂ ਨਹੀਂ ਬੈਠਦੀ ਕਿ ਉਹ ਦੇਸ਼ ਤੁਹਾਡਾ ਕਿਵੇਂ ਹੋ ਸਕਦਾ ਹੈ ਜਿਸ ਦੇਸ਼ ਅੰਦਰ ਵੱਡੀ ਸਾਜਸ਼ੀ ਕਤਲੇਗਾਰਤ ਦਾ ਇਨਸਾਫ਼ 33 ਸਾਲਾਂ ਅੰਦਰ ਵੀ ਨਹੀਂ ਹੋ ਸਕਿਆ। ਇਨ੍ਹਾਂ ਸਾਲਾਂ ਅੰਦਰ 9 ਪ੍ਰਧਾਨ ਮੰਤਰੀ ਆਏ ਕਟੱੜ ਹਿੰਦੂ ਸੋਚ ਵਾਲੇ ਵੀ ਸਿੱਖ ਵੀ ਤੇ ਨਰਮ ਸੋਚ ਤੇ ਨਿਰਪੱਖ ਛਵੀ ਵਾਲੇ ਲੋਕ ਵੀ। ਦੇਸ਼ ਦੇ ਸਭ ਤੋਂ ਵੱਡੀ ਨਿਆਇਕ ਮੰਦਰ ਸੁਪਰੀਮ ਕੋਰਟ ਜਿਸ ਅੰਦਰ 33 ਸਾਲਾਂ ਵਿਚ ਕਈ ਜੱਜ ਤੇ ਮੁਖ ਜੱਜ ਬਦਲੇ ਪਰ ਇਨਸਾਫ਼ ਕਿਥੇ ? ਦੁਨੀਆਂ ਦੇ ਲੋਕਰਾਜੀ ਇਤਿਹਾਸ ਅੰਦਰ ਸ਼ਾਇਦ ਇਸ ਤੇ ਘਿਨਾਉਣੀ ਉਦਾਹਰਣ ਹੋਰ ਕਿਤੇ ਵੀ ਨਾ ਮਿਲੇ । ਇਹ ਗੱਲ ਅੱਜ ਵੀ ਪੰਥਕ ਸੋਚ ਦੇ ਚੇਤੇ ਵਿਚ ਹੈ ਕਿ ਸੱਤਾ ਸਦੀਵੀ ਚੀਜ਼ ਨਹੀਂ ਤੇ ਨਾ ਹੀ ਜਿੰਦਗੀ। ਪੰਜਾਬ ਜਿਉਦਾਂ ਗੁਰਾਂ ਦੇ ਨ ਾਮ ਤੇ ਤੇ ਪੰਜਾਬੀ ਸਿੱਖ ਪਿਆਰ ਨਾਲ ਇਹ ਕਰਨ ਗੁਲਾਮੀ ਟੇ ਨਾ ਮੰਨਣ ਕਿਸੇ ਦੀ। ਅੰਤ ਵਿਚ ਮੈਂ ਇਕਬਾਲ ਦੀ ਕਹੀ ਗੱਲ ਫਿਰ ਉਠੀ ਆਖਰ ਸਦਾ ਤੋਂ ਹੀਦ ਕੀ ਪੰਜਾਬ ਸੇ ਹਿੰਦ ਕੇ ਇਕ ਮਰਦੇ ਕਾਮ ਨੇ ਜਗਾ ਲਿਆ ਖਾਬ ਸੇ ਦਾ ਜ਼ਿਕਰ ਕਰਕੇ ਇਹ ਅਹਿਸਾਸ ਕਰਵਾਉਣਾ ਚਾਹੁੰਦੇ ਕਿ ਜਿਹੜੀ ਸੰਜੀਦਾ ਵਿਦਰੋਹ ਦੀ ਅੱਗ ਵਿਦੇਸ਼ੀ ਧਰਤੀਆਂ ਉਪਰ ਵੱਸ ਦੇ ਸਿੱਖਾਂ ਅੰਦਰ ਬਲਣੀ ਸ਼ੁਰੂ ਹੋਈ ਹੈ ਇਸ ਦੇ ਭਾਂਬੜ ਬਣਨ ਦੀ ਸੰਭਾਵਨਾ ਪਰਬਲ ਹੋ ਰਹੀ ਹੈ। ਇਹ ਅੱਗ ਉਸੇ ਹੀ ਵਿਦਰੋਹ ਦਾ ਰੂਪ ਹੈ ਜਿਹੜਾ ਬੇਇਨਸਾਫੀਆਂ ਦੀ ਲੰਬੀ ਦਾਸਤਾਨ ਵਿਚੋਂ ਜਨਮ ਲੈਂਦਾ ਹੈ।

***ਮੁੱਖ ਸੇਵਾਦਾਰ, ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ ਹਿਊਸਟਨ**



PANNU'S
LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY


Indian Passport



India Visa in 1 Day


OCI


US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St. #445
SAN FRANCISCO
(OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**

## ਨਾਨਕਸ਼ਾਹੀ ਕੈਲੰਡਰ ਸੰਮਤ 550 ਦੇ ਆਰੰਭ ਦੀ ਸਮੂੰਹ ਸਿੱਖ ਜਗਤ ਨੂੰ ਲੱਖ ਲੱਖ ਵਧਾਈ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਲ 1998 ਵਿੱਚ ਪ੍ਰਵਾਨਤ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵੇ ਸਾਲ ਦਾ ਆਰੰਭ ਚੇਤਰ 1 (ਮਾਰਚ 14) ਦਾ ਬਣਦਾ ਹੈ।**

ਸੱਤਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ ਇਸੇ ਦਿਨ (1 ਚੇਤਰ) ਨੂੰ ਗੁਰਿਆਈ ਪ੍ਰਾਪਤ ਹੋਈ ਸੀ । ਇਸੇ ਨੂੰ ਮੁੱਖ ਰੱਖਦੇ ਹੋਏ ਇਸ ਦਿਨ ਨੂੰ ਦੁਨੀਆਂ ਭਰ ਵਿੱਚ ਸਿੱਖ ਵਾਤਾਵਰਣ ਦਿਵਸ (Sikh Environment Day) ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਵੀ ਇਸ ਦਿਨ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਸ ਦਿਨ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਹੋਲਾ ਮੁਹੱਲਾ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਸੀ। ਸਮੂੰਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਮਾਰਚ 14, 2018 (1 ਚੇਤਰ) ਦਿਨ ਬੁੱਧਵਾਰ ਸ਼ਾਮ ਦੇ ਦੀਵਾਨ ਅਤੇ ਐਤਵਾਰ ਮਾਰਚ 18, 2018 ਦੇ ਵਿਸ਼ੇਸ ਦੀਵਾਨਾਂ ਵਿਚ ਵੱਧ ਤੋਂ ਵੱਧ ਹਾਜਰੀਆਂ ਭਰ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

SIKH Religious Society PALATINE GURDWARA

**ਦਾਸਰੇ : ਸਿੱਖ ਰਿਲੀਜਿਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ**

Website: www.srschicago.org Email: contactus@srschicago.org



# ਸ਼੍ਰੀ ਗੁਰੂ ਸਿੱਖ ਸਭਾ ਵਾਲਨਟ

**20001, E Walnut Drive South, Walnut CA 91789 • Ph: 909.869.6165**

ਦੀ ਮੈਨੇਜਮੈਂਟ ਕਮੇਟੀ ਅਤੇ ਬੋਰਡ ਆਫ ਡਾਇਰੈਕਟਰ ਵਲੋਂ

## 550 ਵੇਂ ਨਾਨਕਸ਼ਾਹੀ ਨਵੇਂ ਸਾਲ

ਦੀ

## ਲੱਖ ਲੱਖ ਵਧਾਈ

ਮਿਤੀ 13 ਮਾਰਚ 2018, ਦਿਨ ਮੰਗਲਵਾਰ ਨੂੰ ਸ਼ਾਮ 06:00 ਵਜੇ ਤੋਂ ਰਾਤ 09:00 ਵਜੇ ਤੱਕ ਗੁਰਦੁਆਰਾ ਸਾਹਿਬ ਵਾਲਨਟ ਵਿਖੇ ਸਿੱਖ ਕੌਮ ਦਾ ਨਵਾਂ ਸਾਲ ਮਨਾਇਆ ਜਾ ਰਿਹਾ ਹੈ।

ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਨ ਲਈ ਪਰਿਵਾਰ ਅਤੇ ਆਪਣੇ ਸਨੇਹੀਆਂ ਨੂੰ ਪਰੇਰ ਕੇ ਗੁਰੂ ਘਰ ਨਾਲ ਲੈ ਕੇ ਆਓ। ਭਾਰਤੀ ਖਾਣੇ ਅਤੇ ਮਿਠਾਈਆਂ ਨਾਲ ਭਰਪੂਰ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

### ਪ੍ਰੋਗਰਾਮ ਦਾ ਵੇਰਵਾ

ਬੀਬੀ ਬਲਬੀਰ ਕੌਰ, ਪੰਜਾਬੀ ਸਕੂਲ ਚਿਲਡਰਨ, ਬੀਬੀਆਂ ਦਾ ਜਥਾ
ਹਜ਼ੂਰੀ ਜਥਾ ਭਾਈ ਰਘਬੀਰ ਸਿੰਘ ਜੀ
ਅਤੇ ਭਾਈ ਸੁਖਦੇਵ ਸਿੰਘ ਜੀ ........................................6:00 ਤੋਂ 9:00 ਵਜੇ ਸ਼ਾਮੀ
20 ਸਟਾਲਾਂ ਤੇ ਭਾਰਤੀ ਖਾਣਿਆਂ, ਮਠਿਆਈਆਂ ਤੇ ਸਨੈਕਸ ਦੀ ਵਰਾਇਟੀ.... 6:30 ਤੋਂ 8:30 ਵਜੇ ਸ਼ਾਮੀ
ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਅਰਦਾਸ ................................ 09:00 ਵਜੇ ਸ਼ਾਮੀ
ਗੁਰੂ ਕਾ ਲੰਗਰ ਅਤੁੱਟ ਵਰਤੇਗਾ........................................ ਸ਼ਾਮੀ 07:30 ਵਜੇ ਤੋਂ

**ਗੁਰੂ ਕੇ ਲੰਗਰ ਦੀ ਸੇਵਾ : ਡਾ. ਸਰਬਜੀਤ ਸਿੰਘ ਅਤੇ ਪਰਿਵਾਰ**

**ਗੁਰਦੁਆਰਾ ਸਾਹਿਬ ਵਾਲਨਟ ਦੇ ਸੇਵਾਦਾਰ :**

- ਸਤਪਾਲ ਸਿੰਘ ਘੋਤਰਾ (909)-569-9545
- ਸੁਰਿੰਦਰ ਸਿੰਘ ਭੋਗਲ (909) 861-5767,
- ਗੁਰਬਚਨ ਸਿੰਘ ਜੁਨੇਜਾ (909)228-1556
- ਕੁਲਬੀਰ ਸਿੰਘ ਭੁੱਲਰ (626) 675-2233,
- ਜਗਜੀਤ ਸਿੰਘ ਇਰਾਨੀ (626)239-5621

**ਹੋਰ ਜਾਣਕਾਰੀ ਲਈ ਫੋਨ ਕਰੋ**

- ਭਾਈ ਰਘਬੀਰ ਸਿੰਘ (626)833-8240
- ਹਨਵੰਤ ਬੀਰ ਸਿੰਘ ਸਾਹਨੀ (626)369-3305



Personalized Service-Committed To Quality
Solutions Financial Mortgage Company
Purchase & Refinance Your Home Loans
ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ
Cell 312-608-0006
1701 E. Lake Avenue #280, Glenview, IL 60025- Office: 847-834-0100 Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@solutionsfn.com
Web: www.solutionsfn.com
Website Design & Development
➔ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➔ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓WEB DEVELOPMENT
✓WEB DESIGNING
✓WEB RE-DESIGN
✓LOGO DESIGN
✓SEO SERVICES
✓TECHNICAL SUPPORT
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
Web Media Art
info@webmediaart.com
www.webmediaart.com




ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ!
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!




NOW OPEN IN MODESTO/CERES
PANNU'S
LEGAL SERVICES (Regd. & Bonded)
510.677.5200
G.S. Pannu
Immigration Consultant-LDA
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B
• Student • Relegious
... & related matters
Family Petitions FREE
DIVORCE
• Petitions
• Child Support
• Child Visitation
• Child Custody
• Modification
...& related matters
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307




SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਅਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਕਰਤਾਰ ਸਿੰਘ ਸਰਾਭਾ
ਗਦਰੀ ਬਾਬੇ ਕੌਣ ਸਨ?
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM


Watch Your Favorite Channel
FREE PREVIEW
jus punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com

# ਅਮਿੱਟ ਯਾਦਾਂ ਛੱਡ ਗਿਆ 'ਸਾਂਝੀ ਸੋਚ' ਦਾ 5ਵਾਂ ਵਰ੍ਹੇਗੰਢ ਸਮਾਗਮ

## ਅਮਰੀਕਾ ਦੀਆਂ ਵੱਖ ਵੱਖ ਖੇਤਰਾਂ ਦੀਆਂ ਅਹਿਮ ਹਸਤੀਆਂ ਹੋਈਆਂ ਸ਼ਾਮਿਲ

ਕੈਲੀਫੋਰਨੀਆ (ਸਾਂਝੀ ਸੋਚ ਬਿਊਰੋ): ਪੰਜਾਬੀ ਭਾਈਚਾਰੇ ਦੀ ਹਰਮਨ ਪਿਆਰੀ ਸਪਤਾਹਿਕ ਅਖ਼ਬਾਰ 'ਸਾਂਝੀ ਸੋਚ' ਦੀ ਪੰਜਵੀਂ ਵਰ੍ਹੇਗੰਢ ਬਹੁਤ ਹੀ ਉਤਸ਼ਾਹ ਤੇ ਜੋਸ਼ ਨਾਲ ਮਨਾਈ ਗਈ। ਟਰੇਸੀ ਦੇ ਬੈਂਕੁਟ ਹਾਲ 'ਚ ਹੋਏ ਸਮਾਗਮ ਵਿਚ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਅਮਰੀਕਾ ਦੀਆਂ ਹੋਰ ਅਨੇਕਾਂ ਅਹਿਮ ਹਸਤੀਆਂ ਸਮੇਤ ਕੋਈ 500 ਦੇ ਕਰੀਬ ਸੱਜਣਾਂ ਮਿੱਤਰਾਂ, ਸਹਿਯੋਗੀਆਂ, ਔਰਤਾਂ ਅਤੇ ਬੱਚਿਆਂ ਨੇ ਹਿੱਸਾ ਲਿਆ। ਨਿਸ਼ਚਤ ਸਮੇਂ ਤੋਂ ਕੋਈ ਅੱਧਾ ਘੰਟਾ ਦੇਰੀ ਨਾਲ ਸ਼ਾਮ 5.30 ਵਜੇ ਰਿਬਨ ਕੱਟ ਕੇ ਸਮਾਗਮ ਦੀ ਸ਼ੁਰੂਆਤ ਕੀਤੀ। ਰਿਬਨ ਕੱਟਣ ਦੀ ਰਸਮ ਮੌਕੇ ਮੰਚ ਉਪਰ ਮੁੱਖ ਮਹਿਮਾਨ ਅਨੋਖ ਸਿੰਘ ਸਾਬਕਾ ਚੀਫ਼ ਸਬ ਐਡੀਟਰ ਅਜੀਤ', ਅਸ਼ੋਕ ਸ਼ਰਮਾ ਨਾਭੇ ਵਾਲੇ ਐਡਵੋਕੇਟ ਪੰਜਾਬ ਹਰਿਆਣਾ ਹਾਈਕੋਰਟ, ਪਾਲ ਸਹੋਤਾ, ਰਾਣਾ ਗਿੱਲ, ਅਵਤਾਰ ਗਿੱਲ, ਗੁਰਜਤਿੰਦਰ ਰੰਧਾਵਾ ਸੰਪਾਦਕ ਪੰਜਾਬ ਮੇਲ, ਗੁਰੀ ਕੰਗ, ਗੁਰਮੀਤ ਸਿੰਘ ਗਾਜ਼ੀਆਣਾ, ਇੰਦਰਜੀਤ ਸਿੰਘ ਕੈਲੇਰਾਏ, ਸਰਦੂਲ ਸਿੰਘ ਬਾਜਵਾ ਤੇ ਚੀਫ ਰਿਪੋਰਟਰ ਮਹਿੰਦਰ ਸਿੰਘ ਕੰਡਾ ਹਾਜ਼ਰ ਸਨ। ਉਪਰੰਤ ਗੁਰਦੁਆਰਾ ਸਾਹਿਬ ਮੋਡੈਸਟੋ ਦੇ ਰਾਗੀ ਜਥੇ ਭਾਈ ਮਨਜੀਤ ਸਿੰਘ ਤੇ ਭਾਈ ਅਮਰਜੀਤ ਸਿੰਘ ਨੇ ਧਾਰਮਿਕ ਗੀਤ ਨਾਲ ਹਾਜ਼ਰੀ ਲਵਾਈ। ਬਾਅਦ ਵਿਚ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਭੰਗੜਾ ਤੇ ਗਿੱਧਾ ਟੀਮਾਂ ਤੋਂ ਇਲਾਵਾ ਗਾਇਕਾਂ ਨੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸੰਨੀ ਬੱਬਰ, ਸਤਵਿੰਦਰ ਸੱਤੀ, ਜੀਤਾ ਗਿੱਲ, ਦੇਵਿੰਦਰ ਪੰਮੀ, ਜੋਤ ਰਣਜੀਤ, ਰਬੀਨਾ ਉੱਪਲ, ਸਿਮਰਨ ਰਾਏ ਤੇ ਅਵਨੂਰ ਨੇ ਆਪੋ-ਆਪਣੇ ਗੀਤਾਂ ਰਾਹੀਂ ਹਾਜ਼ਰੀ ਲਵਾਈ। ਮਨਟੀਕਾ ਦੇ ਪਰਮ ਦੀ ਭੰਗੜਾ ਟੀਮ ਤੇ ਨੋਨੀ ਮੋਹਰ ਦੀ ਅਗਵਾਈ ਵਾਲੀ ਗਿੱਧਾ ਟੀਮ ਨੇ ਖੂਬ ਧਮਾਲ ਪਾਈ। ਬੱਚੀ ਅਰਵੀਨ ਨੇ ਆਈਟਮ ਸੌਂਗ 'ਤੇ ਡਾਂਸ ਕਰਕੇ ਸਭ ਦਾ ਮਨ ਮੋਹ ਲਿਆ।

'ਸਾਂਝੀ ਸੋਚ' ਅਖ਼ਬਾਰ ਦੇ ਸਹਿਯੋਗੀ ਅਦਾਰਿਆਂ, ਅਦਾਰਿਆਂ ਦੇ ਮਾਲਕਾਂ ਤੇ ਸੱਜਣਾਂ ਮਿੱਤਰਾਂ ਨੂੰ ਵਿਸ਼ੇਸ਼ ਟਰਾਫ਼ੀਆਂ ਤੇ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਮੇਅਰ ਰਾਬਰ ਗ੍ਰਿਮੈਨ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ 'ਸਾਂਝੀ ਸੋਚ' ਅਖ਼ਬਾਰ ਵਲੋਂ ਪੰਜਾਬੀ ਭਾਈਚਾਰੇ ਤੇ ਅਮਰੀਕੀ ਭਾਈਚਾਰੇ ਵਿਚਾਲੇ ਨੇੜਤਾ ਲਿਆਉਣ ਲਈ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਇਹ ਅਖ਼ਬਾਰ ਅਮਰੀਕੀ ਸਮਾਜ ਵਿਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਇਸ ਰੰਗਾਰੰਗ ਸਮਾਗਮ ਮੌਕੇ 10 ਇਨਾਮ ਕੱਢੇ ਗਏ ਜਿਨ੍ਹਾਂ ਵਿਚ ਸੋਨੇ ਦੀ ਚੇਨ, ਸੋਨੇ ਦੀਆਂ ਮੁੰਦਰੀਆਂ, 50 ਇੰਚ ਦਾ ਟੀ. ਵੀ., ਇਕ ਲੈਪਟਾਪ, ਪੰਜਾਬੀ ਸੂਟ, ਇਕ ਘੜੀ ਤੇ 3 ਗਿਫ਼ਟ ਕਾਰਡ ਸ਼ਾਮਿਲ ਸਨ।

ਸਮਾਗਮ ਦੇ ਅੰਤ ਵਿਚ ਬੂਟਾ ਸਿੰਘ ਬਾਸੀ ਸੰਪਾਦਕ 'ਸਾਂਝੀ ਸੋਚ' ਨੇ ਸਮਾਗਮ ਵਿਚ ਪੁੱਜੇ ਪਤਵੰਤੇ ਸੱਜਣਾਂ ਮਿੱਤਰਾਂ ਤੇ ਕਾਰੋਬਾਰੀ ਅਦਾਰਿਆਂ ਦਾ ਧੰਨਵਾਦ ਕੀਤਾ।

























# ਕੈਨੇਡਾ 'ਚ ਪੰਜਾਬੀ ਗੈਂਗਸਟਰਾਂ ਦੀ ਦਹਿਸ਼ਤ

## ਹੁਣ ਤੱਕ 200 ਦੇ ਕਰੀਬ ਪੰਜਾਬੀ ਨੌਜਵਾਨ ਨਸ਼ਾ ਕਾਰੋਬਾਰੀਆਂ ਦੀ ਆਪਸੀ ਲੜਾਈ ਕਾਰਨ ਮੌਤ ਦੇ ਮੂੰਹ ਜਾ ਚੁੱਕੇ ਨੇ



*ਗੈਂਗਸਟਰਾਂ ਦਾ ਨੈਟਵਰਕ ਸਰੀ, ਵੈਨਕੂਵਰ, ਓਟਾਰਿਓਂ, ਐਲਬਰਟਾ, ਅਮਰੀਕਾ, ਕੈਲੀਫੋਰਨੀਆ, ਨਿਊਜਰਸੀ ਤੋਂ ਪੰਜਾਬ ਤੱਕ ਫੈਲਿਆ*

**ਵੈਨਕੂਵਰ/ਬਿਊਰੋ ਰਿਪੋਰਟ:**
ਕੈਨੇਡਾ ਤੋਂ ਹਰ ਦੂਸਰੇ-ਚੌਥੇ ਹਫ਼ਤੇ ਕਿਸੇ ਨਾ ਕਿਸੇ ਪੰਜਾਬੀ ਨੌਜਵਾਨ ਦੇ ਗੈਂਗਵਾਰ ਵਿਚ ਮਰਨ ਦੀ ਖ਼ਬਰ ਆ ਰਹੀ ਹੈ। ਦੁਨੀਆਂ ਵਿਚ ਭਰਾ ਮਾਰੂ ਜੰਗ ਵਜੋਂ ਸਭ ਤੋਂ ਵੱਧ ਨੌਜਵਾਨ ਅੱਤਵਾਦ ਦੌਰਾਨ ਪੰਜਾਬ ਵਿਚ ਮਰੇ ਸਨ, ਦੂਸਰੇ ਨੰਬਰ 'ਤੇ ਫਿਲਪੀਨ ਵਿਚ ਵਿਆਜ 'ਤੇ ਪੈਸਾ ਦੇਣ ਵਾਲੇ ਪੰਜਾਬੀ ਇੱਕ-ਦੂਸਰੇ ਨੂੰ ਮਰਵਾ ਰਹੇ ਹਨ ਤੇ ਤੀਜੇ ਨੰਬਰ 'ਤੇ ਮਰਨ ਵਾਲੇ ਕੈਨੇਡਾ ਦੇ ਨਸ਼ਿਆਂ ਦੇ ਕਾਰੋਬਾਰੀ ਹਨ। ਕੈਨੇਡਾ ਵਿਚ ਹੁਣ ਤੱਕ 200 ਦੇ ਕਰੀਬ ਪੰਜਾਬੀ ਨੌਜਵਾਨ ਨਸ਼ਾ ਕਾਰੋਬਾਰੀਆਂ ਦੀ ਆਪਸੀ ਲੜਾਈ ਕਾਰਨ ਮੌਤ ਦੇ ਮੂੰਹ ਵਿਚ ਜਾ ਚੁੱਕੇ ਹਨ। ਇਹ ਮੌਤਾਂ ਕੈਨੇਡਾ ਵਿਚ ਗੈਂਗ ਹਿੰਸਾ ਕਾਰਨ ਹੋਣ ਵਾਲੀਆਂ ਕੁੱਲ ਮੌਤਾਂ ਦਾ 26 ਫ਼ੀਸਦੀ ਬਣਦੀਆਂ ਹਨ।

### ਕੈਨੇਡਾ ਤੋਂ ਪੰਜਾਬ ਤੱਕ ਗੈਂਗਸਟਰ

ਪਹਿਲਾਂ ਪੰਜਾਬੀ ਗੈਂਗਾਂ ਦਾ ਮੁੱਖ ਅੱਡਾ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦਾ ਸਰੀ-ਵੈਨਕੂਵਰ ਸ਼ਹਿਰ ਸੀ, ਪਰ ਹੁਣ ਇਨ੍ਹਾਂ ਦਾ ਗਲਬਾ ਓਂਟਾਰੀਓ, ਅਲਬਰਟਾ ਤੇ ਅਮਰੀਕਾ ਵਿਚ ਕੈਲੀਫੋਰਨੀਆ, ਨਿਊਜਰਸੀ, ਨਿਊਯਾਰਕ ਤੋਂ ਲੈ ਕੇ ਅਤੇ ਪੰਜਾਬ ਤੱਕ ਫੈਲਿਆ ਹੋਇਆ ਹੈ।

ਸਮੱਗਲਿੰਗ ਲਈ ਮੁੱਖ ਤੌਰ 'ਤੇ ਟਰੱਕ ਵਰਤੇ ਜਾਂਦੇ ਹਨ ਤੇ ਡਰੱਗਜ਼, ਹਥਿਆਰਾਂ ਦੀ ਸਮੱਗਲਿੰਗ, ਡਾਕੇ, ਸੁਪਾਰੀ ਕਿਲਿੰਗ, ਫਰਾਡ, ਹਵਾਲਾ, ਜਾਅਲੀ ਕਰੰਸੀ, ਫਿਰੌਤੀਆਂਤੇ ਜੂਏ ਦੇ ਧੰਦੇ ਕੀਤੇ ਜਾਂਦੇ ਹਨ। ਪੰਜਾਬੀ ਗੈਂਗ ਕੈਨੇਡਾ ਦੇ ਸੰਗਠਿਤ ਅਪਰਾਧ ਜਗਤ ਵਿਚ ਤੀਸਰੇ ਨੰਬਰ 'ਤੇ ਹਨ। ਪਹਿਲੇ ਨੰਬਰ 'ਤੇ ਗ਼ੈਰ ਕਾਨੂੰਨੀ ਮੋਟਰਸਾਈਕਲ ਕਲੱਬ ਹਨ ਤੇ ਦੂਸਰੇ ਨੰਬਰ 'ਤੇ ਚੀਨੀ-ਵੀਅਤਨਾਮੀ ਗੈਂਗ। ਜਿਉਂ-ਜਿਉਂ ਨਵੇਂ ਤੋਂ ਨਵੇਂ ਨੌਜਵਾਨ ਇਸ ਧੰਦੇ ਵਿਚ ਕੁੱਦ ਰਹੇ ਹਨ, ਲੱਗਦਾ ਹੈ ਕਿ ਪੰਜਾਬੀ ਇਸ ਕੰਮ ਵਿਚ ਵੀ ਸਭ ਨੂੰ ਪਛਾੜ ਦੇਣਗੇ।

ਪੰਜਾਬੀ ਗੈਂਗ ਸ਼ੁਰੂ ਵਿੱਚ ਮਾੜੇ-ਮੋਟੇ ਅਪਰਾਧ ਕਰਦੇ ਸਨ, ਪਰ 1980ਵਿਆਂ ਵਿਚ ਕੈਨੇਡਾ-ਅਮਰੀਕਾ ਵਿਚ ਆਏ ਨਸ਼ਿਆਂ ਦੇ ਹੜ੍ਹ ਨੇ ਉਨ੍ਹਾਂ ਨੂੰ ਵੀ ਇਸ ਵਗਦੀ ਗੰਗਾ ਵਿਚ ਹੱਥ ਰੰਗਣ ਲਈ ਲਲਚਾ ਦਿੱਤਾ। ਹੌਲੀ-ਹੌਲੀ ਇਨ੍ਹਾਂ ਗਿਰੋਹਾਂ ਵਿਚ ਇਲਾਕੇ ਤੋਂ ਕਬਜ਼ੇ ਨੂੰ ਲੈ ਕੇ ਝਗੜੇ ਸ਼ੁਰੂ ਹੋ ਗਏ ਤੇ ਗੱਲ ਮਾਰ-ਕਾਟ ਤੱਕ ਪਹੁੰਚ ਗਈ ਜੋ ਲਗਾਤਾਰ ਜਾਰੀ ਹੈ। ਕੈਨੇਡੀਅਨ ਮੀਡੀਆ ਇਸ ਨੂੰ ਬਹੁਤ ਹਵਾ ਦੇ ਰਿਹਾ ਹੈ ਤੇ ਇਨ੍ਹਾਂ ਗਿਰੋਹਾਂ ਨੂੰ ਇੰਡੋ-ਕੈਨੇਡੀਅਨ, ਗਿਰੋਹ ਕਹਿ ਕੇ ਖ਼ੂਬ ਭੰਡਿਆ ਜਾ ਰਿਹਾ ਹੈ।

ਪੰਜਾਬੀ ਡਰੱਗ ਗੈਂਗਾਂ ਵਿਚ ਕਤਲੋਗਾਰਤ ਸ਼ੁਰੂ ਕਰਨ ਵਾਲੇ ਗੈਂਗਸਟਰ ਸਨ। ਦੋਸਾਂਝ ਭਰਾ, ਰਣਜੀਤ (ਰੌਨ) ਦੋਸਾਂਝ ਤੇ ਜਮਸ਼ੇਰ ਸਿੰਘ (ਜਿੰਮੀ) ਦੋਸਾਂਝ। ਇਨ੍ਹਾਂ ਦੀ ਮਸ਼ਹੂਰ ਗੈਂਗਸਟਰ ਭੁਪਿੰਦਰ ਸਿੰਘ (ਬਿੰਦੀ ਜੌਹਲ) ਨਾਲ ਦੁਸ਼ਮਣੀ ਨੇ ਅਜਿਹੀ ਖ਼ੂਨੀ ਖੇਡ ਸ਼ੁਰੂ ਕੀਤੀ ਜੋ ਹੁਣ ਤੱਕ ਬਾਦਸਤੂਰ ਜਾਰੀ ਹੈ। ਦੋਸਾਂਝ ਭਰਾ ਕੈਨੇਡਾ ਦੇ ਪਹਿਲੇ ਪੰਜਾਬੀ ਗੈਂਗਸਟਰ ਮੰਨੇ ਜਾਂਦੇ ਹਨ। ਬਿੰਦੀ ਜੌਹਲ ਉਨ੍ਹਾਂ ਦੇ ਹੀ ਗੈਂਗ ਵਿਚ ਕੰਮ ਕਰਦਾ ਸੀ। ਜਦੋਂ ਦੋਸਾਂਝ ਭਰਾਵਾਂ ਨੂੰ ਕਿਸੇ ਕੇਸ ਵਿਚ ਜੇਲ੍ਹ ਜਾਣਾ ਪਿਆ, ਤਾਂ ਬਿੰਦੀ ਜੌਹਲ ਨੇ ਉਨ੍ਹਾਂ ਦੇ ਡਰੱਗਜ਼ ਧੰਦੇ 'ਤੇ ਕਬਜ਼ਾ ਜਮਾ ਲਿਆ। ਜੇਲ੍ਹ ਤੋਂ ਬਾਹਰ ਆ ਕੇ ਜਦੋਂ ਦੋਸਾਂਝ ਭਰਾਵਾਂ ਨੇ ਬਿੰਦੀ ਨੂੰ ਮਰਵਾਉਣ ਦੀ ਕੋਸ਼ਿਸ਼ ਕੀਤੀ, ਤਾਂ ਉਲਟ ਬਿੰਦੀ ਨੇ ਭਾੜੇ ਦੇ ਕਾਤਲਾਂ ਰਾਹੀਂ ਫਰਵਰੀ 1994 ਨੂੰ ਜਿੰਮੀ ਦੋਸਾਂਝ ਅਤੇ ਅਪ੍ਰੈਲ 1994 ਵਿਚ ਰਣਜੀਤ ਦੋਸਾਂਝ ਨੂੰ ਹੀ ਕਤਲ ਕਰਵਾ ਦਿੱਤਾ। ਇਸ ਤੋਂ ਬਾਅਦ ਬਿੰਦੀ ਜੌਹਲ ਦਿਨਾਂ ਵਿਚ ਹੀ ਡਰੱਗਜ਼ ਧੰਦੇ 'ਤੇ ਛਾ ਗਿਆ। ਇਸ ਦੇ ਸ਼ਾਹੀ ਰਹਿਣ-ਸਹਿਣ ਅਤੇ ਟੌਹਰ-ਟਪੱਕੇ ਤੋਂ ਪ੍ਰਭਾਵਿਤ ਹੋ ਕੇ ਸੈਂਕੜੇ ਪੰਜਾਬੀ ਨੌਜਵਾਨ ਇਸ ਧੰਦੇ ਵਿਚ ਕੁੱਦ ਪਏ। 20 ਦਸੰਬਰ 1998 ਨੂੰ ਵੈਨਕੂਵਰ ਦੇ ਇੱਕ ਨਾਈਟ ਕਲੱਬ ਵਿਚ ਕਿਸੇ ਭਾੜੇ ਦੇ ਕਾਤਲ ਦੀਆਂ ਗੋਲੀਆਂ ਨੇ ਬਿੰਦੀ ਜੌਹਲ ਦੀ ਖੇਡ ਵੀ ਖ਼ਤਮ ਕਰ ਦਿੱਤੀ। ਇਸ ਕੇਸ ਵਿਚ ਅੱਜ ਤੱਕ ਕਿਸੇ ਨੂੰ ਵੀ ਮੁਲਜ਼ਮ ਨਹੀਂ ਠਹਿਰਾਇਆ ਗਿਆ।

### ਪੰਜਾਬੀ ਗੈਂਗਾਂ ਦਾ ਹੜ੍ਹ

ਇਸ ਤੋਂ ਬਾਅਦ ਤਾਂ ਪੰਜਾਬੀ ਗੈਂਗਾਂ ਦਾ ਹੜ੍ਹ ਆ ਗਿਆ। ਰੋਜ਼ ਨਵੇਂ ਤੋਂ ਨਵੇਂ ਗੈਂਗ ਬਣ ਜਾਂਦੇ ਹਨ। ਜੌਹਲ, ਆਦੀਵਾਲ, ਚੀਮਾ, ਬੁੱਟਰ, ਢੱਕ, ਦੂਹੜੇ ਅਤੇ ਗਰੇਵਾਲ ਆਦਿ ਦਰਜਨਾਂ ਗੈਂਗ ਕੰਮ ਕਰ ਰਹੇ ਹਨ। ਕੈਨੇਡਾ ਪੁਲੀਸ ਲਈ ਇਹ ਵੱਡੀ ਸਿਰਦਰਦੀ ਬਣੇ ਹੋਏ ਹਨ। ਉਂਝ ਪੁਲੀਸ ਇਨ੍ਹਾਂ ਗੈਂਗਸਟਰਾਂ ਦੇ ਕਤਲਾਂ ਨੂੰ ਕੋਈ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦੀ। ਜਦੋਂ ਕੋਈ ਗੈਂਗਸਟਰ ਜ਼ਿਆਦਾ ਅੱਤ ਚੁੱਕ ਲੈਂਦਾ ਹੈ ਤਾਂ ਪੁਲੀਸ ਵੱਧ ਤੋਂ ਵੱਧ ਇੱਕ ਘੋਸ਼ਣਾ ਪੱਤਰ ਜਾਰੀ ਕਰ ਦਿੰਦੀ ਹੈ ਕਿ ਇਸ 'ਤੇ ਖ਼ੂਨੀ ਹਮਲਾ ਹੋਣ ਦੀ ਉਮੀਦ ਹੈ। ਜੋ ਵੀ ਵਿਅਕਤੀ ਇਸ ਨਾਲ ਸਬੰਧ ਰੱਖੇਗਾ, ਉਸ ਦਾ ਵੀ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਅਜਿਹੇ ਗੈਂਗਸਟਰਾਂ ਦੇ ਬੱਚਿਆਂ ਨੂੰ ਬਚਾਉਣ ਲਈ ਪੁਲੀਸ ਚਾਈਲਡ ਵੈੱਲਫੇਅਰ ਵਿਭਾਗ ਨੂੰ ਸੌਂਪ ਦਿੰਦੀ ਹੈ। ਜਦੋਂ ਕੋਈ ਗੈਂਗਸਟਰ ਆਪਸੀ ਦੁਸ਼ਮਣੀ ਵਿਚ ਮਰ ਜਾਂਦਾ ਹੈ, ਤਾਂ ਪੁਲੀਸ ਫਿਰ ਇੱਕ ਬਿਆਨ ਜਾਰੀ ਕਰ ਦਿੰਦੀ ਹੈ ਕਿ ਅਸੀਂ ਪਹਿਲਾਂ ਤੋਂ ਹੀ ਇਸ ਬਾਰੇ ਜਾਣਦੇ ਸੀ ਕਿ ਇਹ ਗ਼ਲਤ ਧੰਦਿਆਂ ਵਿਚ ਲੱਗਾ ਹੋਇਆ ਹੈ।

ਪੁਲੀਸ ਵੀ ਚਾਹੁੰਦੀ ਹੈ ਕਿ ਸਮਾਜ ਦੀ ਸਿਰਦਰਦੀ ਬਣੇ ਹੋਏ ਇਹ ਲੋਕ ਆਪਸੀ ਲੜਾਈ ਵਿਚ ਹੀ ਖ਼ਤਮ ਹੋ ਜਾਣ। ਕੁਝ ਸਾਲ ਪਹਿਲਾਂ ਗੈਂਗਸਟਰ ਜੁਝਾਰ ਖੁਣਖੁਣ, ਜੋ ਦੋ ਕਾਤਲਾਨਾ ਹਮਲਿਆਂ ਵਿਚ ਬਚ ਗਿਆ ਹੈ ਤੇ ਹੁਣ ਜੇਲ੍ਹ ਵਿਚ ਹੈ, ਨੇ ਚਲਦੀ ਕਾਰ ਵਿੱਚੋਂ ਧੱਕਾ ਦੇ ਕੇ ਆਪਣੀ ਗਰਲ ਫਰੈਂਡ ਨੂੰ ਮਾਰ ਦਿੱਤਾ ਸੀ। ਪੁਲੀਸ ਨੇ ਠੋਕ ਕੇ ਜੁਆਬ ਦਿੱਤਾ ਕਿ ਜਦੋਂ ਅਸੀਂ ਪਹਿਲਾਂ ਹੀ ਐਲਾਨ ਕਰ ਚੁੱਕੇ ਹਾਂ ਕਿ ਇਸ ਨਾਲ ਮੇਲ-ਮਿਲਾਪ ਰੱਖਣ ਵਾਲੇ ਦਾ ਨੁਕਸਾਨ ਹੋਵੇਗਾ, ਤਾਂ ਇਹ ਲੜਕੀ ਉਸ ਨਾਲ ਕੀ ਕਰਦੀ ਫਿਰਦੀ ਸੀ? ਉਸ ਕੇਸ ਦਾ ਕੁਝ ਵੀ ਨਹੀਂ ਬਣਿਆ। ਵੈਸੇ ਵੀ ਪੰਜਾਬੀ ਗੈਂਗਸਟਰਾਂ ਦੇ ਕਤਲਾਂ ਦੇ 100 ਤੋਂ ਵੱਧ ਕੇਸ ਅਣਸੁਲਝੇ ਪਏ ਹਨ। ਕੈਨੇਡਾ ਤੇ ਅਮਰੀਕਾ ਵਿਚ ਡਰੱਗਜ਼ ਦੇ ਧੰਦੇ ਵਿਚ ਬੇਹੱਦ ਪੈਸਾ ਹੈ। ਕਈ ਪਰਿਵਾਰ ਅਜਿਹੇ ਹਨ, ਜਿਨ੍ਹਾਂ ਦੇ ਇੱਕ ਤੋਂ ਵੱਧ ਮੈਂਬਰ ਇਸ ਕੰਮ ਵਿਚ ਮਾਰੇ ਜਾ ਚੁੱਕੇ ਹਨ, ਪਰ ਉਹ ਫਿਰ ਵੀ ਇਹੀ ਕੰਮ ਕਰ ਰਹੇ ਹਨ। ਕਈ ਕੈਨੇਡੀਅਨ ਗੈਂਗਸਟਰ ਆਪਣੇ ਪੰਜਾਬ ਵਿਚਲੇ ਰਿਸ਼ਤੇਦਾਰਾਂ ਦੀ ਮਦਦ ਭਾਰਤ ਤੋਂ ਹੈਰੋਇਨ ਮੰਗਵਾਉਣ ਲਈ ਕਰਦੇ ਹਨ। ਇਸੇ ਕਾਰਨ ਭੋਲਾ ਡਰੱਗ ਕੇਸ ਵਿਚ ਕਈ ਪੰਜਾਬੀ ਸਲਾਖਾਂ ਪਿੱਛੇ ਪਹੁੰਚ ਚੁੱਕੇ ਹਨ। ਕੋਕੀਨ ਦੱਖਣੀ ਅਮਰੀਕਾ ਦੇ ਕੋਲੰਬੀਆ ਆਦਿ ਦੇਸਾਂ ਵਿਚ ਪੈਦਾ ਹੁੰਦੀ ਤੇ ਮੈਕਸੀਕੋ ਰਾਹੀਂ ਅਮਰੀਕਾ ਪਹੁੰਚਦੀ ਹੈ। ਅਮਰੀਕਾ ਤੋਂ ਗੈਂਗਸਟਰ ਇਸ ਨੂੰ ਵੈਨਕੂਵਰ ਆਦਿ ਸ਼ਹਿਰਾਂ ਵਿਚ ਟਰੱਕਾਂ ਰਾਹੀਂ ਮੰਗਵਾਉਂਦੇ ਨ। ਵੈਨਕੂਵਰ ਅਮਰੀਕਨ ਸਰਹੱਦ ਦੇ ਬਿਲਕੁਲ ਨੇੜੇ ਪੈਂਦਾ ਹੈ। ਇੱਥੋਂ ਇਹ ਸਾਮਾਨ ਸਾਰੇ ਕੈਨੇਡਾ ਵਿਚ ਫੈਲਾ ਦਿੱਤਾ ਜਾਂਦਾ ਹੈ।

ਪਿਛਲੇ ਸਾਲ ਕੈਨੇਡਾ-ਅਮਰੀਕਾ ਸਰਹੱਦ 'ਤੇ ਇੱਕ ਪੰਜਾਬੀ ਕਰੀਬ 10 ਅਰਬ ਰੁਪਏ ਦੀ ਕੋਕੀਨ ਸਮੇਤ ਫੜਿਆ ਗਿਆ ਸੀ। ਇਹ ਨਿਊਯਾਰਕ ਸਟੇਟ ਦੇ ਇਤਿਹਾਸ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਬਰਾਮਦਗੀ ਸੀ। ਪੰਜਾਬ ਟਰੱਕ ਚਾਲਕ ਇਨ੍ਹਾਂ ਕਾਰਨਾਮਿਆਂ ਕਾਰਨ ਏਨੇ ਬਦਨਾਮ ਹੋ ਚੁੱਕੇ ਹਨ ਕਿ ਹੁਣ ਕੈਨੇਡਾ-ਅਮਰੀਕਾ ਸਰਹੱਦ 'ਤੇ ਇਨ੍ਹਾਂ ਦੀ ਸਪੈਸ਼ਲ ਸਕੈਨਰਾਂ ਰਾਹੀਂ ਚੈਕਿੰਗ ਹੁੰਦੀ ਹੈ।

# ਐਨਕਾਊਂਟਰ ਮਗਰੋਂ ਵੀ ਵਿਰੋਧੀਆਂ ਵਿਚ ਗੌਂਡਰ ਦੀ ਦਹਿਸ਼ਤ ਕਾਇਮ

***ਕਾਲੀ ਗੈਂਗਸਟਰ ਗੌਂਡਰ ਦੇ ਗਿਰੋਹ ਤੋਂ ਡਰਿਆ, ਅਦਾਲਤ ਦੀ ਸ਼ਰਨ 'ਚ ਆਇਆ***

**ਚੰਡੀਗੜ੍ਹ/ਬਿਊਰੋ ਨਿਊਜ਼:** ਗੈਂਗਸਟਰ ਸੁੱਖਾ ਕਾਹਲਵਾਂ ਦੀ ਹੱਤਿਆ ਮਗਰੋਂ ਉਸ ਦੀ ਲਾਸ਼ 'ਤੇ ਭੰਗੜਾ ਪਾਉਣ ਵਾਲੇ ਪੰਜਾਬ ਵਿਚ ਦਹਿਸ਼ਤ ਦਾ ਨਾਮ ਬਣੇ ਅਤੇ ਪੰਜਾਬ ਪੁਲਿਸ ਹੱਥੋਂ 26 ਜਨਵਰੀ ਨੂੰ ਐਨਕਾਊਂਟਰ ਵਿਚ ਮਾਰੇ ਗਏ ਗੈਂਗਸਟਰ ਵਿੱਕੀ ਗੌਂਡਰ ਦਾ ਖੌਫ਼ ਅੱਜ ਵੀ ਉਸਦੇ ਵਿਰੋਧੀਆਂ ਵਿਚ ਦੇਖਣ ਨੂੰ ਮਿਲਦਾ ਹੈ। ਭਾਵੇਂ ਕਿ ਗੈਂਗਸਟਰ ਗੌਂਡਰ ਮਾਰਿਆ ਜਾ ਚੁਕਿਆ ਹੈ ਅਤੇ ਪੰਜਾਬ ਪੁਲਿਸ ਦੇ ਅਧਿਕਾਰੀ ਆਪਣੀ ਫੋਰਸ ਨਾਲ ਮਿਲ ਕੇ ਪੰਜਾਬ ਵਿਚੋਂ ਰਹਿੰਦੇ ਗੈਂਗਸਟਰਾਂ ਨੂੰ ਫੜ੍ਹ ਕੇ ਜੇਲ੍ਹਾਂ ਵਿਚ ਡੱਕ ਰਹੇ ਹਨ। ਕਈ ਗੈਂਗਸਟਰ ਆਤਮ-ਸਮਰਪਣ ਕਰ ਚੁਕੇ ਹਨ ਅਤੇ ਕਈ ਪਹਿਲਾਂ ਹੀ ਜੇਲ੍ਹਾਂ ਵਿਚ ਬੰਦ ਹਨ। ਪੁਲਿਸ ਵੱਲੋਂ ਜੇਲ੍ਹ ਵਿਚ ਬੰਦ ਇਕ ਗੈਂਗਸਟਰ ਰਵਿੰਦਰ ਉਰਫ ਕਾਲੀ ਨੂੰ ਅਦਾਲਤ ਵਿਚ ਹੋਰ ਰਿਮਾਂਡ ਹਾਸਿਲ ਕਰਨ ਲਈ ਜਦ ਪੇਸ਼ ਕੀਤਾ ਗਿਆ ਤਾਂ ਗੈਂਗਸਟਰ ਕਾਲੀ ਨੇ ਅਦਾਲਤ ਵਿਚ ਆਪਣਾ ਡਰ ਜ਼ਾਹਿਰ ਕੀਤਾ। ਗੈਂਗਸਟਰ ਕਾਲੀ ਨੂੰ ਡਰ ਪੁਲਿਸ ਵਿਭਾਗ ਦੀ ਮਾਰ ਦਾ ਨਹੀਂ ਸਗੋਂ ਗੈਂਗਸਟਰ ਉਸਨੂੰ ਤਾਂ ਫੌਤ ਹੋ ਚੁਕੇ ਗੈਂਗਸਟਰ ਵਿੱਕੀ ਗੌਂਡਰ ਦਾ ਡਰ ਸਤਾ ਰਿਹਾ ਹੈ। ਬੀਤੇ ਦਿਨੀਂ ਚੰਡੀਗੜ੍ਹ ਦੇ ਸੈਕਟਰ-36 ਥਾਣਾ ਪੁਲਿਸ ਵੱਲੋਂ ਗੈਂਗਸਟਰ ਰਵਿੰਦਰ ਉਰਫ ਕਾਲੀ ਦਾ ਰਿਮਾਂਡ ਖਤਮ ਹੋਣ ਮਗਰੋਂ ਜ਼ਿਲਾ ਅਦਾਲਤ ਵਿਚ ਮੁੜ ਪੇਸ਼ ਕੀਤਾ ਗਿਆ। ਗੈਂਗਸਟਰ ਕਾਲੀ 'ਤੇ ਹੋਟਲ ਸੰਚਾਲਕ ਨੂੰ ਅਗਵਾ ਕਰ ਕੇ ਉਸ ਪਾਸੋਂ ਫਿਰੌਤੀ ਮੰਗਣ ਦਾ ਦੋਸ਼ ਹੈ। ਥਾਣਾ 36 ਸੈਕਟਰ ਦੀ ਪੁਲਿਸ ਵੱਲੋਂ ਗੈਂਗਸਟਰ ਕਾਲੀ ਨੂੰ 7 ਦਿਨਾਂ ਦੇ ਪੁਲਿਸ ਰਿਮਾਂਡ ਮਗਰੋ ਡਿਊਟੀ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਇਸ ਪੇਸ਼ੀ ਦੌਰਾਨ ਗੈਂਗਸਟਰ ਕਾਲੀ ਵੱਲੋਂ ਬੁੜੈਲ ਜੇਲ ਵਿਚ ਆਪਣੀ ਜਾਨ ਨੂੰ ਖਤਰਾ ਦੱਸ ਕੇ ਸੁਰੱਖਿਅਤ ਬੈਰਕ ਵਿਚ ਸ਼ਿਫਟ ਕਰਨ ਦੀ ਗੱਲ ਕਹੀ ਗਈ ਹੈ। ਕਾਲੀ ਨੇ ਆਪਣੇ ਵਕੀਲ ਦੁਆਰਾ ਇਸ ਸਬੰਧੀ ਅਦਾਲਤ ਵਿਚ ਇਕ ਅਰਜ਼ੀ ਲਾਈ ਹੈ। ਅਦਾਲਤ ਨੂੰ ਲਿਖਤ ਵਿਚ ਦਿੱਤੀ ਗਈ ਅਰਜੀ ਵਿਚ ਗੈਂਗਸਟਰ ਕਾਲੀ ਨੇ ਉਸ ਨੂੰ ਵਿੱਕੀ ਗੌਂਡਰ ਦੇ ਸਾਥੀਆਂ ਤੋਂ ਦੂਰ ਦੀ ਬੈਰਕ ਦਿੱਤੇ ਜਾਣ ਦੀ ਮੰਗ ਕੀਤੀ ਗਈ ਹੈ। ਗੈਂਗਸਟਰ ਰਵਿੰਦਰ ਕਾਲੀ ਮੁੱਢ ਤੋਂ ਹੀ ਗੌਂਡਰ ਦਾ ਵਿਰੋਧੀ ਰਿਹਾ ਹੈ। ਉਸਨੇ ਅਦਾਲਤ ਵਿਚ ਆਪਣੀ ਪੇਸ਼ੀ ਦੌਰਾਨ ਕਿਹਾ ਕਿ ਵਿੱਕੀ ਗੌਂਡਰ ਦੀ ਗੈਂਗ ਦੇ ਮੈਂਬਰ ਅਤੇ ਗੌਂਡਰ ਦੇ ਸਾਥੀ ਜੋ ਬੁੜੈਲ ਜੇਲ੍ਹ ਵਿਚ ਹਨ ਨਾਲ ਉਹਨਾਂ ਦੀ ਪੁਰਾਣੀ ਰੰਜਿਸ਼ ਹੈ। ਉਸਨੇ ਖਦਸ਼ਾ ਜਤਾਇਆ ਹੈ ਕਿ ਵਿੱਕੀ ਗੌਂਡਰ ਦੇ ਸਾਥੀ ਉਸ ਨੂੰ ਜਾਨੋਂ ਮਾਰ ਦੇਣਗੇ। ਕਾਲੀ ਵੱਲੋਂ ਇਹ ਅਪੀਲ ਕਰਨ ਮਗਰੋਂ ਉਸਨੂੰ ਇਸ ਮਾਮਲੇ 'ਤੇ ਵਕੀਲ ਦੇ ਰਾਹੀਂ ਇਕ ਪਟੀਸ਼ਨ ਦਾਖਲ ਕਰਨ ਲਈ ਕਿਹਾ ਗਿਆ ਹੈ।



# ਕੈਦੀ ਔਰਤਾਂ ਨੂੰ ਪਿਆ ਡਰੱਗ ਦਾ ਚਸਕਾ

***• ਸੈਂਟਰਲ ਜੇਲ੍ਹ 'ਚ ਕੈਦੀ ਤੇ ਹਵਾਲਾਤੀ ਪੱਕੇ ਨਸ਼ੇੜੀ • ਜਾਂਚ ਲਈ ਆਈਆਂ 20 'ਚੋਂ 15 ਕੈਦੀ ਔਰਤਾਂ ਨਸ਼ੇੜੀ***

**ਫਿਰੋਜ਼ਪੁਰ/ਬਿਊਰੋ ਨਿਊਜ਼:**
ਪੰਜਾਬ ਦੀਆਂ ਜੇਲ੍ਹਾਂ ਵਿਚ ਹੋ ਰਹੀਆਂ ਗੜਬੜੀਆਂ ਸਬੰਧੀ ਭਾਵੇਂ ਸਮੇਂ-ਸਮੇਂ 'ਤੇ ਕਈ ਤਰ੍ਹਾਂ ਦੇ ਖੁਲਾਸੇ ਹੁੰਦੇ ਰਹਿੰਦੇ ਹਨ ਪਰ ਇਸ ਦੇ ਬਾਵਜੂਦ ਜੇਲ੍ਹ ਅਧਿਕਾਰੀ ਆਪਣੇ 'ਤੇ ਲੱਗਦੇ ਦੋਸ਼ਾਂ ਤੋਂ ਇਨਕਾਰੀ ਹੁੰਦੇ ਰਹੇ ਹਨ। ਜੇਲ੍ਹਾਂ ਵਿਚ ਹੋ ਰਹੇ ਨਸ਼ੇ ਦੇ ਵਪਾਰ ਸਬੰਧੀ ਤਾਜ਼ਾ ਇੰਕਸ਼ਾਫ ਕਿਸੇ ਹੋਰ ਨੇ ਨਹੀਂ, ਸਗੋਂ ਨਸ਼ਾ ਛੁਡਾਊ ਮਹਿਕਮੇ ਦੀ ਸਰਕਾਰੀ ਡਾਕਟਰ ਨੇ ਕੀਤਾ ਹੈ। ਆਪਣਾ ਨਾਂ ਨਾ ਛਾਪਣ ਦੀ ਸ਼ਰਤ 'ਤੇ ਉਸ ਨੇ ਦੱਸਿਆ ਕਿ ਜੇਲ੍ਹਾਂ ਵਿਚ ਅੱਧਿਓਂ ਵੱਧ ਕੈਦੀ ਤੇ ਹਵਾਲਾਤੀ ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦੇ ਆਦੀ ਹਨ। ਉਨ੍ਹਾਂ ਦੱਸਿਆ ਕਿ ਚੈੱਕਅੱਪ ਦੇ ਸਿਲਸਿਲੇ ਵਿਚ ਇੱਕ ਵਾਰ ਉਨ੍ਹਾਂ ਜਦੋਂ ਫਿਰੋਜ਼ਪੁਰ ਦੀ ਸੈਂਟਰਲ ਜੇਲ੍ਹ ਵਿਚ ਬੰਦ ਕੈਦੀ ਤੇ ਹਵਾਲਾਤੀਆਂ ਦਾ ਚੈੱਕਅਪ ਕੀਤਾ ਤਾਂ ਜ਼ਿਆਦਾਤਰ ਨੇ ਮੰਨਿਆ ਕਿ ਉਹ ਨਸ਼ੇ ਦੇ ਆਦੀ ਹਨ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲ ਦੇ ਕਈ ਡਾਕਟਰਾਂ ਦੀ ਡਿਊਟੀ ਸਮੇਂ-ਸਮੇਂ 'ਤੇ ਜੇਲ੍ਹ ਹਸਪਤਾਲ ਵਿਚ ਮਰੀਜ਼ਾਂ ਨੂੰ ਚੈੱਕਅੱਪ ਕਰਨ 'ਤੇ ਲੱਗਦੀ ਹੈ। ਇਹ ਲੋਕ ਆਪਣੇ ਨਸ਼ੇ ਦੀ ਪੂਰਤੀ ਲਈ ਕਈ ਹੱਥਕੰਡੇ ਅਪਣਾ ਕੇ ਜੇਲ੍ਹ ਵਿਚ ਨਸ਼ੀਲੇ ਪਦਾਰਥ ਲੈ ਕੇ ਆਉਂਦੇ ਨ, ਜਦ ਕਿ ਸਵਾਲ ਉੱਠਦਾ ਹੈ ਕਿ ਇਨ੍ਹਾਂ ਨੂੰ ਨਸ਼ਿਆਂ ਦੀ ਸਪਲਾਈ ਕੌਣ ਕਰਦਾ ਹੈ।



### ਜੇਲ੍ਹ ਅਧਿਕਾਰੀਆਂ ਨਾਲ ਕਰਾਂਗੇ ਗੱਲ : ਜ਼ਿਲ੍ਹਾ ਪੁਲੀਸ ਮੁਖੀ

ਇਸ ਸਬੰਧੀ ਪੁੱਛੇ ਜਾਣ 'ਤੇ ਜ਼ਿਲ੍ਹਾ ਪੁਲੀਸ ਮੁਖੀ ਪ੍ਰੀਤਮ ਸਿੰਘ ਨੇ ਦੱਸਿਆ ਕਿ ਸਰਕਾਰੀ ਡਾਕਟਰ ਸਮੇਂ-ਸਮੇਂ 'ਤੇ ਜੇਲ੍ਹ ਅੰਦਰ ਚੈੱਕਅੱਪ ਲਈ ਜਾਂਦੇ ਰਹਿੰਦੇ ਹਨ। ਇਸ ਸਬੰਧੀ ਉਹ ਛੇਤੀ ਹੀ ਜੇਲ੍ਹ ਸੁਪਰਡੈਂਟ ਨਾਲ ਗੱਲ ਕਰਨਗੇ।

### ਇੰਝ ਸਾਹਮਣੇ ਆਈ ਹਕੀਕਤ

ਸੈਂਟਰਲ ਜੇਲ੍ਹ ਫਿਰੋਜ਼ਪੁਰ ਦੇ ਹਸਪਤਾਲ ਵਿਚ ਚੈਕਅਪ ਲਈ ਗਈ ਉਕਤ ਡਾਕਟਰ ਨੇ ਦੱਸਿਆ ਕਿ ਇੱਕ ਕਤਾਰ ਵਿਚ ਲੱਗਪਗ 20 ਔਰਤਾਂ ਤੇ ਦੂਜੀ ਕਤਾਰ ਵਿਚ ਪੁਰਸ਼ ਕੈਦੀ ਹਵਾਲਾਤੀ ਲੱਗੇ ਸਨ। ਬਕੌਲ ਸਰਕਾਰੀ ਡਾਕਟਰ ਚੈੱਕਅੱਪ ਲਈ ਆਈਆਂ 20 ਵਿਚੋਂ 15 ਕੈਦੀ ਔਰਤਾਂ ਨੇ ਨਸ਼ੇ ਦੀ ਆਦੀ ਹੋਣ ਸਬੰਧੀ ਮੰਨਿਆ। ਜਦ ਉਨ੍ਹਾਂ ਕੋਲੋਂ ਪੁੱਛਿਆ ਗਿਆ ਤਾਂ ਜਵਾਬ ਮਿਲਿਆ ਕਿ ਉਹ ਜੇਲ੍ਹ ਵਿਚ ਆਉਣ ਤੋਂ ਪਹਿਲਾਂ ਹੀ ਨਸ਼ੇ 'ਤੇ ਲੱਗੀਆਂ ਹੋਈਆਂ ਸਨ।

### ਕੈਦੀਆਂ ਕੋਲੋਂ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਜਾਰੀ !

ਜੇਲ੍ਹ ਅੰਦਰੋਂ ਨਸ਼ੀਲੇ ਪਦਾਰਥ ਹੋਣ ਤੋਂ ਭਾਵੇਂ ਅਧਿਕਾਰੀ ਇਨਕਾਰ ਕਰਦੇ ਰਹਿੰਦੇ ਹਨ, ਪਰ ਸਮੇਂ-ਸਮੇਂ 'ਤੇ ਜੇਲ੍ਹ ਦੇ ਕੈਦੀਆਂ ਤੋਂ ਮਿਲਦੇ ਨਸ਼ੀਲੇ ਪਦਾਰਥਾਂ ਤੇ ਮੋਬਾਈਲ ਫੋਨਾਂ ਦੀਆਂ ਕਾਰਵਾਈਆਂ ਸਬੰਧੀ ਵੱਖ-ਵੱਖ ਥਾਣਿਆਂ ਦੇ ਐੱਫ. ਆਈ. ਆਰ. ਰਜਿਸਟਰ ਭਰੇ ਪਏ ਹਨ। ਇਸ ਤੋਂ ਵੱਧ ਸਰਕਾਰੀ ਸਬੂਤ ਹੋਰ ਕੋਈ ਨਹੀਂ ਹੋ ਸਕਦਾ। ਭਾਵੇਂ ਜੇਲ੍ਹਾਂ ਦੀ ਕਾਰਗੁਜ਼ਾਰੀ 'ਤੇ ਪਿਛਲੇ ਦਿਨੀਂ ਦੋਸ਼ ਲਗਾਉਣ ਵਾਲੇ ਅਮਰਿੰਦਰ ਸਿੰਘ ਛੀਨਾ ਤੇ ਗੁਰਨਾਮ ਸਿੰਘ ਨੇ ਇਹ ਵੀ ਖੁਲਾਸਾ ਕੀਤਾ ਸੀ ਕਿ ਕਥਿਤ ਤੌਰ 'ਤੇ ਕੁਝ ਅਧਿਕਾਰੀਆਂ ਵੱਲੋਂ ਫੜੇ ਜਾਂਦੇ ਨਸ਼ੇ ਨਹੀਂ ਫੜੇ ਜਾਂਦੇ, ਸਗੋਂ ਬਾਹਰੋਂ ਚੋਰੀ ਨਾਲ ਆਏ ਨਸ਼ੇ ਹੀ ਫੜੇ ਜਾਂਦੇ ਹਨ। ਪਰ ਮਾਮਲਾ ਇਹ ਹੈ ਕਿ ਜੇ ਕੋਈ ਅੰਦਰ ਪੀਂਦਾ ਹੈ ਤਾਂ ਮਿਲਦੇ ਕਿੱਥੋਂ ਹਨ?

ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਦੋ ਮਹੀਨੇ ਦੇ ਅੰਦਰ ਜੇਲ੍ਹ ਵਿਚੋਂ ਲੱਗਭੱਗ 13 ਤੋਂ ਵੱਧ ਕੈਦੀਆਂ ਤੇ ਹਵਾਲਾਤੀਆਂ ਕੋਲੋਂ ਨਸ਼ੀਲੇ ਪਦਾਰਥ ਫੜੇ ਜਾ ਚੁੱਕੇ ਹਨ। ਹਾਲੇ ਕੁੱਝ ਦਿਨ ਪਹਿਲਾਂ ਹੀ ਜੇਲ੍ਹ ਸੁਪਰਡੈਂਟ ਨੇ ਹਵਾਲਾਤੀ ਕੁਲਦੀਪ ਸਿੰਘ ਕੋਲੋਂ ਤਿੰਨ ਪੈਕਟ ਨਸ਼ੀਲੇ ਪਾਊਡਰ ਦੇ ਫੜੇ ਸਨ। ਇਸੇ ਤਰ੍ਹਾਂ ਕੈਦੀ ਨਾਨਕ ਸਿੰਘ ਕੋਲੋਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਕੈਦੀ ਪਰਮਿੰਦਰ ਸਿੰਘ ਕੋਲੋਂ ਤਲਾਸ਼ੀ ਦੌਰਾਨ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸ ਤਰ੍ਹਾਂ ਕਈ ਕੈਦੀ ਤੇ ਹਵਾਲਾਤੀ ਹੈਰੋਇਨ ਤੇ ਹੋਰ ਨਸ਼ੀਲੇ ਪਦਾਰਥਾਂ ਦੇ ਨਾਲ ਫੜੇ ਜਾ ਚੁੱਕੇ ਹਨ।

# ਸੁਰਜੀਤ ਕਿਵੇਂ ਬਣਿਆ ਕਰੋੜਪਤੀ

## *ਮਾਮਲਾ ਇੰਦਰਪ੍ਰੀਤ ਸਿੰਘ ਚੱਢਾ ਨੂੰ ਖ਼ੁਦਕੁਸ਼ੀ ਲਈ ਉਕਸਾਉਣ ਦਾ*

**ਅੰਮ੍ਰਿਤਸਰ/ਬਿਊਰੋ ਨਿਊਜ਼:** ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੇ ਆਪਣੇ ਵੱਡੇ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ ਦੀ ਖ਼ੁਦਕੁਸ਼ੀ ਦੇ ਕਾਰਨਾਂ ਵਿਚ ਮੁੱਖ ਤੌਰ 'ਤੇ ਸੁਰਜੀਤ ਸਿੰਘ, ਉਮਟ ਤੇ ਇੰਦਰਪ੍ਰੀਤ ਆਨੰਦ ਨੂੰ ਦੋਸ਼ੀ ਠਹਿਰਾਉਂਦਿਆਂ ਕਹਾ ਕਿ ਇਨ੍ਹਾਂ ਨੇ ਹੀ ਉਨ੍ਹਾਂ ਦੇ ਪੁੱਤਰ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਚੀਫ ਖਾਲਸਾ ਦੀਵਾਨ ਨੂੰ ਹਥਿਆਉਣ ਲਈ ਪੱਬਾਂ ਭਾਰ ਹੋਏ ਕੁਝ ਲੋਕ ਉਨ੍ਹਾਂ ਨੂੰ ਬਦਨਾਮ ਕਰਨ ਵਿਚ ਲੱਗੇ ਹੋਏ ਹਨ। ਸਭ ਤੋਂ ਪਹਿਲਾਂ ਇੰਦਰਪ੍ਰੀਤ ਸਿੰਘ ਆਨੰਦ ਨੇ ਉਨ੍ਹਾਂ ਦੇ ਪਰਿਵਾਰ 'ਤੇ ਕਰੋੜਾਂ ਰੁਪਏ ਦਾ ਲੈਣ-ਦੇਣ ਦਾ ਝੂਠਾ ਮਾਮਲਾ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਾਜ਼ਿਸ਼ ਵਿਚ ਕੁਝ ਲੋਕ ਹੋਰ ਵੀ ਸ਼ਾਮਲ ਸਨ।

"ਇਸ ਝੂਠੇ ਮਾਮਲੇ ਵਿਚ ਨਾਕਾਮਯਾਬ ਹੋਣ ਉਪਰੰਤ ਹੀ ਵੀਡੀਓ ਤਿਆਰ ਕਰਕੇ ਉਨ੍ਹਾਂ ਨੂੰ ਫਸਾਉਣ ਦੀ ਨੀਅਤ ਨਾਲ ਸਾਡੇ ਪਰਿਵਾਰ ਨੂੰ ਇਸ ਕੰਢੇ 'ਤੇ ਖੜ੍ਹਾ ਕਰ ਦਿੱਤਾ ਹੈ ਕਿ ਉਨ੍ਹਾਂ ਦਾ ਵੱਡਾ ਪੁੱਤਰ ਇੰਦਰਪ੍ਰੀਤ ਚੱਢਾ ਖ਼ੁਦਕੁਸ਼ੀ ਕਰ ਚੁੱਕਾ ਹੈ ਤੇ ਛੋਟੇ ਪੁੱਤਰ ਹਰਜੀਤ ਸਿੰਘ ਚੱਢਾ ਨੂੰ ਵੀ ਝੂਠ ਦੀ ਬੁਨਿਆਦ 'ਤੇ ਫਸਾ ਕੇ ਇੱਕ ਬਜ਼ੁਰਗ ਤੋਂ ਸਾਰੇ ਸਹਾਰੇ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।"

ਉਨ੍ਹਾਂ ਕਿਹਾ ਕਿ ਚੀਫ ਖਾਲਸਾ ਨੂੰ ਹਥਿਆਉਣ ਖਾਤਰ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੇ ਪਰਿਵਾਰ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ, ਉਨ੍ਹਾਂ ਲੋਕਾਂ ਖ਼ਿਲਾਫ਼ ਉਹ ਕਾਨੂੰਨੀ ਕਾਰਵਾਈ ਦਾ ਸਹਾਰਾ ਲੈਂਦੇ ਹੋਏ ਪਰਮਾਤਮਾ ਨੂੰ ਵੀ ਇਹੀ ਅਰਦਾਸ ਕਰਨਗੇ ਕਿ ਉਨ੍ਹਾਂ ਨੂੰ ਸਖ਼ਤ ਸਜ਼ਾ ਮਿਲੇ। ਚਰਨਜੀਤ ਸਿੰਘ ਚੱਢਾ ਨੇ ਕਿਹਾ ਕਿ ਜੰਮੂ ਤੋਂ ਆਇਆ ਹੋਇਆ ਸੁਰਜੀਤ ਸਿੰਘ, ਜੋ ਕਿ ਇੱਕ ਦਹਾਕਾ ਪਹਿਲਾਂ ਉਨ੍ਹਾਂ ਕੋਲ 8 ਹਜ਼ਾਰ ਰੁਪਏ ਮਹੀਨੇ ਦੀ ਨੌਕਰੀ ਕਰਦਾ ਸੀ, ਉਹ ਅੱਜ ਬਹੁਕਰੋੜੀ ਜਾਇਦਾਦਾਂ ਦਾ ਮਾਲਕ ਕਿਸ ਤਰ੍ਹਾਂ ਬਣ ਗਿਆ। ਸੁਰਜੀਤ ਸਿੰਘ ਭਰੋਸੇ ਨੂੰ ਤੋੜਨ ਵਾਲਾ ਹੈ ਤੇ ਗਲਤ ਢੰਗ ਅਪਨਾ ਕੇ ਜਾਇਦਾਦਾਂ ਨੂੰ ਹਥਿਆਉਂਦਾ। ਉਨ੍ਹਾਂ ਕਿਹਾ ਕਿ ਇਸ ਸਾਲ 2 ਜਨਵਰੀ ਨੂੰ ਉਨ੍ਹਾਂ ਦੇ ਮਰਹੂਮ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ ਨਾਲ ਹੋਟਲ ਹੰਬਲ ਊਨਾ ਵਿਚ ਸੁਰਜੀਤ ਸਿੰਘ ਤੇ ਉਮਟ ਵੱਲੋਂ ਵਾਇਰਲ ਹੋਈ ਵੀਡੀਓ ਤੋਂ ਬਾਅਦ ਇੰਦਰਪ੍ਰੀਤ ਚੱਢਾ ਨੂੰ ਵੀ ਦੋਸ਼ੀ ਠਹਿਰਾਇਆ ਗਿਆ ਸੀ। ਜਦ ਕਿ ਇੰਦਰਪ੍ਰੀਤ ਦੀ ਵਾਇਰਲ ਵੀਡੀਓ ਵਿਚ ਕੋਈ ਭੂਮਿਕਾ ਨਹੀਂ ਸੀ। ਸੁਰਜੀਤ ਸਿੰਘ ਤੇ ਉਮਟ ਨੇ ਇੰਦਰਪ੍ਰੀਤ ਨੂੰ ਸੁਸਾਈਡ ਕਰਨ ਲਈ ਮਜਬੂਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਨੂੰ ਉਨ੍ਹਾਂ ਆਪਣੇ ਪਰਿਵਾਰ ਦਾ ਹਿੱਸਾ ਬਣਾ ਕੇ ਨਾਲ ਰੱਖਿਆ ਤੇ ਚੀਫ ਖਾਲਸਾ ਦੀਵਾਨ ਦੇ ਮੈਂਬਰ ਵੀ ਬਣਾਇਆ, ਉਹ ਲੋਕ ਉਨ੍ਹਾਂ ਦੇ ਪੁੱਤਰ ਦੀ ਮੌਤ ਦਾ ਕਾਰਨ ਬਣੇ। ਉਨ੍ਹਾਂ ਕਿਹਾ ਕਿ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਵੱਲੋਂ ਇਸ ਕੇਸ ਨੂੰ ਖੰਗਾਲਦੇ ਹੋਏ 9 ਵਿਅਕਤੀਆਂ ਨੂੰ ਦੋਸ਼ੀਆਂ ਦੇ ਤੌਰ 'ਤੇ ਸ਼ਾਮਲ ਕੀਤਾ, ਜਿਨ੍ਹਾਂ ਵਿਚ ਉਪਰੋਕਤ ਵੀ ਮੌਜੂਦ ਹਨ। ਦੂਜੇ ਪਾਸੇ 8 ਮੁਲਜ਼ਮਾਂ ਨੂੰ ਪੁਲੀਸ ਨੇ ਦੋ ਦਿਨ ਦੇ ਰਿਮਾਂਡ 'ਤੇ ਲੈ ਕੇ ਹੋਰ ਸਬੂਤ ਖੰਗਾਲਣ ਦਾ ਭਰੋਸਾ ਅਦਾਲਤ ਨੂੰ ਦਿੱਤਾ ਹੈ ਜਿਸ ਕਾਰਨ ਕੇਸ ਵਿਚ ਨਵਾਂ ਮੋੜ ਆਉਣ ਦੀ ਵੀ ਆਸ ਹੈ।

### ਮਾਮਲੇ 'ਚ ਕੀਤੀ ਗਈ ਪੁੱਛ-ਪੜਤਾਲ

ਇੰਦਰਪ੍ਰੀਤ ਚੱਢਾ ਖ਼ੁਦਕੁਸ਼ੀ ਮਾਮਲੇ ਵਿਚ ਅੱਠ ਦੋਸ਼ੀਆਂ ਕੋਲੋਂ ਬੀਤੇ ਦਿਨੀਂ ਸਵੇਰੇ 11 ਵਜੇ ਤੋਂ ਲੈ ਕੇ ਰਾਤ 9 ਵਜੇ ਤਕ ਪੁੱਛਗਿੱਛ ਕੀਤੀ ਗਈ। ਐੱਸ.ਆਈ.ਟੀ. ਦੇ ਚੇਅਰਮੈਨ ਆਪ ਇਸ ਜਾਂਚ ਦੀ ਅਗਵਾਈ ਕਰ ਰਹੇ ਹਨ। ਪਤਾ ਲੱਗਾ ਹੈ ਕਿ ਚੇਅਰਮੈਨ ਦੇ ਹੁਕਮ 'ਤੇ ਅੰਮ੍ਰਿਤਸਰ ਕੁਝ ਬੈਂਕਾਂ ਦੇ ਉੱਚ ਅਧਿਕਾਰੀਆਂ ਨੂੰ ਵੀ ਤਲਬ ਕੀਤਾ ਗਿਆ ਹੈ। ਦੋਸ਼ ਹੈ ਕਿ ਇਨ੍ਹਾਂ ਬੈਂਕਾਂ ਰਾਹੀਂ ਹੀ ਹਰਜੀਤ ਚੱਢਾ ਨੇ ਪਰਿਵਾਰ ਦੀ ਜਾਇਦਾਦ 'ਤੇ ਭਾਰੀ ਕਰਜ਼ਾ ਲਿਆ ਸੀ। ਦੱਸਿਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਦਿੱਲੀ ਬੈਠੇ ਕੁਝ ਵੱਡੇ ਅਫਸਰਾਂ ਨੂੰ ਵੀ ਤਲਬ ਕੀਤਾ ਜਾ ਸਕਦਾ ਹੈ। ਪੁਲੀਸ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਪ੍ਰਿੰਸੀਪਲ ਰਵਿੰਦਰ ਕੌਰ ਬਮਰਾਹ ਤੇ ਪ੍ਰਵਾਸੀ ਔਰਤ ਕੁਲਜੀਤ ਕੌਰ ਨੂੰ ਹਵਾਲਾਤ ਵਿਚ ਰੱਖਿਆ ਗਿਆ। ਜਦ ਕਿ ਦੋਸ਼ੀ ਹਰਜੀਤ ਸਿੰਘ ਚੱਢਾ, ਵਰੁਣਦੀਪ ਸਿੰਘ ਬਮਰਾਹ ਸੁਰਜੀਤ ਸਿੰਘ, ਸੀਏ ਵਿਜੇ ਉਮਟ, ਦਵਿੰਦਰ ਸੰਧੂ, ਇੰਦਰਪ੍ਰੀਤ ਸਿੰਘ ਆਨੰਦ ਨੂੰ ਮਕਬੂਲਪੁਰ ਥਾਣੇ ਦੀ ਹਵਾਲਾਤ ਵਿਚ ਰੱਖਿਆ ਗਿਆ। ਇਹ ਵੀ ਪਤਾ ਲੱਗਾ ਹੈ ਕਿ ਪੁੱਛਗਿੱਛ ਦੌਰਾਨ ਸਭ ਤੋਂ ਵੱਧ ਸਵਾਲ ਦੋਵਾਂ ਔਰਤਾਂ ਕੋਲੋਂ ਪੁੱਛੇ ਗਏ। ਜ਼ਿਕਰਯੋਗ ਹੈ ਕਿ 3 ਜਨਵਰੀ 2018 ਨੂੰ ਇੰਦਰਪ੍ਰੀਤ ਸਿੰਘ ਚੱਢਾ ਨੇ ਆਪਣੀ ਕਾਰ ਵਿਚ ਏਅਰਪੋਰਟ ਰੋਡ 'ਤੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ।

# ਔਰਤਾਂ ਦੇ ਹੱਕਾਂ ਲਈ ਮੈਦਾਨ 'ਚ ਨਿੱਤਰੀ ਸੀਚੇਵਾਲ ਦੀ ਸਰਪੰਚ ਰਜਵੰਤ ਕੌਰ

**ਜਲੰਧਰ/ਬਿਊਰੋ ਨਿਊਜ਼:** ਪਿੰਡ ਸੀਚੇਵਾਲ ਦੀ ਸਰਪੰਚ ਰਜਵੰਤ ਕੌਰ ਨੇ ਔਰਤਾਂ ਦੇ ਹੱਕਾਂ ਦੀ ਰਾਖੀ ਨੂੰ ਇੱਕ ਚੁਣੌਤੀ ਵਜੋਂ ਲਿਆ ਹੈ। ਉਹ ਜਿਸ ਪਿੰਡ ਦੀ ਵਾਗਡੋਰ ਸੰਭਾਲ ਰਹੀ ਹੈ, ਉਸ ਪਿੰਡ ਦਾ ਨਾ ਪਹਿਲਾਂ ਹੀ ਦੁਨੀਆ ਦੇ ਨਕਸ਼ੇ ਵਿੱਚ ਕਾਇਮ ਹੋ ਚੁੱਕਾ ਸੀ। ਪਿੰਡ ਦੇ 10 ਸਾਲ ਸਰਪੰਚ ਰਹੇ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਬਾਅਦ ਸਰਪੰਚ ਬਣੀ ਰਜਵੰਤ ਕੌਰ ਦਾ ਕਹਿਣਾ ਸੀ ਕਿ 10 ਸਾਲਾਂ ਵਿੱਚ ਕੀਤੇ ਕੰਮਾਂ ਨੂੰ ਕਾਇਮ ਰੱਖਣਾ ਹੀ ਵੱਡੀ ਗੱਲ ਸੀ। ਉਨ੍ਹਾਂ ਦੇ ਸਰਪੰਚ ਬਣਨ ਨਾਲ ਸਮਾਜਿਕ ਕੰਮਾਂ ਵਿੱਚ ਔਰਤਾਂ ਦੀ ਸ਼ਮੂਲੀਅਤ ਵਧੀ ਹੈ। ਲੜਕੀਆਂ ਦਾ ਯੂਥ ਕਲੱਬ ਬਣਾਇਆ ਹੈ। ਉਹ ਐਮ.ਏ, ਬੀ.ਐੱਡ. ਕਰਕੇ ਸੰਤ ਅਵਤਾਰ ਸਿੰਘ ਯਾਦਗਾਰੀ ਕਾਲਜ ਵਿੱਚ ਪੜ੍ਹਾ ਵੀ ਰਹੀ ਹੈ ਤੇ ਸਰਪੰਚ ਵਜੋਂ ਸੇਵਾਵਾਂ ਵੀ ਨਿਭਾਅ ਰਹੀ ਹੈ। ਰਜਵੰਤ ਕੌਰ ਦੱਸਦੀ ਹੈ ਕਿ ਜਦੋਂ ਉਹ ਸਰਪੰਚ ਬਣੀ ਸੀ, ਉਦੋਂ ਉਸ ਦੀ ਉਮਰ 23 ਸਾਲ ਸੀ। ਪਿੰਡ ਵਿੱਚ ਪੀਣ ਵਾਲੇ ਪਾਣੀ ਦਾ ਵਧੀਆ ਪ੍ਰਬੰਧ ਕਰਕੇ ਦੇਣਾ ਉਸ ਦੇ ਹਿੱਸੇ ਆਇਆ ਸੀ। ਹੁਣ ਪਿੰਡ ਵਿੱਚ 24 ਘੰਟੇ ਪਾਣੀ ਦੀ ਸਪਲਾਈ ਹੈ। ਹਰ ਘਰ ਪਾਣੀ ਦੀ ਖ਼ਪਤ ਮਾਪਣ ਵਾਲਾ ਮੀਟਰ ਲੱਗਾ ਹੈ ਤੇ ਹਰ ਘਰ ਤੋਂ ਬਿੱਲ ਵਸੂਲਿਆ ਜਾਂਦਾ ਹੈ। ਇਸੇ ਕਰਕੇ ਪੰਜਾਬ ਸਰਕਾਰ ਨੇ ਪੰਚਾਇਤ ਨੂੰ ਇਨਾਮ ਵਿੱਚ ਜਨਰੇਟਰ ਦਿੱਤਾ ਸੀ। ਮਨਰੇਗਾ ਰਾਹੀਂ ਬਣਾਈ ਨਰਸਰੀ ਹਰ ਸਾਲ ਇਕ ਲੱਖ ਬੂਟੇ ਤਿਆਰ ਕਰਕੇ ਮੁਫ਼ਤ ਵੰਡਦੀ ਹੈ। ਤਿੰਨ ਸਾਲਾਂ ਤੋਂ ਪੰਚਾਇਤ ਮਨਰੇਗਾ ਰਾਹੀਂ ਨਰਸਰੀ ਚਲਾ ਰਹੀ ਹੈ।



ਇਸੇ ਤਰ੍ਹਾਂ ਮਨਜੀਤ ਕੌਰ ਨੇ ਪੁੱਤ ਦੀ ਪੜ੍ਹਾਈ ਅਤੇ ਘਰ ਦਾ ਖ਼ਰਚਾ ਚੁੱਕਣ ਲਈ ਐਂਬੂਲੈਂਸ ਚਲਾਉਣ ਦਾ ਬੀੜਾ ਚੁੱਕਿਆ ਹੋਇਆ ਹੈ। ਸਿਵਲ ਹਸਪਤਾਲ ਲਈ ਮਰੀਜ਼ਾਂ ਨੂੰ ਲੈ ਕੇ ਆਉਣਾ ਹੀ ਕਈ ਵਾਰ ਉਸ ਲਈ ਮੁਸੀਬਤ ਬਣਦਾ ਰਿਹਾ ਜਦੋਂ ਉਸ 'ਤੇ ਜਾਨਲੇਵਾ ਹਮਲਾ ਹੁੰਦਾ ਸੀ। ਅਜਿਹੇ ਹਾਲਾਤ ਵਿੱਚ ਵੀ ਮਨਜੀਤ ਕੌਰ ਨੇ ਹਿੰਮਤ ਨਹੀਂ ਹਾਰੀ। ਪਿਛਲੇ 7-8 ਸਾਲਾਂ ਤੋਂ ਉਹ ਐਂਬੂਲੈਂਸ ਚਲਾਉਣ ਵਾਲੀ ਪਹਿਲੀ ਮਹਿਲਾ ਡਰਾਈਵਰ ਹੈ। ਆਪਣੇ ਪੁੱਤ ਦੀ ਚੰਗੀ ਪੜ੍ਹਾਈ ਖ਼ਾਤਰ ਉਸ ਨੇ ਸ਼ਹਿਰ ਵਿੱਚ ਹੀ ਇੱਕ ਹੋਰ ਨਿੱਜੀ ਹਸਪਤਾਲ ਨਾਲ ਮਿਲ ਕੇ ਕੰਮ ਕਰਨਾ ਸ਼ੁਰੂ ਕੀਤਾ। ਇਸੇ ਤਰ੍ਹਾਂ ਬਾਂਗੀਵਾਲ ਪਿੰਡ ਦੀ ਮਹਿਲਾ ਚੌਕੀਦਾਰ ਕੁਲਦੀਪ ਕੌਰ ਰਾਤ ਨੂੰ ਹੱਥ ਵਿੱਚ ਖੂੰਡਾ ਫੜ ਕੇ ਜਦੋਂ 'ਜਾਗਦੇ ਰਹੋ' ਦਾ ਹੋਕਾ ਦਿੰਦੀ ਹੈ ਤਾਂ ਸਾਰਾ ਪਿੰਡ ਚੈਨ ਦੀ ਨੀਂਦ ਸੌਂਦਾ ਹੈ। ਉਮਰ ਦੇ 60 ਬਸੰਤ ਦੇਖ ਚੁੱਕੀ ਕੁਲਦੀਪ ਕੌਰ ਦੀ ਬੜ੍ਹਕ ਅਜੇ ਵੀ ਬਰਕਰਾਰ ਹੈ। ਛੇ ਧੀਆਂ ਦੀ ਮਾਂ ਕੁਲਦੀਪ ਕੌਰ ਦਾ ਪੁੱਤ ਅਜੇ ਛੋਟਾ ਹੈ। ਉਹ ਪਿਛਲੇ 10 ਸਾਲਾਂ ਤੋਂ ਪਿੰਡ 'ਚ ਚੌਕੀਦਾਰੀ ਕਰ ਰਹੀ ਹੈ। ਸਰਕਾਰ ਵੱਲੋਂ ਕੋਈ ਬੱਝਵੀਂ ਤਨਖ਼ਾਹ ਨਹੀਂ ਮਿਲਦੀ ਤੇ ਮਾੜਾ ਮੋਟਾ ਮਾਣ ਭੱਤਾ ਵੀ ਤਿੰਨ-ਚਾਰ ਮਹੀਨਿਆਂ ਬਾਅਦ ਹੀ ਮਿਲਦਾ ਹੈ। ਗ਼ਰੀਬੀ ਹੰਢਾ ਰਹੀ ਕੁਲਦੀਪ ਕੌਰ ਕਹਿੰਦੀ ਹੈ ਭਾਵੇਂ ਕਾਲੀਆਂ ਰਾਤਾਂ ਡਰਾਉਣੀ ਹੁੰਦੀਆਂ ਹਨ, ਪਰ ਢਿੱਡ ਦੀ ਭੁੱਖ ਅੱਗੇ ਇਹ ਡਰ ਵੀ ਖੰਭ ਲਾ ਕੇ ਉਡ ਜਾਂਦਾ ਹੈ। ਕੁਲਦੀਪ ਕੌਰ ਦਾ ਕਹਿਣਾ ਸੀ ਕਿ ਸਰਕਾਰ ਪਹਿਲਾਂ ਤਾਂ ਚੌਕੀਦਾਰਾਂ ਨੂੰ ਕੋਈ ਸਹੂਲਤਾਂ ਨਹੀਂ ਦਿੰਦੀ। ਉਸ ਨੇ ਕਿਹਾ ਕਿ ਇੱਕ ਔਰਤ ਲਈ ਚੌਕੀਦਾਰੀ ਕਰਨੀ ਵੱਡੀ ਚੁਣੌਤੀ ਹੈ।



# ਸੀਰੀਆ ਦੀ ਜੰਗ ਨੇ ਲਈ ਅਣਗਿਣਤ ਮਾਸੂਮਾਂ ਦੀ ਬਲੀ

- **ਸੀਰੀਆ ਤੇ ਰੂਸ ਦੀ ਫੌਜ ਨੇ ਮਿਲ ਕੇ ਸੀਰੀਆ ਵਿਚ ਲਗਾਤਾਰ ਦੋ ਦਿਨਾਂ ਦੌਰਾਨ 250 ਹਵਾਈ ਹਮਲੇ ਕੀਤੇ**
- **ਖਾਲਸਾ ਏਡ ਭਾਈ ਘਨਈਆ ਦਾ ਰੂਪ ਧਾਰ ਕੇ ਮਨੁੱਖਤਾ ਦੀ ਮਦਦ ਦੇ ਲਈ ਬਹੁੜਿਆ**



ਸੀਰੀਆ ਵਿਚ ਬੰਬ ਧਮਾਕਿਆਂ ਦੇ ਸ਼ਿਕਾਰ ਬੱਚੇ

**ਦਮੱਸ਼ਕ/ਬਿਊਰੋ ਨਿਊਜ਼:** ਇੱਥੇ ਮਨੁੱਖੀ ਅਧਿਕਾਰਾਂ 'ਤੇ ਨਜ਼ਰ ਰੱਖਣ ਵਾਲੀ ਇੱਕ ਸੰਸਥਾ ਮੁਤਾਬਕ ਬੀਤੇ ਦਿਨੀਂ ਹੋਏ ਹਵਾਈ ਹਮਲੇ ਵਿੱਚ ਘੱਟੋ ਘੱਟ 77 ਆਮ ਲੋਕ ਮਾਰੇ ਗਏ। ਮਰਨ ਵਾਲਿਆਂ ਵਿੱਚ 20 ਬੱਚੇ ਵੀ ਸ਼ਾਮਿਲ ਸਨ। ਕਈ ਬੱਚਿਆਂ ਦੀਆ ਤਸਵੀਰਾਂ ਮਸ਼ਹੂਰ ਹਸਤੀਆਂ ਨੇ ਸੋਸ਼ਲ ਮੀਡੀਆ 'ਤੇ ਆਪਣੇ ਪ੍ਰਸ਼ੰਸਕਾਂ ਨਾਲ ਵੀ ਸਾਂਝੀਆਂ ਕੀਤੀਆਂ ਨਾਲ ਹੀ ਲਿਖਿਆ "ਸੀਰੀਆ ਲਈ ਅਰਦਾਸਾਂ ਕਰੋ" ਛੋਟੇ ਬੱਚਿਆਂ ਦੀਆ ਤਸਵੀਰਾਂ ਨੂੰ ਦੇਖ ਕਿ ਦਿਲ ਪੂਰੀ ਤਰ੍ਹਾਂ ਝੰਜੋੜਿਆ ਜਾਂਦਾ ਹੈ। ਪਿਛਲੇ ਕੁਝ ਦਿਨਾਂ ਦੌਰਾਨ ਤਾਬੜਤੋੜ ਬੰਬਾਰੀ ਦੇ ਇੱਕ ਦਿਨ ਬਾਅਦ ਰੂਸ ਤੇ ਅਮਰੀਕਾ ਇਕ ਵਾਰ ਫਿਰ ਆਹਮੋ-ਸਾਹਮਣੇ ਆ ਗਏ ਹਨ। ਸੀਰੀਆ ਤੇ ਰੂਸ ਦੀ ਫੌਜ ਨੇ ਮਿਲ ਕੇ ਸੀਰੀਆ ਵਿਚ ਲਗਾਤਾਰ ਦੋ ਦਿਨਾਂ ਦੌਰਾਨ 250 ਹਵਾਈ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ ਵਿਚ ਮਾਰੇ ਗਏ ਲੋਕਾਂ ਵਿਚ ਜਿਆਦਾਤਰ ਆਮ ਨਾਗਰਿਕ ਸ਼ਾਮਲ ਹਨ। ਇਸ ਮੁੱਦੇ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਸੱਦੀ ਗਈ ਹੰਗਾਮੀ ਮੀਟਿੰਗ ਵਿਚ ਅਮਰੀਕਾ ਨੇ ਇਨ੍ਹਾਂ ਹਵਾਈ ਹਮਲਿਆਂ ਨੂੰ ਜ਼ਾਲਮਾਨਾ ਕਾਰਵਾਈ ਦੱਸਿਆ ਹੈ। ਇਨ੍ਹਾਂ ਹਮਲਿਆਂ ਦੌਰਾਨ ਅਜੇ ਤੱਕ ਜਾਨ-ਮਾਲ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ, ਦਵਾਈ, ਖਾਣਾ 'ਤੇ ਹੋਰ ਜਰੂਰਤ ਦੀਆ ਚੀਜ਼ਾਂ ਮਿਲਣੀਆਂ ਮੁਸ਼ਕਲ ਹੋ ਚੁਕੀਆਂ ਹਨ, ਨਾਲ ਹੀ ਵੱਡੀ ਗਿਣਤੀ ਦੇ ਵਿੱਚ ਬੱਚੇ ਲਾਵਾਰਿਸ ਵੀ ਹੋ ਚੁੱਕੇ ਹਨ।

### ਖਾਲਸਾ ਏਡ ਨਾਲ ਜੁੜੀ ਹਿਮਾਂਸ਼ੀ ਖੁਰਾਣਾ ਬੰਗਲਾਦੇਸ਼ ਵਿਚ ਲੋਕਾਂ ਦੀ ਮਦਦ ਲਈ ਪੁੱਜੀ

ਤੁਹਾਨੂੰ ਦੱਸ ਦੇਈਏ ਕਿ ਹਿਮਾਨਸ਼ੀ ਖੁਰਾਨਾ ਦਾ ਨਾਂ ਉਨ੍ਹਾਂ ਮਸ਼ਹੂਰ ਪੰਜਾਬੀ ਸਿਤਾਰਿਆਂ ਦੀ ਲਿਸਟ ਵਿਚ ਸ਼ਾਮਲ ਹੈ, ਜੋ ਆਏ ਦਿਨੀਂ ਔਰਤਾਂ ਖਿਲਾਫ ਹੋ ਰਹੇ ਅਨਿਆ ਬਾਰੇ ਖੁੱਲ੍ਹ ਕੇ ਬੋਲਦੀ ਹੈ। ਹਾਲ ਹੀ ਵਿਚ ਖਬਰ ਸਾਹਮਣੇ ਆਈ ਹੈ ਕਿ ਮਸ਼ਹੂਰ ਮਾਡਲ ਹਿਮਾਂਸ਼ੀ ਖੁਰਾਣਾ ਖਾਲਸਾ ਏਡ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਮੁਹਿੰਮ ਨਾਲ ਜੁੜੀ ਹੈ। ਬੰਗਲਾਦੇਸ਼ ਵਿਚ ਖਾਲਸਾ ਏਡ ਨੇ ਗੋਦ ਲਏ 1000 ਪਰਿਵਾਰ ਲਈ ਪੋਸ਼ਣਯੁਕਤ ਭੋਜਨ ਲੈ ਕੇ ਹਿਮਾਂਸ਼ੀ ਖੁਰਾਣਾ ਆਪਣੀ ਪੂਰੀ ਟੀਮ ਨਾਲ ਪੁੱਜੀ।ਇਸ ਦੌਰਾਨ ਹਿਮਾਂਸੀ ਖੁਰਾਣਾ ਨੇ ਇਸ ਕੰਮ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵਧੀਆ ਅਨੁਭਵ ਦੱਸਿਆ।

## ਯੁੱਧਬੰਦੀ ਦੇ ਬਾਵਜੂਦ ਬੰਬ-ਬਾਰੀ

ਸੀਰੀਆ ਵਿਚ ਵਿਦਰੋਹੀਆਂ ਦੇ ਕਬਜੇ ਵਾਲੇ ਪੂਰਵੀ ਘੌਤਾ ਵਿੱਚ ਰੂਸ ਦੁਆਰਾ ਪੰਜ ਘੰਟਿਆਂ ਦੇ ਯੁੱਧਬੰਦੀ ਦੇ ਬਾਵਜੂਦ ਬੰਬ-ਬਾਰੀ ਰੁਕਣ ਦਾ ਨਾਮ ਨਹੀਂ ਲੈ ਰਹੀ ਹੈ। ਯੁੱਧਬੰਦੀ ਦੇ ਪਹਿਲੇ ਹੀ ਦਿਨ ਦੇ ਦੌਰਾਨ ਘੱਟ ਤੋਂ ਘੱਟ 7 ਨਾਗਰਿਕ ਮਾਰੇ ਗਏ। ਮਨੁੱਖੀ ਅਧਿਕਾਰਾਂ ਦੇ ਮਾਮਲਿਆਂ 'ਤੇ ਨਜ਼ਰ ਰੱਖਣ ਵਾਲੇ ਸੰਯੁਕਤ ਰਾਸ਼ਟਰ ਦਫ਼ਤਰ ਨੇ ਕਿਹਾ ਕਿ ਰੂਸ ਦੇ ਦੁਆਰਾ ਪੰਜ ਘੰਟਿਆਂ ਦੇ ਯੁੱਧਬੰਦੀ ਦੇ ਐਲਾਨ ਤੋਂ ਬਾਅਦ ਵੀ ਬੰਬ-ਬਾਰੀ ਜਾਰੀ ਹੈ। ਦੱਸ ਦਈਏ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਸਮੱਝੌਤਾ 2401 ਦੇ ਪ੍ਰਭਾਵ ਵਿੱਚ ਆਉਣ ਦੇ ਕੁੱਝ ਦਿਨਾਂ ਬਾਅਦ ਹੀ ਸੀਰਿਆ ਵਿੱਚ ਇਹ ਮਨੁੱਖੀ ਅਧਿਕਾਰ ਸੰਧੀ ਲਾਗੂ ਹੋਈ ਹੈ। ਸਮੱਝੌਤੇ ਦੇ ਅਨੁਸਾਰ ਸੀਰੀਆ ਵਿੱਚ ਸਾਰੀਆਂ ਪਾਰਟੀਆਂ ਨੂੰ ਤੱਤਕਾਲ ਦੇ ਵਿਚ ਹੀ ਲੜਾਈ ਬੰਦ ਕਰ ਕੇ ਘੱਟ ਤੋਂ ਘੱਟ 30 ਦਿਨਾਂ ਤੱਕ ਯੁੱਧਬੰਦੀ ਲਾਗੂ ਕਰਨੀ ਹੋਵੇਗੀ। ਸੁਰੱਖਿਆ ਪਰਿਸ਼ਦ ਦੇ ਸਾਰੇ 15 ਮੈਂਬਰਾਂ ਨੇ ਪ੍ਰਭਾਵਿਤ ਇਲਾਕਿਆਂ ਵਿੱਚ ਸਹਾਇਤਾ ਪਹੁੰਚਾਉਣ ਲਈ ਵੋਟ ਪਾਇਆ। ਮਨੁੱਖੀ ਗਲਿਆਰਾ ਸੀਰੀਆ ਦੀ ਰਾਜਧਾਨੀ ਦਮਿਸ਼ਕ ਅਤੇ ਪੂਰਵੀ ਘੌਤੇ ਦੇ ਵਿੱਚ ਵਾਫਿਦੀਨ ਕਰਾਸਿੰਗ ਉੱਤੇ ਨਿਰਧਾਰਤ ਹੋਇਆ ਹੈ। ਦੱਸ ਦੇਈਏ ਕਿ ਸੰਯੁਕਤ ਰਾਸ਼ਟਰ ਦੇ ਮਹਾਸਚਿਵ ਅਨਟੋਨੀਓ ਗੁਟੇਰੇਸ਼ ਨੇ ਕਿਹਾ ਸੀ ਕਿ ਪੂਰਵੀ ਘੌਤਾ ਵਿੱਚ ਨਰਕ ਜਿਹੇ ਹਾਲਾਤ ਹੋ ਗਏ ਹਨ। ਰਾਜ ਸਰਕਾਰ ਦੁਆਰਾ ਸੰਚਾਲਿਤ ਅਲ ਏਖਬਰਿਆ ਟੀਵੀ ਨੇ ਕਿਹਾ ਕਿ ਮੰਗਲਵਾਰ ਦੀ ਸਵੇਰੇ ਨਾਗਰਿਕਾਂ ਨੂੰ ਜਾਣ ਤੋਂ ਰੋਕਣ ਲਈ ਵਿਦਰੋਹੀਆਂ ਨੇ ਕਰਾਸਿੰਗ ਦੇ ਨਜ਼ਦੀਕ ਇੱਕ ਸਥਾਨ ਉੱਤੇ ਗੋਲੀਬਾਰੀ ਕੀਤੀ। ਦੱਸ ਦੇਈਏ ਕਿ ਸੀਰੀਆ ਵਿੱਚ ਜਾਰੀ ਬੰਬ-ਬਾਰੀ ਨਾਲ 18 ਫਰਵਰੀ ਤੋਂ ਬਾਅਦ 510 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੈ। ਪਿਛਲੇ ਦੋ ਦਿਨਾਂ ਵਿੱਚ ਬੰਬ-ਬਾਰੀ ਨਾਲ ਮਾਰੇ ਜਾਣ ਤੋਂ ਬਾਅਦ ਮੰਗਲਵਾਰ ਨੂੰ ਪੰਜ ਬੱਚਿਆਂ ਸਹਿਤ 14 ਲੋਕਾਂ ਨੂੰ ਮਲਬੇ ਵਿਚੋਂ ਕੱਢਿਆ ਗਿਆ ਸੀ। ਪੂਰਵੀ ਘੌਤਾ ਸਥਿਤ ਹਸਪਤਾਲ ਦੇ ਨਿਦੇਸ਼ਕ ਅਤੇ ਬਾਲ ਰੋਗ ਮਾਹਿਰ ਅਮਾਨੀ ਬਲੌਰ ਨੇ ਕਿਹਾ, ਇਹ ਘੌਤਾ ਵਿੱਚ ਸਾਡੀ ਜਿੰਦਗੀ ਦੇ ਸਭ ਤੋਂ ਬੁਰੇ ਦਿਨ ਹਨ। ਘੌਤਾ ਵਿੱਚ ਸਾਡੇ 'ਤੇ ਪਿਛਲੇ ਪੰਜ ਸਾਲਾਂ ਤੋਂ ਹਵਾਈ ਹਮਲੇ ਕੀਤੇ ਜਾ ਰਹੇ ਹਨ ਅਤੇ ਇਹ ਸਾਡੇ ਲਈ ਕੋਈ ਨਵੀਂ ਗੱਲ ਨਹੀਂ ਹੈ। ਪਰ ਅਸੀਂ ਇਸ ਤੋਂ ਬੁਰੇ ਹਾਲਾਤ ਕਦੇਂ ਨਹੀਂ ਵੇਖੇ। ਡਾਕਟਰਾਂ ਨੇ ਕਿਹਾ ਕਿ ਉਹ ਜਖ਼ਮੀਆਂ ਦੇ ਇਲਾਜ ਲਈ ਰਾਤ ਦਿਨ ਕੰਮ ਕਰ ਰਹੇ ਹਨ।

### ਸੇਵਾ ਵਿਚ ਜੁਟਿਆ "ਖਾਲਸਾ ਏਡ"

ਖਾਲਸਾ ਏਡ ਖ਼ੂਨ-ਖ਼ਰਾਬੇ ਦੇ ਵਿਚਕਾਰ, ਸੀਰੀਆ ਵਿਚ ਮਨੁੱਖਤਾ ਅਤੇ ਹਮਦਰਦੀ ਦਿਖਾਉਦਾ ਹੋਇਆ ਉੱਥੇ ਜਾ ਪਹੁੰਚਿਆ ਹੈ। ਖਾਲਸਾ ਏਡ ਸੀਰੀਆ ਦੇ ਵਿੱਚ ਪੂਰੀ ਲਗਨ ਦੇ ਨਾਲ ਲੋਕਾਂ ਦੀ ਭਲਾਈ ਦੇ ਲਈ ਮੁਫਤ ਭੋਜਨ ਤੋਂ ਲੈ ਕੇ ਸਿਹਤ ਸੇਵਾਵਾਂ ਦੀਆਂ ਸੇਵਾ ਪ੍ਰਦਾਨ ਕਰ ਰਿਹਾ ਹੈ।

ਸੀਰੀਆ ਦੇ ਵਿੱਚ ਖਾਲਸਾ ਏਡ ਦੇ ਵੱਲੋਂ ਲੋਕਾਂ ਦੀ ਭਲਾਈ ਦੇ ਕਰਜਾ ਦੀ ਸ਼ਲਾਘਾ ਕਰਦੇ ਹੋਏ ਲੋਕ ਟਵਿੱਟਰ 'ਤੇ ਖਾਲਸਾ ਏਡ ਦੀ ਮਾਨਵਤਾਵਾਦੀ ਸਹਾਇਤਾ ਦੀ ਵਿਆਪਕ ਤੌਰ 'ਤੇ ਸ਼ਲਾਘਾ ਕਰ ਰਹੇ ਹਨ ਤੇ ਉਸ ਨੂੰ ਭਾਈ ਘਨਈਆ ਦਾ ਰੂਪ ਦੱਸ ਰਹੇ ਹਨ। ਕੋਸੋਵੋ ਵਿਚ 1999 ਵਿਚ ਰਫਿਊਜੀਆਂ ਨੂੰ ਦੁਰਦਸ਼ਾ ਤੋਂ ਬਚਾਉਣ ਦੇ ਲਈ ਰਵਿੰਦਰ (ਰਵੀ) ਸਿੰਘ ਖਾਲਸਾ ਨੇ ਇਸ ਚੈਰੀਟੇਬਲ ਸੰਸਥਾ ਦੀ ਸਥਾਪਨਾ ਕੀਤੀ।

"ਜਿਸ ਵਿੱਚ ਵਿਸ਼ਵ ਦੇ ਤਬਾਹੀ ਵਾਲੇ ਖੇਤਰਾਂ ਮਨੁੱਖੀ ਸਹਾਇਤਾ ਮੁਹੱਈਆ ਕਰਾਉਣ ਦਾ ਟੀਚਾ ਰੱਖਿਆ ਗਿਆ ਸੀ। ਸੰਗਠਨ ਦਾ ਕਹਿਣਾ ਹੈ ਕਿ ਇਹ ਸਿੱਖ ਸਿਧਾਂਤ ਵਿੱਚ ਵਿਸ਼ਵਾਸ ਰੱਖਦਾ ਹੈ ਜੋ ਕਿ "ਸਾਰੀ ਮਨੁੱਖ ਜਾਤੀ ਨੂੰ ਇੱਕ ਹੀ ਰੂਪ ਵਿੱਚ ਪਛਾਣਦਾ ਹੈ"

ਇਸ ਦੀ ਸਥਾਪਨਾ ਤੋਂ ਬਾਅਦ, ਇਹ ਗੈਰ ਸਰਕਾਰੀ ਸੰਸਥਾ ਯਮਨ ਦੇ ਘਰੇਲੂ ਯੁੱਧ, ਮੱਧ ਪੂਰਬ ਦੇ ਸ਼ਰਨਾਰਥੀਆਂ, ਬੰਗਲਾਦੇਸ਼ ਵਿੱਚ ਸ਼ਰਣ ਮੰਗਣ ਵਾਲੇ ਮਿਆਂਮਾਰ ਦੇ ਰੋਹਿੰਗਿਆ ਮੁਸਲਮਾਨਾਂ, ਭੂਚਾਲਾਂ, ਹੜ੍ਹਾਂ ਅਤੇ ਤੂਫ਼ਾਨਾਂ ਵਾਲੇ ਇਲਾਕਿਆਂ ਨੇਪਾਲ, ਆਸਟ੍ਰੇਲੀਆ ਵਿੱਚ ਪੀੜਤ ਲੋਕਾਂ ਨੂੰ ਰਾਹਤ ਦੇ ਚੁੱਕਿਆ ਹੈ। ਸੰਗਠਨ ਨੇ ਇਕ ਵਚਨਬੱਧ ਲੰਗਰ ਏਡ ਵੀ ਚਲਾਇਆ ਹੈ ਜੋ ਯੁੱਧ ਵਿਚ ਤਬਾਹ ਹੋਏ ਇਲਾਕਿਆਂ ਵਿਚ ਐਮਰਜੈਂਸੀ ਫੂਡ ਅਤੇ ਪਾਣੀ ਮੁਹੱਈਆ ਕਰਦਾ ਹੈ।



ਰਵਿੰਦਰ (ਰਵੀ) ਸਿੰਘ ਖਾਲਸਾ ਖਾਲਸਾ ਏਡ ਸੀਰੀਆ ਵਿਚ ਬਚਿਆਂ ਨੂੰ ਹੌਂਸਲਾ ਦੇਂਦਾ ਹੋਇਆ

# ਸਿਮਰਪਾਲ ਸਿੰਘ ਅੱਧੀ ਦੁਨੀਆਂ ਨੂੰ ਖੁਆਉਂਦਾ ਹੈ ਮੂੰਗਫਲੀ

**ਸਿੰਗਾਪੁਰ/ਬਿਊਰੋ ਨਿਊਜ਼:** ਦੁਨੀਆਂ ਵਿਚ ਸਰਦਾਰ ਜਿੱਥੇ ਵੀ ਜਾਂਦੇ ਹਨ, ਹਮੇਸ਼ਾਂ ਝੰਡੇ ਗੱਡਦੇ ਹਨ। ਅਜਿਹੀ ਹੀ ਇੱਕ ਕਹਾਣੀ ਅਰਜੇਂਟੀਨਾ ਦੇ ਸਿਮਰਪਾਲ ਸਿੰਘ ਦੀ ਹੈ। ਉਹ ਅਰਜੇਂਟੀਨਾ ਦਾ ਪੀਨਟਸ ਕਿੰਗ ਯਾਨੀ ਕਿ ਮੂੰਗਫਲੀ ਦਾ ਰਾਜਾ ਕਿਹਾ ਜਾਂਦਾ ਹੈ।

ਉਨ੍ਹਾਂ ਦੀ ਸਿੰਗਾਪੁਰ ਬੇਸਡ ਕੰਪਨੀ ਓਲਮ ਇੰਟਰਨੈਸ਼ਨਲ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਮੂੰਗਫਲੀ ਐਕਸਪੋਰਟ ਹੈ। ਹਜ਼ਾਰਾਂ ਹੈਕਟੇਅਰ ਖੇਤਾਂ ਦੇ ਮਾਲਕ ਸਿਮਰਪਾਲ ਮੂੰਗਫਲੀ, ਸੋਇਆਬੀਨ, ਮੱਕੀ ਤੇ ਝੋਨੇ ਦੀ ਖੇਤੀ ਕਰਦੇ ਹਨ ਤੇ ਪੂਰੀ ਦੁਨੀਆਂ ਵਿਚ ਪਹੁੰਚਾਉਂਦੇ ਨ।ਅੰਮ੍ਰਿਤਸਰ ਦੇ ਸਿਮਰਪਾਲ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਖੇਤੀਬਾੜੀ ਵਿਚ ਬੀਐੱਸਸੀ ਆਨਰਸ ਕੀਤਾ ਸੀ। ਫਿਰ ਗੁਜਰਾਤ ਇੰਸਟੀਚਿਊਟ ਆਫ ਰੂਰਲ ਮੈਨੇਜਮੈਂਟ ਤੋਂ ਐੱਮਬੀਏ ਕੀਤੀ। ਅਫਰੀਕਾ, ਘਾਨਾ, ਆਇਵਰੀ ਕੋਸਟ ਤੇ ਈਸਟ ਮੋਜ਼ਾਬਿੰਕ ਵਿਚ ਕੰਮ ਕਰਨ ਦੇ ਬਾਅਦ ਉਨ੍ਹਾਂ ਦਾ ਪਰਿਵਾਰ 2005 ਵਿਚ ਅਰਜੇਂਟੀਨਾ ਵਿਚ ਜਾ ਕੇ ਵੱਸ ਗਏ।ਸਿਮਰਪਾਲ ਸਿੰਘ ਨੇ ਦੱਸਿਆ ਕਿ ਅਰਜੇਂਟੀਨਾ ਵਿਚ ਵੱਡੇ ਪੈਮਾਨੇ 'ਤੇ ਖੇਤੀ ਕਰਨਾ ਜ਼ੋਖ਼ਮ ਭਰਿਆ ਕੰਮ ਸੀ।ਫਿਰ ਵੀ ਵੱਡੀ ਰਕਮ ਦੇ ਕੇ ਸ਼ੁਰੂਆਤ ਵਿਚ 40 ਹੈਕਟੇਅਰ ਜ਼ਮੀਨ ਕਈ ਤਰ੍ਹਾਂ ਦੀਆਂ ਫਸਲਾਂ ਤੇ ਖੇਤੀ ਲਈ ਖ਼ਰੀਦ ਲਈ।

ਅੱਜ ਉਹ 20 ਹਜ਼ਾਰ ਹੈਕਟੇਅਰ ਜ਼ਮੀਨ 'ਤੇ ਮੂੰਗਫਲੀ ਦੀ ਖੇਤੀ ਕਰਦੇ ਹਨ। 10 ਹਜ਼ਾਰ ਹੈਕਟੇਅਰ ਜ਼ਮੀਨ 'ਤੇ ਸੋਇਆਬੀਨ ਤੇ ਮੱਕੀ ਦੀ ਖੇਤੀ ਕਰਦੇ ਹਨ।1700 ਹੈਕਟੇਅਰ ਜ਼ਮੀਨ ਝੋਨੇ ਦੀ ਖੇਤੀ ਲਈ ਰੱਖੀ ਹੈ।ਸਿਮਰਪਾਲ ਸਿੰਘ ਖੇਤਾਂ ਵਿਚ ਇੰਡੀਅਨ ਟਰਾਡੀਸ਼ਨਲ ਢੰਗ ਨਾਲ ਖੇਤੀ ਨਹੀਂ ਕਰਦੇ, ਸਗੋਂ ਮਸ਼ੀਨਾਂ ਤੋਂ ਕੰਮ ਲੈਂਦੇ ਹਨ।

### 70 ਦੇਸਾਂ 'ਚ ਫੈਲਿਆ ਕਾਰੋਬਾਰ

ਓਲਮ ਇੰਟਰਨੈਸ਼ਨਲ ਦਾ ਹੈੱਡਕੁਆਰਟਰ ਸਿੰਗਾਪੁਰ ਵਿਚ ਬਣਾਇਆ ਹੈ।ਉਨ੍ਹਾਂ ਦੀ ਕੰਪਨੀ ਦੇ ਸੀ.ਈ.ਓ. ਤੇ ਗਰੁੱਪ ਮੈਨੇਜਿੰਗ ਡਾਇਰੈਕਟਰ ਭਾਰਤੀ ਮੂਲ ਦੇ ਸੰਨੀ ਜਾਰਜ ਵਰਗੀਸ ਹਨ।ਕੰਪਨੀ ਦਾ ਸਾਲਾਨਾ ਰੈਵੇਨਿਊ 8



ਖਰਬ ਰੁਪਏ ਹੈ। ਕੰਪਨੀ ਕੋਲ 47 ਖੇਤੀਬਾੜੀ ਨਾਲ ਜੁੜੇ ਉਤਪਾਦ ਹਨ।ਉੱਥੇ ਹੀ, 70 ਦੇਸਾਂ ਵਿਚ ਕੰਪਨੀ ਦੇ 17 ਹਜ਼ਾਰ ਮੁਲਾਜ਼ਮ ਕੰਮ ਕਰਦੇ ਹਨ। ਅਰਜੇਂਟੀਨਾ ਵਿਚ ਉਨ੍ਹਾਂ ਦੇ ਦਫ਼ਤਰ ਵਿਚ 200 ਮੁਲਾਜ਼ਮਾਂ ਵਿਚ ਸਿਰਫ਼ ਦੋ ਹੀ ਭਾਰਤੀ ਹਨ।ਉਨ੍ਹਾਂ ਦੀ ਪਤਨੀ ਹਰਪ੍ਰੀਤ ਤੇ ਸਿਮਰਪਾਲ ਕੰਮ ਦੇ ਦੌਰਾਨ ਹਮੇਸ਼ਾਂ ਸਪੇਨਿਸ਼ ਬੋਲਦੇ ਹਨ, ਪਰ ਪਰਿਵਾਰ ਵਿਚ ਦੇਸੀ ਭਾਸ਼ਾ ਵਿਚ ਗੱਲ ਕਰਦੇ ਹਨ। ਰਾਜਧਾਨੀ ਬਿਊਨਸ ਆਇਰਸ ਵਿਚ ਸਿਮਰਪਾਲ ਦੀ ਲੋਕਪ੍ਰਿਅਤਾ ਨਾਲ ਭਾਰਤੀਆਂ ਲਈ ਕਈ ਰੈਸਟੋਰੈਂਟ ਖੁੱਲ੍ਹ ਗਏ ਹਨ।

ਸਿਮਰਪਾਲ ਨੇ ਇੰਟਰਵਿਊ ਵਿਚ ਦੱਸਿਆ ਕਿ ਜਦੋਂ ਅਰਜੇਂਟੀਨਾ ਦੇ ਲੋਕ ਉਨ੍ਹਾਂ ਨੂੰ ਪ੍ਰਿੰਸ ਜਾਂ ਕਿੰਗ ਕਹਿ ਕੇ ਬੁਲਾਉਂਦੇ ਹਨ ਤਾਂ ਉਨ੍ਹਾਂ ਨੂੰ ਸ਼ਰਮ ਆਉਂਦੀ ।ਉਨ੍ਹਾਂ ਦੱਸਿਆ ਕਿ ਹਰ ਕੋਈ ਉਨ੍ਹਾਂ ਦੀ ਪੱਗ ਦਾ ਫੈਨ ਹੈ। ਉੱਥੇ ਲੋਕ ਸੋਚਦੇ ਹਨ ਕਿ ਪੱਗ ਬੰਨ੍ਹਣ ਵਾਲਾ ਅਮੀਰ ਤੇ ਸ਼ਾਹੀ ਪਰਿਵਾਰ ਤੋਂ ਹੈ।ਸਿਮਰ ਦੇ ਮੁਤਾਬਕ, ਉਨ੍ਹਾਂ ਦਾ ਬਚਪਨ ਪੱਛਮੀ ਬੰਗਾਲ ਦੇ ਦੁਰਗਾਪੁਰ ਵਿਚ ਗੁਜ਼ਰਿਆ, ਜੋ ਰਾਜ ਦਾ ਸਨਅਤਰੀ ਖੇਤਰ ਹੈ।ਉਹ ਬਚਪਨ ਤੋਂ ਹੀ ਅਰਜੇਂਟੀਨਾ ਫੁੱਟਬਾਲ ਟੀਮ ਦੇ ਸਮਰਥਕ ਸੀ। ਉਨ੍ਹਾਂ ਨੇ ਕਦੇ ਸੋਚਿਆ ਨਹੀਂ ਸੀ ਕਿ ਇੱਕ ਦਿਨ ਅਰਜੇਂਟੀਨਾ ਕੰਮ ਕਰਨ ਜਾਣਗੇ।

## ਸਿੱਖ ਨੌਜਵਾਨ ਸਿਮਰਨ ਆਸਟ੍ਰੇਲੀਆ ਵਿਚ ਬਣਿਆ ਸੋਲੋ ਪਾਇਲਟ

**ਪਰਥ (ਆਸਟਰੇਲੀਆ)/ਬਿਊਰੋ ਨਿਊਜ਼:** ਸਿੱਖ ਜਿੱਥੇ ਵੀ ਗਏ ਹਨ ਉਹਨਾਂ ਨੇ ਆਪਣੀ ਕਾਮਯਾਬੀ ਝੰਡੇ ਹਮੇਸਾ ਹੀ ਬੁਲੰਦ ਕੀਤੇ ਹਨ। ਚਾਹੇ ਉਹ ਦੁਨੀਆਂ ਦਾ ਕੋਈ ਵੀ ਕੋਨਾ ਕਿਉਂ ਨਾ ਹੋਵੇ। ਇਸੇ ਕਾਰਨ ਹੀ ਸਿੱਖਾਂ ਨੇ ਦੁਨੀਆਂ ਦੇ ਵਿੱਚ ਆਪਣੀ ਇੱਕ ਵੱਖਰੀ ਪਛਾਣ



ਕਾਇਮ ਕਰ ਲਈ ਹੈ। ਹੁਣ ਆਸਟ੍ਰੇਲੀਆ ਦੇ ਵਿੱਚ ਵੀ ਇੱਕ ਪੰਜਾਬੀ ਸਿੱਖ ਨੌਜਵਾਨ ਸਿਮਰਨ ਸਿੰਘ ਸੰਧੂ ਆਸਟ੍ਰੇਲੀਆ ਦੇ ਵਿੱਚ ਸੋਲੋ ਪਾਇਲਟ ਬਣ ਗਿਆ ਹੈ। ਉਹ ਆਸਟ੍ਰੇਲੀਆ ਦੇ ਸ਼ਹਿਰ ਪਰਥ ਵਿੱਚ ਰਹਿੰਦਾ ਹੈ। 15 ਸਾਲਾ ਸਿੱਖ ਨੌਜਵਾਨ ਸਿਮਰਨ ਸਿੰਘ ਸੰਧੂ ਪੱਛਮੀ ਆਸਟ੍ਰੇਲੀਆ ਦੇ ਘਰੇਲੂ ਹਵਾਈ ਅੱਡਾ ਜੰਡਾਕੋਟ ਦੇ ਰਾਇਲ ਐਰੋ ਕਲੱਬ (ਡਬਲਿਯੂ.ਏ) ਤੋਂ ਸਿਖਲਾਈ ਲੈਣ ਉਪਰੰਤ 22 ਫ਼ਰਵਰੀ 2018 ਨੂੰ ਇਕੱਲਿਆਂ ਸਫ਼ਲਤਾ ਪੂਰਵਕ ਉਡਾਣ ਭਰ ਕੇ ਸੋਲੋ ਪਾਇਲਟ ਬਣਿਆ।

ਸਿਮਰਨ ਸਿੰਘ ਸੰਧੂ ਦੇ ਪਰਿਵਾਰ ਦਾ ਸਬੰਧ ਪੰਜਾਬ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਨਾਲ ਹੈ। ਉਹ ਆਸਟ੍ਰੇਲੀਆ ਵਿਖੇ ਸਾਲ 2008 ਵਿਚ

ਬਾਕੀ ਸਫ਼ਾ 33 'ਤੇ

# ਹਿੰਦੁਸਤਾਨ ਹੀ ਹੈ ਹਿੰਦੂ ਰਾਸ਼ਟਰ : ਭਾਗਵਤ



- **ਸਾਡੇ ਲਈ ਭਾਰਤ ਮਾਤਾ ਸਭ ਤੋਂ ਉਪਰ, ਪਰਮਾਤਮਾ ਤੋਂ ਪਹਿਲਾਂ ਗਾਂ ਤੇ ਧਰਤੀ ਦੀ ਭਗਤੀ ਕਰੋ, ਕਿਉਂਕਿ ਦੋਵੇਂ ਮਾਤਾ ਹਨ**
- **ਸਮਰਸਤਾ ਸੰਗਮ 'ਚ ਸੰਘ ਮੁਖੀ ਮੋਹਨ ਭਾਗਵਤ ਨੇ ਦਿੱਤਾ 'ਹਮ ਸਭ ਏਕ ਹੈਂ' ਦਾ ਨਾਅਰਾ**

**ਆਗਰਾ/ਬਿਊਰੋ ਨਿਊਜ਼:**
ਸੁਨਾਰੀ ਪਿੰਡ ਵਿਚ ਬੀਤੇ ਦਿਨੀਂ ਕਰਵਾਏ ਸਮਰਸਤਾ ਸੰਗਮ ਨੂੰ ਸੰਬੋਧਨ ਕਰਨ ਆਏ ਰਾਸ਼ਟਰੀ ਸਵੈ-ਸੇਵਕ ਸੰਘ ਦੇ ਸਰ ਸੰਘਚਾਲਕ ਮੋਹਨ ਭਾਗਵਤ ਨੇ ਕਿਹਾ ਕਿ ਹਿੰਦੁਸਤਾਨ ਹਿੰਦੂ ਰਾਸ਼ਟਰ ਹੈ ਤੇ ਭਾਰਤ ਵਿਚ ਰਹਿਣ ਵਾਲੇ ਸਭ ਹਿੰਦੂ ਹਨ। ਜੇਕਰ ਦੇਸ ਦਾ ਕੁਝ ਬੁਰਾ ਹੋ ਗਿਆ, ਤਾਂ ਹਿੰਦੂ ਹੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਇਸ ਲਈ ਭਾਰਤ ਦੇ ਹਿੰਦੂ ਨੂੰ ਦੇਸ ਦੀ ਰੱਖਿਆ ਲਈ ਸਾਵਧਾਨ ਰਹਿਣਾ ਪਵੇਗਾ। ਉਨ੍ਹਾਂ ਕਿਹਾ ਕਿ ਭਾਰਤ ਹੀ ਹਿੰਦੂ ਰਾਸ਼ਟਰਵਾਦ। ਉਨ੍ਹਾਂ ਨੇ 'ਹਮ ਸਭ ਏਕ ਹੈਂ' ਦਾ ਨਾਅਰਾ ਦਿੰਦਿਆਂ ਕਿਹਾ ਕਿ ਅਸੀਂ ਜਾਤ-ਪਾਤ, ਪੰਥ, ਸੂਬੇ ਵਿਚ ਨਾ ਵੰਡ ਕੇ ਆਪਣੀ ਅਨੇਕਤਾ ਵਿਚ ਏਕਤਾ ਦਾ ਉਤਸਵ ਮਨਾਈਏ ਤੇ ਹਿੰਦੂ ਹੋਣ 'ਤੇ ਮਾਣ ਮਹਿਸੂਸ ਕਰੀਏ।
ਉਨ੍ਹਾਂ ਕਿਹਾ ਕਿ ਸਭ ਨੂੰ ਬਰਾਬਰ ਹੱਕ ਮਿਲੇ, ਸਭ ਦੇ ਸ਼ੁਕਰਗੁਜ਼ਾਰ ਰਹੀਏ, ਸਭਨਾਂ ਲਈ ਘਰ ਤੇ ਮਨ ਦੇ ਦਰਵਾਜ਼ੇ ਖੋਲ੍ਹੀਏ। ਉਨ੍ਹਾਂ ਕਿਹਾ ਕਿ ਭਾਰਤੀ ਸੱਭਿਆਚਾਰ ਸਭ ਤੋਂ ਸ੍ਰੇਸ਼ਠ ਹੈ। ਪੂਰੀ ਦੁਨੀਆਂ ਅੱਜ ਭਾਰਤ ਵਾਸੀਆਂ ਵੱਲ ਵੇਖ ਰਹੀ ਹੈ, ਇਸ ਲਈ ਸਾਨੂੰ ਸ਼ੋਸ਼ਣ ਮੁਕਤ ਸਮਾਜ ਬਣਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਗਾਂ, ਤੁਲਸੀ, ਨਦੀ ਨੂੰ ਮਾਤਾ ਮੰਨੋ।
ਜਿੰਨਾ ਤੁਸੀਂ ਆਪਣੀ ਮਾਤਾ ਦੇ ਪ੍ਰਤੀ ਧੰਨਵਾਦੀ ਹੁੰਦੇ ਹੋ, ਓਨੇ ਹੀ ਧੰਨਵਾਦੀ ਇਨ੍ਹਾਂ ਦੇ ਪ੍ਰਤੀ ਵੀ ਰਹੋ। ਸੰਜਮ ਤੇ ਪਰਉਪਕਾਰ ਦੇ ਨਾਲ ਜ਼ਿੰਦਗੀ ਬਤੀਤ ਕਰੋ। ਸ਼ਕਤੀ ਦੀ ਸਹੀ ਵਰਤੋਂ ਕਰੋ। ਸਭ ਲਈ ਸਭ ਦੇ ਵਿਕਾਸ ਦੀ ਭਾਵਨਾ ਨਾਲ ਕੰਮ ਕਰਨਾ ਹੋਵੇਗਾ।

### ਸੰਘ ਦਾ ਹੁਣ ਸੋਸ਼ਲ ਇੰਜੀਨੀਅਰਿੰਗ 'ਤੇ ਜ਼ੋਰ

ਸੰਘ ਮੁਖੀ ਡਾ. ਮੋਹਨ ਭਾਗਵਤ ਦੇ ਮੰਚ ਦੇ ਬਰਾਬਰ ਵਿਚ ਵੱਡੇ ਜਿਹੇ ਹੋਰਡਿੰਗ ਦੇ ਠੀਕ ਵਿਚਾਲੇ ਭੀਲਣੀ ਦੇ ਹੱਥੋਂ ਬੇਰ ਖਾਂਦੇ ਭਗਵਾਨ ਰਾਮ ਦਾ ਚਿੱਤਰ। ਇਸ ਦੇ ਚਾਰੇ ਪਾਸੇ ਸੰਤ ਰਵਿਦਾਸ, ਸੰਤ ਕਬੀਰ ਦਾਸ, ਮਹਾਂਰਿਸ਼ੀ ਵਾਲਮੀਕਿ ਅਤੇ ਗੌਤਮ ਬੁੱਧ ਦੇ ਚਿੱਤਰ ਦਿਖਾਈ ਦੇ ਰਹੇ ਹਨ। ਇਸ ਹੋਰਡਿੰਗ ਤੋਂ ਥੋੜ੍ਹੀ ਹੀ ਦੂਰ ਦੂਜੇ ਮੰਚ 'ਤੇ ਬਿਰਾਜਮਾਨ ਸਾਰੇ ਸਮਾਜ ਦੇ ਸੰਤ ਤੇ ਮਹਾਤਮਾ। ਸੰਘ ਸੋਸ਼ਲ ਇੰਜੀਨੀਅਰਿੰਗ 'ਤੇ ਜ਼ੋਰ ਦੇ ਰਿਹਾ ਹੈ। ਦਲਿਤ-ਪਿਛੜਿਆਂ ਦੇ ਸੰਤਾਂ ਮਹਾਤਮਾਵਾਂ ਨੂੰ ਜੋੜਿਆ ਜਾ ਰਿਹਾ ਹੈ।
'ਸਭ ਕਾ ਸਾਥ ਸਭ ਕਾ ਵਿਕਾਸ' ਦੇ ਗੀਤ ਗਾਏ ਜਾ ਰਹੇ ਹਨ। 'ਹਮ ਸਭ ਏਕ ਹੈਂ' ਦੇ ਨਾਅਰੇ ਨੂੰ ਮਿਸ਼ਨ 2019 ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ, ਤਾਂ ਜੋ ਭਾਜਪਾ ਦੀ ਅਗਵਾਈ ਵਿਚ ਪੂਰੀ ਤਰ੍ਹਾਂ ਹਿੰਦੂ ਰਾਜ ਕਾਇਮ ਕੀਤਾ ਜਾ ਸਕੇ। ਸੰਘ ਮੁਖੀ ਪੂਰੇ ਯੂਪੀ ਦੀ ਯਾਤਰਾ ਕਰ ਰਹੇ ਹਨ ਤੇ ਪ੍ਰਚਾਰ ਕਰ ਰਹੇ ਹਨ। ਵਾਰਾਣਸੀ, ਆਗਰਾ ਪੁੱਜੇ ਤੇ ਹੁਣ ਮੇਰਠ ਵਿਚ ਸਮਰਸਤਾ ਸੰਗਮ ਕਰ ਰਹੇ ਹਨ। ਤਾਜਨਗਰੀ ਵਿਚ ਸੰਗਮ ਦੇ ਖ਼ਾਸ ਅਰਥ ਰਹੇ। ਇੱਥੇ ਦਲਿਤਾਂ ਦੀ ਅਬਾਦੀ ਵੱਡੀ ਗਿਣਤੀ ਵਿਚ ਹੈ। ਬਸਪਾ ਵੀ ਆਪਣੇ ਚੋਣ ਮਿਸ਼ਨ ਦਾ ਬਿਗੁਲ ਇੱਥੋਂ ਵਜਾਉਂਦੀ ਹੀ ਹੈ। ਸੰਘ ਦਾ ਮਿਸ਼ਨ ਇੱਥੇ ਬਸਪਾ ਨੂੰ ਢਾਹ ਲਾਉਣਾ ਹੈ, ਤਾਂ ਜੋ ਦਲਿਤਾਂ ਨੂੰ ਭਾਜਪਾ ਦੇ ਮਿਸ਼ਨ ਨਾਲ ਜੋੜਿਆ ਜਾ ਸਕੇ।
ਸੰਘ ਮੁਖੀ ਭਾਗਵਤ ਨੇ ਕਿਹਾ ਕਿ ਭਾਰਤ ਨੇ ਕਿਤੇ ਜ਼ਮੀਨ ਲਈ ਜੰਗ ਨਹੀਂ ਲੜੀ। ਅਸੀਂ ਕਦੇ ਤਲਵਾਰ ਲੈ ਕੇ ਜਹਾਜ਼ ਵਿਚ ਬੈਠ ਕੇ ਦੂਜੇ ਦੇਸ ਵਿਚ ਨਹੀਂ ਗਏ। ਅਸੀਂ ਕਈ ਦੇਸਾਂ ਵਿਚ ਗਏ ਤੇ ਉੱਥੇ ਆਪਣਾ ਗਿਆਨ ਤੇ ਸੱਭਿਆਚਾਰ ਦਿੱਤਾ। ਅਸੀਂ ਭੂ-ਭਾਗ ਨਹੀਂ ਜਿੱਤਿਆ, ਸਗੋਂ ਦਿਲ ਜਿੱਤੇ ਹਨ।
ਸਪੱਸ਼ਟ ਹੈ ਕਿ ਆਰ. ਐੱਸ. ਐੱਸ. ਦੇ ਮੁਖੀ ਮੋਹਨ ਭਾਗਵਤ ਦਾ ਨਿਸ਼ਾਨਾ ਭਾਰਤਵਾਸੀਆਂ ਦਾ ਭਗਵਾਂਕਰਨ ਕਰਨਾ ਹੈ ਤੇ ਵੱਖ-ਵੱਖ ਸੱਭਿਆਚਾਰਾਂ ਨੂੰ ਖ਼ਤਮ ਕਰਕੇ ਹਿੰਦੂ ਰਾਜ ਦੇ ਅਧੀਨ ਲਿਆਉਣਾ ਹੈ। ਉਹ 2019 ਦੌਰਾਨ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਹਿੰਦੂ ਰਾਜ ਉਸਾਰਨ ਦਾ ਨਿਸ਼ਾਨਾ ਮਿੱਥੀ ਬੈਠੇ ਹਨ। ਇਸ ਸਮੇਂ ਉਨ੍ਹਾਂ ਦੇ ਨਿਸ਼ਾਨੇ 'ਤੇ ਮੁੱਖ ਤੌਰ 'ਤੇ ਮੁਸਲਮਾਨ ਤੇ ਦਲਿਤ ਹਨ। ਗਊ ਹੱਤਿਆ ਦੇ ਨਾਂ 'ਤੇ ਮੁਸਲਮਾਨ ਤੇ ਦਲਿਤ ਵੱਡੀ ਪੱਧਰ 'ਤੇ ਨਿਸ਼ਾਨਾ ਬਣ ਚੁੱਕੇ ਹਨ।

### ਭਾਗਵਤ ਵਚਨ

* ਇਬਰਾਹਿਮ ਲਿੰਕਨ ਨੇ ਕਿਹਾ ਸੀ ਕਿ ਡਿਵਾਈਡ ਹਾਊਸ ਕਾਂਟ ਸਟੈਂਡ (ਟੁੱਟਿਆ ਘਰ ਖੜ੍ਹਾ ਨਹੀਂ ਹੋ ਸਕਦਾ)। ਇਸੇ ਤਰ੍ਹਾਂ ਸਮਾਜ ਨੂੰ ਖੜ੍ਹਾ ਹੋਣਾ ਹੈ, ਤਾਂ ਏਕਤਾ ਦੀ ਲੋੜ ਹੈ।
* ਦੋ ਹਜ਼ਾਰ ਵਰ੍ਹਿਆਂ ਤਕ ਸਭ ਤਰ੍ਹਾਂ ਦੀਆਂ ਖੋਜਾਂ ਹੋਈਆਂ ਹਨ ਸੁੱਖ ਦੀ ਖੋਜ ਵਿਚ, ਅੰਤ ਵਿਚ ਪਾਇਆ ਗਿਆ ਕਿ ਮੂਲ ਵਿਚ ਹੀ ਕੁਝ ਗੜਬੜ ਹੈ, ਉਸੇ ਵਲ ਪਰਤੋ, ਅੱਜ ਸਾਰੀ ਦੁਨੀਆਂ ਭਾਰਤ ਵੱਲ ਆਸ ਨਾਲ ਦੇਖ ਰਹੀ ਹੈ। * ਸੰਘ ਦੇ ਸੇਵਾ ਕਾਰਜ ਵਿਲੱਖਣ ਹਨ, ਸਵੈ-ਸੇਵਕ ਦਾ ਨਿਸ਼ਾਨਾ ਦੇਸ ਲਈ ਤਨ-ਮਨ ਸਮਰਪਿਤ ਕਰਨਾ ਹੈ। * ਸਾਡੇ ਲਈ ਭਾਰਤ ਮਾਂ ਸਭ ਤੋਂ ਉੱਪਰ ਹੈ, ਪਹਿਲਾਂ ਭਾਰਤ ਮਾਂ ਦੀ ਵੰਦਨਾ, ਫਿਰ ਈਸ਼ਵਰ ਦੀ, ਸ਼ੁਰੂ ਵੀ ਭਾਰਤ ਮਾਂ ਦੀ ਜੈ ਨਾਲ ਤੇ ਸਮਾਪਤੀ ਵੀ, ਤੇਰਾ ਵੈਭਵ ਅਮਰ ਰਹੇ ਮਾਂ, ਹਮ ਦਿਨ ਚਾਰ ਰਹੇਂ ਨਾ ਰਹੇਂ। * ਭਾਰਤ ਮਾਤਾ ਦੇ ਪੁੱਤਰ ਹੋਣ ਦੇ ਨਾਤੇ, ਸਾਡੇ ਮਹਾਨ ਪੁਰਖਾਂ ਦੇ ਵੰਸ਼ਜ ਹੋਣ ਦੇ ਨਾਤੇ, ਅਸੀਂ ਸਾਰੇ ਸਾਡੀ ਦਿਲ ਦਾ ਘੇਰਾ ਵਧਾਈਏ, ਅਨੇਕਤਾ ਵਿਚ ਏਕਤਾ ਦਾ ਉਤਸਵ ਮਨਾਈਏ।

## ਫ਼ੌਜ ਵਲੋਂ ਰੋਹਿੰਗਿਆ ਮੁਸਲਮਾਨਾਂ ਦੇ ਪਿੰਡਾਂ ਦਾ ਨਾਮੋ ਨਿਸ਼ਾਨ ਮਿਟਾਇਆ ਜਾ ਰਿਹਾ ਏ

**ਰੰਗੂਨ/ਬਿਊਰੋ ਨਿਊਜ਼:**
ਰੋਹਿੰਗਿਆ ਮੁਸਲਮਾਨਾਂ ਦੇ ਘਰਾਂ ਨੂੰ ਅੱਗ ਲਾਉਣ ਤੋਂ ਬਾਅਦ ਹੁਣ ਮਿਆਂਪੁਰ ਵਿੱਚ ਉਨ੍ਹਾਂ ਦਾ ਖੁਰਾਖੋਜ ਮਿਟਾਇਆ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਮਿਆਂਮਾਰ ਦੇ ਰਖਾਈਨ ਸਟੇਟ ਵਿੱਚ ਮੌਜੂਦ ਰੋਹਿੰਗਿਆ ਮੁਸਲਮਾਨਾਂ ਦੇ ਦਰਜਨਾਂ ਪਿੰਡਾਂ 'ਤੇ ਬੁਲਡੋਜ਼ਰ ਚਲਾ ਕੇ ਉਨ੍ਹਾ ਦੇ ਘਰਾਂ ਨੂੰ ਤੋੜਿਆ ਜਾ ਰਿਹਾ ਹੈ। ਤਸਵੀਰਾਂ ਵਿੱਚ ਦਿਸ ਰਿਹਾ ਹੈ ਕਿ ਬਹੁਤ ਸਾਰੇ ਇਲਾਕਿਆਂ ਵਿਚ ਕੁਝ ਹੀ ਮਹੀਨਿਆਂ ਅੰਦਰ ਕਾਫੀ ਬਦਲਾਅ ਆ ਰਿਹਾ ਹੈ। ਪਿਛਲੇ ਸਾਲ ਅਗਸਤ ਵਿੱਚ ਇਨ੍ਹਾਂ ਪਿੰਡਾਂ ਵਿੱਚ ਹਿੰਸਾ ਕਾਫੀ ਵਧ ਗਈ ਸੀ, ਜਿਸ ਕਾਰਨ ਹਜ਼ਾਰਾਂ ਰੋਹਿੰਗਿਆ ਮੁਸਲਮਾਨ ਬੰਗਲਾਦੇਸ਼



ਭੱਜਣ ਨੂੰ ਮਜਬੂਰ ਹੋਏ ਸਨ, ਉਥੇ ਹੀ ਮਿਆਂਮਾਰ ਸਰਕਾਰ ਕੁਝ ਵੀ ਗਲਤ ਕੀਤੇ ਜਾਣ ਦੀ ਗੱਲ ਨੂੰ ਲਗਾਤਾਰ ਖਾਰਜ ਕਰ ਰਹੀ ਹੈ।
ਸਰਕਾਰ ਦਾ ਕਹਿਣਾ ਹੈ ਕਿ ਰਖਾਈਨ ਸਟੇਟ ਵਿੱਚ ਅੱਤਵਾਦੀ ਸਮੂਹਾਂ ਨੂੰ ਜਵਾਬ ਦੇਣ ਲਈ ਅਪਰੇਸ਼ਨ ਕੀਤਾ ਜਾ ਰਿਹਾ ਹੈ। ਇੱਕ ਔਰਤ ਨੇ ਦੱਸਿਆ ਕਿ ਜਦੋਂ ਉਹ ਬੰਗਲਾਦੇਸ਼ ਤੋਂ ਆਪਣੇ ਘਰ ਵਾਪਸ ਆ ਰਹੀ ਸੀ ਤਦ ਉਥੋਂ ਦੀ ਹਾਲਤ ਦੇਖ ਕੇ ਕਾਫੀ ਹੈਰਾਨ ਹੋਈ। ਉਸ ਨੇ ਦੱਸਿਆ ਕਿ ਬਹੁਤ ਸਾਰੇ ਘਰਾਂ ਨੂੰ ਪਿਛਲੇ ਸਾਲ ਅੱਗ ਲਗਾ ਦਿੱਤੀ ਗਈ ਅਤੇ ਸਭ ਕੁਝ ਖਤਮ ਕਰ ਦਿੱਤਾ ਗਿਆ। ਔਰਤ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਬੁਲਡੋਜ਼ਰ ਨਾਲ ਸਭ ਕੁਝ ਨਸ਼ਟ ਕਰ ਦਿੱਤਾ। ਮਿਆਂਮਾਰ ਦੀਆਂ ਹਥਿਆਰਬੰਦ ਫੌਜਾਂ ਉਪਰ ਨਾ ਕੇਵਲ ਰੋਹਿੰਗਿਆ ਮੁਸਲਮਾਨਾਂ ਦੇ ਘਰਾਂ ਨੂੰ ਅੱਗ ਨਾਲ ਸਾੜਨ ਦਾ ਦੋਸ਼ ਹੈ, ਬਲਕਿ ਕਤਲੇਆਮ, ਬਲਾਤਕਾਰ ਅਤੇ ਲੁੱਟ-ਖਸੁੱਟ ਕਰਨ ਦਾ ਵੀ ਦੋਸ਼ ਹੈ।

### ਨਾਨਕਸ਼ਾਹੀ ਕੈਲੰਡਰ ਵਿਵਾਦ

## ਜਥੇਦਾਰ ਇਕਬਾਲ ਸਿੰਘ ਵਲੋਂ ਆਰ ਐਸ ਐਸ ਦੀ ਵਕਾਲਤ

### ਅਖੇ ਲਾਗੂ ਹੋਣ ਤੋਂ ਰੋਕਣ 'ਚ ਆਰ. ਐੱਸ. ਐੱਸ. ਦਾ ਕੋਈ ਰੋਲ ਨਹੀਂ

**ਸ੍ਰੀ ਅਨੰਦਪੁਰ ਸਾਹਿਬ ਬਿਊਰੋ ਨਿਊਜ਼:** ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਹੋਣ ਤੋਂ ਰੋਕਣ ਲਈ ਆਰ ਐੱਸ ਐੱਸ ਦਾ ਕੋਈ ਰੋਲ ਨਹੀਂ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ



ਨੇ ਤਖਤ ਕੇਸਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਹੋਲੇ ਮਹੱਲੇ ਦੇ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਨ ਲਈ ਇਥੇ ਆਏ ਗਿ. ਇਕਬਾਲ ਸਿੰਘ ਨੇ ਕਿਹਾ ਕਿ ਪਾਲ ਸਿੰਘ ਪੁਰੇਵਾਲ ਵੱਲੋਂ ਬਣਾਏ ਗਏ ਨਾਨਕਸ਼ਾਹੀ ਕੈਲੰਡਰ ਨੂੰ ਤਖਤ ਪਟਨਾ ਸਾਹਿਬ ਅਤੇ ਤਖਤ ਹਜ਼ੂਰ ਸਾਹਿਬ ਵੱਲੋਂ ਨਾ ਕਦੇ ਮਾਨਤਾ ਦਿੱਤੀ ਗਈ ਹੈ ਤੇ ਨਾ ਹੀ ਅੱਗੋਂ ਦਿੱਤੀ ਜਾਵੇਗੀ।
ਅਕਾਲ ਤਖਤ ਸਾਹਿਬ ਵੱਲੋਂ ਆਰ ਐੱਸ ਐੱਸ 'ਤੇ ਪਾਬੰਦੀ ਲਾਏ ਜਾਣ ਦੇ ਬਾਵਜੂਦ ਤੁਸੀਂ ਇਕ ਤਖਤ ਦੇ ਜਥੇਦਾਰ ਹੋਣ ਦੇ ਬਾਵਜੂਦ ਆਰ ਐੱਸ ਐੱਸ ਦੇ ਪ੍ਰੋਗਰਾਮਾਂ ਵਿਚ ਸ਼ਿਰਕਤ ਕਿਉਂ ਕਰਦੇ ਹੋ, ਦਾ ਜੁਆਬ ਦਿੰਦਿਆਂ ਇਕਬਾਲ ਸਿੰਘ ਨੇ ਕਿਹਾ ਕਿ ਉਹ ਬਿਨਾਂ ਬੁਲਾਏ ਕਿਸੇ ਸਮਾਗਮਾਂ ਵਿਚ ਨਹੀਂ ਜਾਂਦੇ, ਸਗੋਂ ਉਨ੍ਹਾਂ ਨੂੰ ਬਾਕਾਇਦਾ ਆਰ. ਐੱਸ. ਐੱਸ. ਵੱਲੋਂ ਬੁਲਾਇਆ ਜਾਂਦਾ ਹੈ ਤਾਂ ਹੀ ਉਹ ਉਨ੍ਹਾਂ ਵੱਲੋਂ ਕਰਵਾਏ ਜਾਂਦੇ ਸਿਰਫ ਧਾਰਮਿਕ ਸਮਾਗਮਾਂ ਵਿਚ ਹੀ ਸ਼ਿਰਕਤ ਕਰਦੇ ਹਨ।

## ਦਲਿਤ ਦੇ ਘੋੜੀ ਚੜ੍ਹਨ 'ਤੇ ਮਨੂੰਵਾਦੀ ਹੋਏ ਔਖੇ

### ਚਾਚੇ ਦੀਆਂ ਲੱਤਾਂ ਤੋੜੀਆਂ, ਪੁਲੀਸ ਨੇ ਕੇਸ ਦਰਜ ਕੀਤਾ

**ਜੈਪੁਰ/ਬਿਊਰੋ ਨਿਊਜ਼:** ਰਾਜਸਥਾਨ ਦੇ ਜ਼ਿਲ੍ਹੇ ਸਿਰੋਹੀ ਵਿਖੇ ਉੱਚ ਜਾਤੀ ਦੇ ਜ਼ੋਰਾਵਰਾਂ ਨੂੰ ਔਖੇ-ਪਰੋਖੇ ਕਰ ਕੇ ਦਲਿਤ ਲਾੜੇ ਨੂੰ ਘੋੜੀ 'ਤੇ ਚੜ੍ਹਨਾ ਮਹਿੰਗਾ ਪਿਆ। ਵਿਆਹ ਦੇ 15 ਦਿਨ ਬਾਅਦ ਮਨੂੰਵਾਦੀਆਂ ਨੇ ਲਾੜੇ ਦੇ ਚਾਚੇ 'ਤੇ ਹਮਲਾ ਕਰ ਕੇ ਉਸ ਦੇ ਪੈਰ ਤੋੜ ਦਿੱਤੇ, ਜਿਸ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਅੰਡੋਰ ਪਿੰਡ ਨਿਵਾਸੀ ਕੁਈਆ ਰਾਮ ਮੇਘਵਾਲ ਦਾ 18 ਫ਼ਰਵਰੀ ਨੂੰ ਵਿਆਹ ਸੀ। ਪਿੰਡ ਦੇ ਰਾਜਪੂਤ ਭਾਈਚਾਰੇ ਦੇ ਜ਼ੋਰਾਵਰਾਂ ਨੇ ਘੋੜੀ 'ਤੇ ਨਾ ਚੜ੍ਹਨ ਦੀ ਸਲਾਹ ਦਿੱਤੀ ਸੀ। ਕੁਈਆ ਰਾਮ ਅਨੁਸਾਰ ਰਾਜਪੂਤਾਂ ਨੇ ਕਿਹਾ ਸੀ ਕਿ ਤੁਸੀਂ ਤਾਂ ਮੇਘਵਾਲ ਹੋ, ਅਸੀਂ ਠਾਕੁਰ ਹਾਂ। ਜੇਕਰ ਤੂੰ ਘੋੜੀ 'ਤੇ ਚੜ੍ਹਿਆ ਤਾਂ ਸਾਡੀ ਮਰਿਆਦਾ ਕੀ ਰਹਿ ਜਾਵੇਗੀ।
ਧਮਕੀ ਤੋਂ ਬੇਪ੍ਰਵਾਹ ਹੋ ਕੇ ਵਿਆਹ ਵਾਲੇ ਦਿਨ ਕੁਈਆ ਰਾਮ ਘੋੜੀ 'ਤੇ ਚੜ੍ਹ ਗਿਆ। ਇਸ ਤੋਂ ਨਾਰਾਜ਼ ਪਿੰਡ ਦੇ ਰਾਜਪੂਤਾਂ ਨੇ 15 ਦਿਨ ਬਾਅਦ ਉਸ ਦੇ ਚਾਚਾ ਪਾਕਾ ਰਾਮ 'ਤੇ ਹਮਲਾ ਕਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ ਤੇ ਇੱਕ ਪੈਰ ਵੀ ਤੋੜ ਦਿੱਤਾ ਗਿਆ। ਪੁਲੀਸ ਨੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ।

## ਭ੍ਰਿਸ਼ਟਾਚਾਰ ਤੇ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੁਲੀਸ ਅਫਸਰ ਹੋਣਗੇ ਸਸਪੈਂਡ

**ਚੰਡੀਗੜ੍ਹ/ਬਿਊਰੋ ਨਿਊਜ਼:** ਵਿਜੀਲੈਂਸ ਬਿਊਰੋ ਨੇ ਪੰਜਾਬ ਪੁਲੀਸ ਵਿਚ ਭ੍ਰਿਸ਼ਟਾਚਾਰ ਤੇ ਹੋਰ ਦੋਸ਼ਾਂ ਵਿਚ ਘਿਰੇ ਅਫ਼ਸਰਾਂ ਤੇ ਮੁਲਾਜ਼ਮਾਂ 'ਤੇ ਸ਼ਿਕੰਜਾ ਕੱਸ ਦਿੱਤਾ ਹੈ। ਅਜਿਹੇ ਦੋਸ਼ਾਂ ਵਾਲੇ ਅਫਸਰਾਂ ਤੇ ਮੁਲਾਜ਼ਮਾਂ ਨੂੰ ਬਰਖ਼ਾਸਤ ਕੀਤਾ ਜਾਵੇਗਾ।
ਵਿਜੀਲੈਂਸ ਬਿਊਰੋ ਦੇ ਮੁਖੀ ਬੀਕੇ ਉੱਪਲ ਨੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਕੈਂਪੇਨ ਚਲਾ ਰੱਖੀ ਹੈ। ਪੁਲੀਸ ਸਮੇਤ ਹੋਰ ਵਿਭਾਗਾਂ ਦੇ ਰਿਸ਼ਵਤ ਲੈਣ ਵਾਲੇ ਮੁਲਾਜ਼ਮਾਂ ਦੇ ਖ਼ਿਲਾਫ਼ ਠੋਸ ਕਦਮ ਚੁੱਕੇ ਜਾ ਰਹੇ ਹਨ। ਵਿਜੀਲੈਂਸ ਨੇ ਪੁਲੀਸ ਵਿਭਾਗ ਦੇ ਹਾਲੇ ਤੱਕ 22 ਅਜਿਹੇ ਮੁਲਾਜ਼ਮਾਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜਿਆ ਗਿਆ। ਪੂਰੀ ਸੂਚੀ ਬਣਨ ਤੋਂ ਬਾਅਦ ਇਸ ਨੂੰ ਹੋਮ ਡਿਪਾਰਟਮੈਂਟ ਦੇ ਕੋਲ ਭੇਜਿਆ ਜਾਵੇਗਾ। ਹੋਮ ਡਿਪਾਰਟਮੈਂਟ ਦੇ ਅਫਸਰ ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਕਰਨਗੇ। ਉਸ ਤੋਂ ਬਾਅਦ ਉਨ੍ਹਾਂ ਮੁਲਾਜ਼ਮਾਂ 'ਤੇ ਵਿਭਾਗੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਇੱਥੇ ਜ਼ਿਕਰਯੋਗ ਹੈ ਕਿ ਕਾਂਗਰਸ ਨੇ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਆਪਣੇ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ ਕਿ ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣਨ 'ਤੇ ਸਾਰੇ ਵਿਭਾਗਾਂ ਤੋਂ ਭ੍ਰਿਸ਼ਟਾਚਾਰ ਖ਼ਤਮ



ਕੀਤਾ ਜਾਵੇਗਾ। ਇਸ ਵਾਅਦੇ ਨੂੰ ਪੂਰਾ ਕਰਨ ਲਈ ਸੂਬਾ ਸਰਕਾਰ ਨੇ ਹੁਣ ਪੁਲੀਸ ਵਿਭਾਗ ਤੋਂ ਸ਼ੁਰੂਆਤ ਕਰਦਿਆਂ ਖ਼ਤਮ ਕਰਨ ਦੀ ਸ਼ੁਰੂਆਤ ਕੀਤੀ ਹੈ। ਪੰਜਾਬ ਪੁਲੀਸ ਤੋਂ ਬਾਅਦ ਦੂਜੇ ਵਿਭਾਗਾਂ ਦੇ ਅਫਸਰਾਂ ਤੇ ਮੁਲਾਜ਼ਮਾਂ 'ਤੇ ਵੀ ਸ਼ਿਕੰਜਾ ਕੱਸਿਆ ਜਾਵੇਗਾ। ਵਿਜੀਲੈਂਸ ਨੇ ਚਾਰ ਵਿਭਾਗਾਂ ਨੂੰ ਫਿਲਹਾਲ ਆਪਣੀ ਸੂਚੀ ਵਿਚ ਰੱਖਿਆ ਹੈ। ਇਸ ਵਿਚ ਪੰਜਾਬ ਪੁਲੀਸ, ਮਾਲੀਆ ਵਿਭਾਗ, ਸਿੰਚਾਈ ਅਤੇ ਸਿਹਤ ਵਿਭਾਗ ਵੀ ਸ਼ਾਮਲ ਹਨ। ਪੰਜਾਬ ਪੁਲੀਸ ਤੋਂ ਬਾਅਦ ਮਾਲੀਆ ਵਿਭਾਗ ਦੇ ਅਫਸਰਾਂ ਅਤੇ ਮੁਲਾਜ਼ਮਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

## ਜਲਦੀ ਹੀ ਮੋਬਾਈਲ ਫੋਨ ਦੇਵੇਗੀ ਕੈਪਟਨ ਸਰਕਾਰ



**ਚੰਡੀਗੜ੍ਹ/ਬਿਊਰੋ ਨਿਊਜ਼**
ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੁਢਾਪਾ ਪੈਨਸ਼ਨ ਵੰਡਣ ਲਈ ਹਰੇਕ ਮਹੀਨੇ 128 ਕਰੋੜ ਰੁਪਏ ਜਾਰੀ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸੇ ਸਾਲ ਨੌਜਵਾਨਾਂ ਨੂੰ ਮੁਫ਼ਤ ਮੋਬਾਈਲ ਫੋਨ ਵੰਡਣ ਦੀ ਸ਼ੁਰੂਆਤ ਕਰਨ ਦਾ ਵੀ ਭਰੋਸਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲੇ ਸਾਲ ਵਿਚ ਹੀ ਲੱਗਭੱਗ 150 ਵਾਅਦੇ ਪੂਰੇ ਕਰ ਦਿੱਤੇ ਗਏ ਹਨ, ਜਦ ਕਿ ਬਾਕੀ ਵਾਅਦਿਆਂ ਨੂੰ ਵੀ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।

# ਹਿੰਦੂ ਰਾਸ਼ਟਰਵਾਦ ਨੂੰ ਚੈਲਿੰਜ ਕਰਨਾ ਜ਼ਰੂਰੀ

- ਆਰ ਐਸ ਐਸ ਭਾਰਤ ਦੇ ਸੰਵਿਧਾਨ ਲਈ ਬਣ ਰਹੀ ਏ ਖਤਰਾ
- ਘੱਟ ਗਿਣਤੀਆਂ, ਦਲਿਤਾਂ, ਪੱਛੜਿਆਂ ਨੂੰ ਸੰਵਿਧਾਨਕ ਅਜ਼ਾਦੀ ਦੇ ਲਈ ਇਕੱਠਿਆ ਹੋਣਾ ਜ਼ਰੂਰੀ



**ਤੀਸਤਾ ਸੀਤਲਵਾੜ**



ਦੇਸ਼ ਦੀ ਅਜ਼ਾਦੀ, ਬੋਲਣ ਦੀ ਅਜ਼ਾਦੀ, ਰਾਜਨੀਤਕ ਅਜ਼ਾਦੀ, ਪੱਤਰਕਾਰੀ ਦੀ ਅਜ਼ਾਦੀ ਸਭ ਉੱਪਰ ਹਮਲੇ ਹੋ ਰਹੇ ਹਨ। ਭਗਵੇਂਵਾਦੀਆਂ ਦੇ ਲਈ ਪਛਾਣ ਨਾਲ ਜੁੜੇ ਮੁੱਦੇ ਹਮੇਸ਼ਾ ਮਹੱਤਵਪੂਰਨ ਰਹੇ ਹਨ। ਗਊ ਸਾਡੀ ਮਾਤਾ ਹੈ, ਰਾਮ ਮੰਦਰ, ਰਾਮ ਸੇਤੂ, ਅਨੁਛੇਦ 370 ਦਾ ਖਾਤਮਾ, ਸਮਾਨ ਨਾਗਰਿਕ ਕਾਨੂੰਨ ਆਦਿ ਅਜਿਹੇ ਮੁੱਦੇ ਹਨ, ਜਿਨ੍ਹਾਂ ਦੇ ਆਧਾਰ 'ਤੇ ਆਮ ਜਨਤਾ ਦੀਆਂ ਭਾਵਨਾਵਾਂ ਭੜਕਾਈਆਂ ਜਾ ਰਹੀਆਂ ਹਨ ਤੇ ਉਨ੍ਹਾਂ ਵਿਚ ਜਨੂੰਨ ਪੈਦਾ ਕੀਤਾ ਜਾ ਰਿਹਾ ਹੈ। ਇਹ ਤਾਕਤਾਂ ਵਾਰ-ਵਾਰ ਇਸ 'ਤੇ ਜ਼ੋਰ ਦੇ ਰਹੀਆਂ ਹਨ ਕਿ ਕਾਂਗਰਸ ਦੇ ਰਾਜ ਵਿਚ ਤੁਲਨਾਤਮਕ ਤੌਰ 'ਤੇ ਵੱਡੀ ਗਿਣਤੀ ਵਿਚ ਦੰਗੇ ਹੋਏ, ਪਰੰਤੂ ਇਹ ਭੁਲਾ ਦਿੰਦੀਆਂ ਹਨ ਕਿ ਫਿਰਕੂ ਹਿੰਸਾ ਦੀਆਂ ਜੜ੍ਹਾਂ ਇਕ ਦੂਸਰੇ ਨਾਲ ਨਫ਼ਰਤ ਕਰਨ ਦੀ ਵਿਚਾਰਧਾਰਾ ਵਿਚ ਹਨ, ਜਿਨ੍ਹਾਂ ਨੂੰ ਭਗਵੇਂ ਸੰਗਠਨਾਂ ਨੇ ਸਮਾਜ ਵਿਚ ਫੈਲਾਇਆ ਹੈ। ਫਿਰਕੂ ਹਿੰਸਾ ਦੇ ਕਾਰਨ ਹੀ ਇਕ ਫਿਰਕੂ ਪਾਰਟੀ ਸੱਤਾ ਵਿਚ ਆ ਸਕੀ। ਫਿਰਕੂ ਦੰਗਿਆਂ ਦੇ ਕਾਰਨ ਹੀ ਧਾਰਮਿਕ ਆਧਾਰ 'ਤੇ ਸਮਾਜ ਦਾ ਧਰੁਵੀਕਰਨ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਾਅਵਾ ਹੈ ਕਿ ਲੋਕਤੰਤਰ ਵਿਚ ਧਰੁਵੀਕਰਨ ਹੁੰਦਾ ਹੈ, ਪਰੰਤੂ ਉਹ ਇਸ ਤੱਥ ਨੂੰ ਮਹੱਤਵ ਨਹੀਂ ਦਿੰਦੇ ਕਿ ਲੋਕਤੰਤਰ ਵਿਚ ਧਰੁਵੀਕਰਨ ਸਾਮਾਜਿਕ ਮੁੱਦਿਆਂ 'ਤੇ ਹੁੰਦਾ ਹੈ। ਜਿਵੇਂ ਅਮਰੀਕਾ ਦਾ ਸਮਾਜ ਦਾ ਰਿਪਬਲਿਕਨਾਂ ਤੇ ਡੈਮੋਕ੍ਰੇਟਾਂ ਦੇ ਵਿਚਾਲੇ ਧਰੁਵੀਕਰਨ ਹੋਇਆ ਹੈ। ਸਾਮਾਜਿਕ ਨੀਤੀਆਂ ਤੇ ਰਾਜਨੀਤਕ ਮੁੱਦਿਆਂ ਦੇ ਆਧਾਰ 'ਤੇ ਧਰੁਵੀਕਰਨ ਲੋਕਤੰਤਰ ਪ੍ਰਕਿਰਿਆ ਦਾ ਹਿੱਸਾ ਹੈ। ਦੂਸਰੇ ਪਾਸੇ ਹਿੰਦੂ ਤੇ ਮੁਸਲਮ ਰਾਸ਼ਟਰਵਾਦੀ ਧਾਰਮਿਕ ਪਛਾਣ ਦੇ ਆਧਾਰ 'ਤੇ ਸਮਾਜ ਦਾ ਧਰੁਵੀਕਰਨ ਕਰ ਰਹੇ ਹਨ। ਇਨ੍ਹਾਂ ਦੀ ਤੁਲਨਾ ਅਮਰੀਕਾ, ਇੰਗਲੈਂਡ ਦੇ ਰਾਜਨੀਤਕ ਧਰੁਵੀਕਰਨ ਨਾਲ ਨਹੀਂ ਕੀਤੀ ਜਾ ਸਕਦੀ। ਮੋਦੀ ਇਕ ਸਮਰਪਿਤ ਆਰ ਐਸ ਐਸ ਦੇ ਸੇਵਕ ਹਨ ਤੇ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਵਿਚ ਵਿਸ਼ਵਾਸ ਦੇ ਧਾਰਨੀ ਹਨ। ਹਿੰਦੂ ਰਾਸ਼ਟਰਵਾਦੀਆਂ ਨੂੰ ਜ਼ਰੂਰਤ ਹੈ ਰਾਮ ਮੰਦਰ ਦੀ। ਪਰ ਭਾਰਤ ਦੇ ਸੰਵਿਧਾਨ ਮੰਨਣ ਵਾਲਿਆਂ ਨੂੰ ਸਕੂਲ, ਯੂਨੀਵਰਸਿਟੀਆਂ ਤੇ ਫੈਕਟਰੀਆਂ ਚਾਹੀਦੀਆਂ ਹਨ ਤਾਂ ਜੋ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ।

ਭਗਵੇਂ ਰਾਸ਼ਟਰਵਾਦੀ ਧਾਰਮਿਕ ਪਛਾਣ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਏਨਾ ਸ਼ੋਰ ਸ਼ਰਾਬਾ ਕਰ ਰਹੇ ਹਨ ਕਿ ਗਰੀਬਾਂ ਤੇ ਸਮਾਜ ਦੇ ਹਾਸ਼ੀਏ 'ਤੇ ਧਕੇਲ ਦਿੱਤੇ ਗਏ ਲੋਕਾਂ ਨਾਲ ਜੁੜੇ ਮੁੱਦੇ ਗਾਇਬ ਹੋ ਗਏ ਹਨ। ਅਜਿਹਾ ਲਗ ਰਿਹਾ ਹੈ ਕਿ ਅਸੀਂ ਇਤਿਹਾਸ ਦੀ ਇਕ ਕਾਲੀ ਹਨੇਰੀ ਸੁਰੰਗ ਵਿਚੋਂ ਗੁਜ਼ਰ ਰਹੇ ਹਾਂ। ਹਿੰਦੂ ਰਾਸ਼ਟਰਵਾਦ ਸਮਾਜ ਦੇ ਕਮਜ਼ੋਰ ਵਰਗਾਂ ਦੇ ਵਿਕਾਸ ਦੇ ਲਈ ਸਾਕਾਰਾਤਮਕ ਕਾਰਵਾਈ ਦਾ ਵਿਰੋਧੀ ਹੈ ਤੇ ਘੱਟ ਗਿਣਤੀਆਂ ਦੀ ਭਲਾਈ ਅੱਗੇ ਪ੍ਰਸ਼ਨ ਚਿੰਨ੍ਹ ਹੈ। ਭਗਵੇਂਵਾਦੀ ਕਦੇ ਨਹੀਂ ਚਾਹੁੰਦੇ ਕਿ ਘੱਟ ਗਿਣਤੀਆਂ ਦੀ ਭਲਾਈ ਲਈ ਕੁਝ ਕੀਤਾ ਜਾਵੇ।

ਮੈਂ ਮੰਨਦੀ ਹਾਂ ਕਿ ਅੱਜ ਮੋਦੀ ਰਾਜ ਦੇ ਦੌਰਾਨ ਅਣਐਲਾਨੀ ਐਮਰਜੈਂਸੀ ਲੱਗ ਚੁੱਕੀ ਹੈ। ਗ਼ੈਰ ਜਮਹੂਰੀਅਤ, ਫਿਰਕਾਪ੍ਰਸਤੀ ਦਾ ਬੋਲਬਾਲਾ ਹੈ। ਲੋਕਾਂ ਦੇ ਸਟੇਟ ਦੇ ਡੰਡੇ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਅੱਜ ਖ਼ਤਰਨਾਕ ਢੰਗ ਨਾਲ ਸਾਰੀਆਂ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਨੂੰ ਤੰਗ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਦਹਿਸ਼ਤ ਦੇ ਪਰਛਾਵੇਂ ਹੇਠ ਰੱਖਿਆ ਜਾ ਰਿਹਾ ਹੈ। ਇਹ ਇਤਿਹਾਸ ਵਿਚ ਨਰਿੰਦਰ ਮੋਦੀ ਦਾ ਇੱਕ ਗ਼ੈਰ ਜ਼ਿੰਮੇਵਾਰ ਅਤੇ ਕਾਲਾ ਸਮਾਂ ਮੰਨਿਆ ਜਾਵੇਗਾ। ਯੂਨੀਵਰਸਿਟੀਆਂ ਤੇ ਕੇਂਦਰੀ ਸਿੱਖਿਆ ਸੰਸਥਾਵਾਂ ਵਿਚ ਅਜ਼ਾਦ ਖ਼ਿਆਲ ਵਾਲੇ, ਦਲਿਤ ਬਹੁਜਨ ਸੋਚ ਵਾਲੇ ਨੌਜਵਾਨਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਉਹ ਨਹੀਂ ਚਾਹੁੰਦੇ ਕਿ ਇਸ ਦੇਸ ਵਿਚ ਅਜ਼ਾਦ ਸੋਚ ਵਾਲੇ ਨੌਜਵਾਨ ਪੈਦਾ ਹੋਣ, ਜਿਸ ਤਰ੍ਹਾਂ ਰੋਹਿਤ ਵੇਮੁਲਾ ਦਾ ਕਤਲ ਹੋਇਆ ਤੇ ਹੈਦਰਾਬਾਦ ਯੂਨੀਵਰਸਿਟੀ, ਇਲਾਹਾਬਾਦ ਯੂਨੀਵਰਸਿਟੀ, ਜੇ. ਐੱਨ. ਯੂ., ਐੱਫ. ਟੀ. ਆਈ. ਆਈ. ਵਿਚ ਜੋ ਵਾਪਰਿਆ, ਉਹ ਇੱਕ ਬ੍ਰਾਹਮਣਵਾਦੀ ਰਾਜਨੀਤੀ ਹੈ ਜੋ ਹਿੰਦੂ ਰਾਸ਼ਟਰਵਾਦ ਦੀ ਨੀਤੀ ਦਾ ਇੱਕ ਹਿੱਸਾ ਹੈ।

ਮੁਸਲਮਾਨ ਭਾਈਚਾਰਾ ਸੋਚਦਾ ਹੈ ਕਿ ਅਸੀਂ ਭਗਵੇਂਵਾਦੀਆਂ ਦੇ ਨਿਸ਼ਾਨੇ 'ਤੇ ਹਾਂ। ਪਰ ਇਹ ਗਲਤ ਸੋਚ ਹੈ। ਭਗਵੇਂਵਾਦੀਆਂ ਦੇ ਨਿਸ਼ਾਨੇ 'ਤੇ ਸਿਰਫ਼ ਮੁਸਲਮਾਨ ਨਹੀਂ, ਹੋਰ ਵੀ ਘੱਟ ਗਿਣਤੀਆਂ ਹਨ, ਆਦਿਵਾਸੀ ਹਨ, ਦਲਿਤ ਹਨ, ਪੱਛੜੇ ਹਨ ਤੇ ਹਰ ਉਹ ਇਨਸਾਨ ਹੈ, ਜੋ ਫਿਰਕਾਪ੍ਰਸਤੀ ਦਾ ਵਿਰੋਧ ਕਰ ਰਿਹਾ ਹੈ। ਛੱਤੀਸਗੜ੍ਹ, ਝਾਰਖੰਡ, ਮਨੀਪੁਰ ਵਿਚ ਵੀ ਕਿਰਤੀਆਂ, ਦਲਿਤਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ। ਸੰਵਿਧਾਨਕ ਅਜ਼ਾਦੀ ਖੋਹੀ ਜਾ ਰਹੀ ਹੈ, ਬੋਲਣ ਦੀ ਅਜ਼ਾਦੀ ਖੋਹੀ ਜਾ ਰਹੀ ਹੈ। ਜੇਕਰ ਸਾਡਾ ਨਿਸ਼ਾਨਾ ਸੰਵਿਧਾਨ ਬਚਾਉਣਾ ਹੈ ਤੇ ਸੰਵਿਧਾਨਕ ਅਜ਼ਾਦੀ ਬਚਾਉਣਾ ਹੈ ਤਾਂ ਇਕੱਲੇ ਇਕੱਲੇ ਤੌਰ 'ਤੇ ਅਸੀਂ ਜੰਗ ਕਿਉਂ ਲੜ ਰਹੇ ਹਾਂ? ਜਿੰਨਾ ਚਿਰ ਤੱਕ ਅਸੀਂ ਐਕਸ਼ਨ ਪਲੇਨ ਨਹੀਂ ਬਣਾਵਾਂਗੇ, ਇਕੱਠੇ ਨਹੀਂ ਹੋਵਾਂਗੇ, ਬਰਾਬਰੀ ਦਾ ਸਮਾਜ ਨਹੀਂ ਸਿਰਜਾਂਗੇ, ਓਨਾ ਚਿਰ ਤੱਕ ਅਸੀਂ ਭਗਵੇਂਵਾਦੀਆਂਦਾ ਮੁਕਾਬਲਾ ਨਹੀਂ ਕਰ ਸਕਦੇ। ਭੈਣਾਂ ਦਾ ਇਸ ਸੰਘਰਸ਼ ਵਿਚ ਸ਼ਾਮਲ ਹੋਣਾ ਜ਼ਰੂਰੀ ਹੈ ਕਿ ਇਸਤਰੀਆਂ ਅਜਿਹੇ ਸੰਘਰਸ਼ ਵਿਚ ਸ਼ਾਮਲ ਹੋਣਗੀਆਂ ਤਾਂ ਕੁਦਰਤੀ ਹੈ ਕਿ ਸਾਡੀ ਜਿੱਤ ਹੋਵੇਗੀ।

ਇਹ ਤਾਂ ਸੁਭਾਵਿਕ ਹੈ ਕਿ ਸੰਵਿਧਾਨ ਦੁਆਰਾ ਹੀ ਅਸੀਂ ਆਪਣੇ ਅਧਿਕਾਰਾਂ ਨੂੰ ਹਾਸਲ ਕਰ ਸਕਦੇ ਹਾਂ ਤੇ ਇਹ ਸਾਡੇ ਕੋਲ ਇੱਕ ਵੱਡਾ ਹਥਿਆਰ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਜਨਤਾ ਨੂੰ ਮਜ਼ਬੂਤ ਕਰਨ ਦੀ ਜੋ ਰਣਨੀਤੀ ਬਣਾਈ ਸੀ, ਉਹ ਜਮਹੂਰੀਅਤ ਨੂੰ ਮਜ਼ਬੂਤ ਕਰਨ ਲਈ ਸੀ, ਉਹ ਲੋਕਾਂ ਦੇ ਪੱਖ ਵਿਚ ਜਾਂਦੀ ਹੈ। ਅਜੋਕੀ ਸੰਸਦੀ ਰਾਜਨੀਤੀ ਜਨਤਾ ਦੇ ਹਿੱਤ ਵਿਚ ਨਹੀਂ ਹੈ। ਅੱਜ ਗੁਲਬਰਗ ਸੁਸਾਇਟੀ ਵਾਲੇ ਜਜਮੈਂਟ ਤੋਂ ਅਸੀਂ ਦੇਖ ਰਹੇ ਹਾਂ ਕਿ ਗੁਜਰਾਤ ਵਿਚ ਪਿਛਲੇ 16 ਸਾਲਾਂ ਤੋਂ ਨਿਆਂਪਾਲਿਕਾ ਦਾ ਚਿਹਰਾ ਬਦਲਿਆ ਹੈ। ਨਿਆਂ-ਪਾਲਿਕਾ ਵਿਚ ਜੋ ਲੋਕ ਬੈਠੇ ਹਨ ਉਹ ਫੈਸਲਾ ਕਰਨਗੇ ਤਾਂ ਨਿਆਂ ਸਰੂਪ ਬਦਲ ਜਾਵੇਗਾ। ਕਹਿਣ ਤੋਂ ਭਾਵ ਇਹ ਹੈ ਕਿ ਮਨੂੰ ਸਿਮਰਤੀ ਦੀ ਵਿਚਾਰਧਾਰਾ ਵਾਲੇ, ਜੇਕਰ ਨਿਆਂਪਾਲਿਕਾ ਵਿਚ ਬੈਠੇ ਹਨ, ਤਾਂ ਯਕੀਨਨ ਹੈ ਇਨਸਾਫ਼ ਨਹੀਂ ਹੋਵੇਗਾ।

ਇਹ ਸਵਾਲ ਜੋ ਸੰਸਦੀ ਰਾਜਨੀਤੀ ਨੂੰ ਪੁੱਛਣਾ ਬਣਦਾ ਹੈ ਕਿ ਸੰਵਿਧਾਨਕ ਮੁੱਲਾਂ ਦਾ ਸੁਆਲ ਤੁਸੀਂ ਕਦ ਚੋਣ ਵਿਚ ਲਿਆਓਗੇ। ਜਦ ਇਹ ਸੁਆਲ ਲਿਆਂਦੇ ਜਾਣਗੇ, ਜਦ ਪੱਤਰਕਾਰ ਸਹੀ ਢੰਗ ਨਾਲ ਕੰਮ ਕਰਨਗੇ, ਤਦ ਜਾ ਕੇ ਸਾਡੇ ਲੋਕਤੰਤਰ ਨੂੰ ਹੋਰ ਮਜ਼ਬੂਤੀ ਮਿਲ ਸਕੇਗੀ।

ਤੁਸੀਂ ਇਹ ਨਾ ਸੋਚੋ ਕਿ ਅਜਿਹੇ ਮਾਮਲੇ ਉਠਾਉਣ ਤੋਂ ਮੈਨੂੰ ਡਰ ਨਹੀਂ ਲੱਗਦਾ। ਮੈਂ ਵੀ ਇਨਸਾਨ ਹਾਂ। ਮੈਂ ਜ਼ਰੂਰ ਡਰਦੀ ਹਾਂ, ਪਰ ਮੈਂ ਡਰ ਦਾ ਸ਼ਿਕਾਰ ਨਹੀਂ ਬਣ ਜਾਂਦੀ। ਅਸੀਂ ਡਰ ਨੂੰ ਜਥੇਬੰਦਕ ਕਾਰਵਾਈ ਵਿਚ ਬਦਲ ਦਿੰਦੇ ਹਾਂ ਅਤੇ ਸੰਘਰਸ਼ ਦੇ ਰਾਹੇ ਪੈ ਜਾਂਦੇ ਹਾਂ। ਡਰ ਤਾਂ ਸਭ ਨੂੰ ਹੈ। ਸਾਡੇ ਲਈ, ਸਾਡੇ ਪਰਿਵਾਰ ਦੇ ਲਈ। ਸਭ ਦੇ ਲਈ ਅਤੇ ਉਹ ਚਾਹੁੰਦੇ ਵੀ ਹਨ ਕਿ ਸਾਡੇ 'ਤੇ ਇਸ ਤਰ੍ਹਾਂ ਦਾ ਹਮਲਾ ਹੋਵੇ। ਪਰ ਮੈਂ ਮੰਨਦੀ ਹਾਂ ਕਿ ਸਾਡੀ ਸੁਰੱਖਿਆ ਜਨਤਾ ਵਿਚ, ਏਕਤਾ ਵਿਚ ਹੈ, ਲੋਕ ਸੰਘਰਸ਼ ਵਿਚ ਹੈ।

ਪੂਰੇ ਦੱਖਣ ਏਸ਼ੀਆ ਵਿਚ ਦੁਨੀਆਂ ਭਰ ਵਿਚ ਇਹ ਖ਼ਤਰਾ ਦੇਖਿਆ ਜਾ ਰਿਹਾ ਹੈ। ਤੁਹਾਡੇ ਵਰਗੇ ਜੋ ਲੋਕ ਕੰਮ ਕਰ ਰਹੇ ਹਨ, ਉਨ੍ਹਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਅਸਲ ਵਿਚ ਇਹ ਦੌਰ ਬਹੁਤ ਚੈਲਿੰਜ ਭਰਪੂਰ ਹੈ। ਮੈਂ ਕਈ ਵਾਰ ਕਿਹਾ ਕਿ ਅਸੀਂ ਅਜ਼ਮਾਇਸ਼ੀ ਦੌਰ ਵਿਚੋਂ ਗੁਜ਼ਰ ਰਹੇ ਹਾਂ, ਖ਼ਤਰੇ ਬਹੁਤ ਹਨ। ਅੱਜ ਸਾਨੂੰ ਇਹ ਮੰਨਣਾ ਪਵੇਗਾ ਕਿ ਆਰ. ਐੱਸ. ਐੱਸ. ਵਰਗੀਆਂ ਫਾਸ਼ੀਵਾਦੀ ਤਾਕਤਾਂ ਸੰਵਿਧਾਨਕ ਅਹੁਦਿਆਂ 'ਤੇ ਬੈਠ ਕੇ ਸਾਡੇ ਉੱਪਰ ਹਾਵੀ ਹਨ। ਇਹ ਜ਼ਾਹਿਰ ਹੈ ਕਿ ਇਸ ਦਾ ਮੁੱਲ ਕਿਸੇ ਨਾ ਕਿਸੇ ਨੂੰ ਤਾਂ ਚੁਕਾਉਣਾ ਹੀ ਪਵੇਗਾ।

**ਆਰ ਐਸ ਐਸ ਦਾ ਨਿਸ਼ਾਨਾ**

ਜੇਕਰ ਭਾਰਤ ਦੇ ਪਿਛਲੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਹਿੰਦੂ ਰਾਸ਼ਟਰਵਾਦ ਦੀ ਵਿਚਾਰਧਾਰਾ ਦੇ ਮੋਢੀ ਵਿਨਾਇਕ ਦਮੋਦਰ ਸਾਵਰਕਰ ਨੇ 1923 ਵਿੱਚ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਬੀੜਾ ਉਠਾਇਆ।

ਹੈਡਗੇਵਾਰ ਆਰ ਐਸ ਐਸ ਦੀ ਸਥਾਪਨਾ ਤੋਂ ਪਹਿਲਾਂ ਕਾਂਗਰਸ ਦੇ ਮੈਂਬਰ ਹੋਇਆ ਕਰਦੇ ਸਨ। ਅੰਗਰੇਜ਼ਾਂ ਖਿਲਾਫ਼ ਅੰਦੋਲਨ 1919-24 ਵਿਚ ਉਨ੍ਹਾਂ ਦੀ ਭੂਮਿਕਾ ਦੇ ਕਾਰਨ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਨ੍ਹਾਂ ਨੂੰ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਅਜ਼ਾਦੀ ਦੀ ਲੜਾਈ ਵਿਚ ਇਹ ਉਨ੍ਹਾਂ ਦੀ ਆਖਰੀ ਹਿੱਸੇਦਾਰੀ ਸੀ। ਰਿਹਾਅ ਹੋਣ ਦੇ ਠੀਕ ਬਾਅਦ ਸਾਵਰਕਰ ਦੇ ਹਿੰਦੂਤਵ ਦੇ ਵਿਚਾਰ ਤੋਂ ਪ੍ਰਭਾਵਿਤ ਹੋ ਕੇ ਹੈਡਗੇਵਾਰ ਨੇ ਸਤੰਬਰ 1925 ਵਿਚ ਆਰ ਐਸ ਐਸ ਦੀ ਸਥਾਪਨਾ ਕੀਤੀ। ਆਪਣੀ ਸਥਾਪਨਾ ਦੇ ਬਾਅਦ ਬ੍ਰਿਟਿਸ਼ ਸ਼ਾਸ਼ਨ ਦੇ ਪੂਰੇ ਦੌਰ ਵਿਚ ਇਹ ਸੰਗਠਨ ਨਾ ਸਿਰਫ਼ ਗੋਰੀ ਸਰਕਾਰ ਦਾ ਆਗਿਆਕਾਰੀ ਬਣਿਆ ਰਿਹਾ, ਬਲਕਿ ਉਸ ਨੇ ਭਾਰਤ ਦੀ ਅਜ਼ਾਦੀ ਦੇ ਵਾਸਤੇ ਕੀਤੇ ਜਾਣ ਵਾਲੇ ਜਨ ਸੰਘਰਸ਼ਾਂ ਦਾ ਹਰ ਦੌਰ ਵਿਚ ਵਿਰੋਧ ਕੀਤਾ। ਆਰ ਐਸ ਐਸ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈਡਗੇਵਾਰ ਦੀ ਜੀਵਨੀ ਦੇ ਮੁਤਾਬਕ ਜਦ ਗਾਂਧੀ ਨੇ 1930 ਵਿਚ ਆਪਣਾ ਨਮਕ ਸੱਤਿਆਗ੍ਰਹਿ ਸ਼ੁਰੂ ਕੀਤਾ ਤਦ ਹੈਡਗੇਵਾਰ ਨੇ ਹਰ ਜਗ੍ਹਾ ਸੂਚਨਾ ਭੇਜੀ ਕਿ ਸੰਘ ਇਸ ਸੱਤਿਆਗ੍ਰਹਿ ਵਿਚ ਸ਼ਾਮਲ ਨਹੀਂ ਹੋਵੇਗਾ। ਹਾਲਾਂਕਿ ਜੋ ਲੋਕ ਵਿਅਕਤੀਗਤ ਤੌਰ 'ਤੇ ਇਸ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਉਨ੍ਹਾਂ ਦੇ ਲਈ ਅਜਿਹਾ ਕਰਨ ਵਿਚ ਕੋਈ ਰੋਕ ਨਹੀਂ ਹੈ। ਕਹਿਣ ਤੋਂ ਭਾਵ ਕਿ ਸੰਘ ਦਾ ਕੋਈ ਵੀ ਜ਼ਿੰਮੇਵਾਰ ਕਾਰਜਕਰਤਾ ਇਸ ਵਿਚ ਸ਼ਾਮਲ ਨਹੀਂ ਹੋ ਸਕਦਾ ਸੀ। ਭਾਰਤ ਛੱਡੋ ਅੰਦੋਲਨ ਸ਼ੁਰੂ ਹੋਣ ਦੇ ਡੇਢ ਸਾਲ ਬਾਅਦ ਬ੍ਰਿਟਿਸ਼ ਰਾਜ ਦੀ ਬੰਬਈ ਸਰਕਾਰ ਨੇ ਇਕ ਮੇਮੋ ਵਿਚ ਬੇਹੱਦ ਸੰਤੁਸ਼ਟੀ ਨਾਲ ਨੋਟ ਕੀਤਾ ਕਿ ਆਰ ਐਸ ਐਸ ਨੇ ਪੂਰੀ ਇਮਾਨਦਾਰੀ ਨਾਲ ਖੁਦ ਨੂੰ ਕਾਨੂੰਨ ਦੇ ਦਾਇਰੇ ਵਿਚ ਰੱਖਿਆ ਹੈ ਖਾਸ ਤੌਰ 'ਤੇ ਅਗਸਤ 1942 ਵਿਚ ਭੜਕੀ ਅਸ਼ਾਂਤੀ ਵਿਚ ਉਹ ਸ਼ਾਮਲ ਨਹੀਂ ਹੋਇਆ। ਭਾਰਤ ਦੀ ਅਜ਼ਾਦੀ ਦੇ ਸੰਦਰਭ ਵਿਚ ਆਰ ਐਸ ਐਸ ਦੇ ਮੁੱਖ ਪੱਤਰ ਦੀ ਆਰਗੇਨਾਈਜ਼ਰ ਵਿਚ ਪ੍ਰਕਾਸ਼ਿਤ ਸੰਪਾਦਕੀ ਵਿਚ ਸੰਘ ਨੇ ਭਾਰਤ ਦੇ ਤਿਰੰਗੇ ਝੰਡੇ ਦਾ ਵਿਰੋਧ ਕੀਤਾ ਤੇ ਇਹ ਐਲਾਨ ਕੀਤਾ ਕਿ ਹਿੰਦੂ ਇਸ ਝੰਡੇ ਇਸ ਨੂੰ ਕਦੇ ਨਹੀਂ ਅਪਨਾਉਣਗੇ। ਨਾ ਕਦੀ ਇਸ ਦਾ ਸਨਮਾਨ ਕਰਨਗੇ। ਗੱਲ ਨੂੰ ਸਪੱਸ਼ਟ ਕਰਦੇ ਹੋਏ ਸੰਪਾਦਕੀ ਵਿਚ ਕਿਹਾ ਗਿਆ ਕਿ ਇਹ ਤਿੰਨ ਸ਼ਬਦ ਹੀ ਆਪਣੇ ਆਪ ਵਿਚ ਖਤਰਨਾਕ ਹਨ ਤੇ ਤਿੰਨਾਂ ਰੰਗਾਂ ਵਾਲਾ ਝੰਡਾ ਨਿਸ਼ਚਿਤ ਤੌਰ 'ਤੇ ਖਰਾਬ ਮਨੋਵਿਗਿਆਨ ਪ੍ਰਭਾਵ ਪਾਏਗਾ ਤੇ ਇਹ ਦੇਸ਼ ਲਈ ਹਾਨੀਕਾਰਕ ਸਿੱਧ ਹੋਵੇਗਾ।

ਅਜ਼ਾਦੀ ਦੇ ਕੁਝ ਮਹੀਨਿਆਂ ਬਾਅਦ 30 ਜਨਵਰੀ 1948 ਨੂੰ ਨੱਥੂ ਰਾਮ ਗੋਡਸੇ ਨੇ, ਜੋ ਕਿ ਹਿੰਦੂ ਮਹਾਂ ਸਭਾ ਤੇ ਆਰ ਐਸ ਐਸ ਦੋਹਾਂ ਦਾ ਮੈਂਬਰ ਸੀ ਮਹਾਤਮਾ ਗਾਂਧੀ ਦੇ ਨੇੜੇ ਤੋਂ ਗੋਲੀਆਂ ਮਾਰੀਆਂ। ਇਹ ਸਮਾਚਾਰ ਆਉਣ ਤੋਂ ਬਾਅਦ ਆਰ ਐਸ ਐਸ ਨੇ ਕਈ ਜਗ੍ਹਾ 'ਤੇ ਮਠਿਆਈਆਂ ਵੰਡੀਆਂ। ਕੁਝ ਦਿਨਾਂ ਬਾਅਦ ਆਰ ਐਸ ਐਸ ਦੇ ਨੇਤਾਵਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ, ਸੰਗਠਨ 'ਤੇ ਪਾਬੰਦੀ ਲਗਾ ਦਿੱਤੀ ਗਈ। 4 ਫਰਵਰੀ ਦੇ ਇਕ ਸਰਕਾਰੀ ਪੱਤਰ ਵਿਚ ਸਰਕਾਰ ਨੇ ਇਹ ਸਪੱਸ਼ਟੀਕਰਨ ਦਿੱਤਾ:

"ਦੇਸ਼ ਵਿਚ ਸਰਗਰਮ ਨਫ਼ਰਤ ਤੇ ਹਿੰਸਾ ਦੀਆਂ ਸ਼ਕਤੀਆਂ ਨੂੰ ਜੋ ਦੇਸ਼ ਦੀ ਅਜ਼ਾਦੀ ਨੂੰ ਖਤਰੇ ਵਿਚ ਪਾਉਣ ਦਾ ਕੰਮ ਕਰਨ ਰਹੀਆਂ ਹਨ, ਜੜ੍ਹ ਤੋਂ ਉਖਾੜਨ ਲਈ ਭਾਰਤ ਸਰਕਾਰ ਨੇ ਆਰ ਐਸ ਐਸ ਗ਼ੈਰ ਕਾਨੂੰਨੀ ਐਲਾਨਣ ਦਾ ਫੈਸਲਾ ਕੀਤਾ ਹੈ। ਦੇਸ਼ ਦੇ ਕਈ ਹਿੱਸਿਆਂ ਵਿਚ ਆਰ ਐਸ ਐਸ ਨਾਲ ਜੁੜੇ ਕਈ ਵਿਅਕਤੀ ਹਿੰਸਾ, ਸਾੜ ਫੂਕ, ਲੁੱਟਮਾਰ, ਡਕੈਤੀ, ਹੱਤਿਆ ਆਦਿ ਦੀਆਂ ਘਟਨਾਵਾਂ ਵਿਚ ਸ਼ਾਮਲ ਰਹੇ ਹਨ, ਉਨ੍ਹਾਂ ਨੇ ਗ਼ੈਰ ਕਾਨੂੰਨੀ ਢੰਗ ਨਾਲ ਗੋਲਾ ਬਾਰੂਦ ਜਮ੍ਹਾ ਕਰ ਰੱਖਿਆ ਹੈ। ਉਹ ਅਜਿਹੇ ਪਰਚੇ ਵੰਡਦੇ ਫੜੇ ਗਏ ਹਨ, ਜਿਨ੍ਹਾਂ ਵਿਚ ਲੋਕਾਂ ਨੂੰ ਅੱਤਵਾਦੀ ਢੰਗ ਨਾਲ ਬੰਦੂਕ ਆਦਿ ਜਮ੍ਹਾ ਕਰਨ ਨੂੰ ਕਿਹਾ ਜਾ ਰਿਹਾ ਸੀ। ਸੰਘ ਦੀਆਂ ਗਤੀਵਿਧੀਆਂ ਤੋਂ ਪ੍ਰਭਾਵਿਤ ਹਿੰਸਕ ਜਥੇਬੰਦੀਆਂ ਨੇ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ। ਉਨ੍ਹਾਂ ਨੇ ਗਾਂਧੀ ਜੀ ਜਿਨ੍ਹਾਂ ਦਾ ਜੀਵਨ ਸਾਡੇ ਲਈ ਬਹੁਮੁੱਲਾ ਸੀ, ਨੂੰ ਵੀ ਆਪਣਾ ਸਭ ਤੋਂ ਨਵਾਂ ਸ਼ਿਕਾਰ ਬਣਾਇਆ ਸੀ। ਇਸ ਪ੍ਰਸਥਿਤੀਆਂ ਵਿਚ ਸਰਕਾਰ ਇਸ ਜ਼ਿੰਮੇਵਾਰੀ ਵਿਚ ਬੱਝ ਗਈ ਹੈ ਕਿ ਉਹ ਹਿੰਸਾ ਨੂੰ ਏਨੇ ਜ਼ਹਿਰੀਲੇ ਰੂਪ ਵਿਚ ਪ੍ਰਗਟ ਹੋਣ ਤੋਂ ਰੋਕੇ। ਇਸ ਦਿਸ਼ਾ ਵਿਚ ਪਹਿਲੇ ਕਦਮ ਦੇ ਤੌਰ 'ਤੇ ਸਰਕਾਰ ਨੇ ਆਰ ਐਸ ਐਸ ਨੂੰ ਇਕ ਗ਼ੈਰ ਕਾਨੂੰਨੀ ਐਲਾਨਣ ਦਾ ਫੈਸਲਾ ਲਿਆ ਹੈ।

ਸਰਦਾਰ ਪਟੇਲ ਜਿਨ੍ਹਾਂ 'ਤੇ ਅੱਜ ਆਰ ਐਸ ਐਸ ਦਾਅਵਾ ਕਰਦੀ ਹੈ, ਨੇ ਗੋਲਵਾਲਕਰ ਨੂੰ ਸਤੰਬਰ ਵਿਚ ਆਰ ਐਸ ਐਸ 'ਤੇ ਪਾਬੰਦੀ ਲਗਾਉਣ ਦੇ ਕਾਰਨਾਂ ਨੂੰ ਸਪੱਸ਼ਟ ਕਰਦੇ ਹੋਏ ਖਤ ਲਿਖਿਆ ਸੀ।

ਉਨ੍ਹਾਂ ਲਿਖਿਆ ਕਿ ਆਰ ਐਸ ਐਸ ਦੇ ਭਾਸ਼ਣ ਫਿਰਕੂ ਉਤੇਜਨਾ ਨਾਲ ਭਰੇ ਹੁੰਦੇ ਹਨ। ਦੇਸ਼ ਨੂੰ ਇਸ ਜ਼ਹਿਰ ਦਾ ਅੰਤਮ ਨਤੀਜਾ ਮਹਾਤਮਾ ਗਾਂਧੀ ਦੀ ਬਹੁਕੀਮਤੀ ਜ਼ਿੰਦਗੀ ਦੀ ਸ਼ਹਾਦਤ ਦੇ ਤੌਰ 'ਤੇ ਭੁਗਤਣਾ ਪਿਆ। ਇਸ ਦੇਸ਼ ਦੀ ਸਰਕਾਰ ਤੇ ਇੱਥੋਂ ਦੇ ਲੋਕਾਂ ਦੇ ਮਨਾਂ ਵਿਚ ਆਰ ਐਸ ਐਸ ਦੇ ਪ੍ਰਤੀ ਥੋੜ੍ਹੀ ਜਿੰਨੀ ਵੀ ਹਮਦਰਦੀ ਨਹੀਂ ਬਚੀ ਹੈ।

ਹਕੀਕਤ ਹੈ ਕਿ ਉਸ ਦਾ ਵਿਰੋਧ ਵਧਦਾ ਗਿਆ। ਸਰਕਾਰ ਦੇ ਕੋਲ ਆਰ ਐਸ ਐਸ 'ਤੇ ਕਾਰਵਾਈ ਕਰਨ ਤੋਂ ਇਲਾਵਾ ਕੋਈ ਰਸਤਾ ਨਹੀਂ ਹੈ। ਇਹ ਪਾਬੰਦੀ ਤਾਂ ਹਟੀ ਜਦੋਂ ਆਰ ਐਸ ਐਸ ਨੇ ਇਸ ਸੰਬੰਧ ਵਿਚ ਭਾਰਤ ਸਰਕਾਰ ਕੋਲ ਮਾਫੀ ਮੰਗੀ।

ਆਰ ਐਸ ਐਸ ਨੇ 21 ਅਕਤੂਬਰ, 1951 ਵਿੱਚ ਜਨ ਸੰਘ ਦੀ ਨੀਂਹ ਰੱਖੀ ਜਿਸ ਦੀ ਵਿਚਾਰਧਾਰਾ ਹਿੰਦੂਤਵ ਨਾਲ ਮਿਲਦੀ ਜੁਲਦੀ ਸੀ। ਇਹ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਪਹਿਲੀ ਰਾਜਨੀਤਕ ਪੌੜੀ ਸੀ। 1989 ਵਿੱਚ ਭਾਜਪਾ ਨੇ ਵੀ ਇਸ ਪਹੁੰਚ ਨੂੰ ਅਪਨਾ ਲਿਆ। ਆਰ ਐਸ ਐਸ ਇਹ ਵਿਚਾਰਧਾਰਾ ਲਗਾਤਾਰ ਫੈਲਾ ਰਹੀ ਹੈ ਕਿ ਭਾਰਤ ਹਿੰਦੂਆਂ ਦਾ ਦੇਸ਼ ਸੀ ਤੇ ਬਾਕੀ ਧਰਮਾਂ ਦੇ ਲੋਕ ਜੋ ਭਾਰਤ ਵਿਚ ਰਹਿ ਰਹੇ ਹਨ ਜਾਂ ਤਾਂ ਉਹ ਹਿੰਦੂ ਧਰਮ ਅਪਣਾ ਲੈਣ ਜਾਂ ਭਾਰਤ ਛੱਡ ਕੇ ਚਲੇ ਜਾਣ।

ਭਾਜਪਾ ਸਰਕਾਰ ਜੋ ਸੰਘ ਦੇ ਪ੍ਰਭਾਵ ਥੱਲੇ ਕੰਮ ਕਰ ਰਹੀ ਹੈ, ਉਹ ਚੁੱਪਚਾਪ ਇਹ ਨਜ਼ਾਰਾ ਦੇਖ ਰਹੀ ਹੈ ਤੇ ਕਿਸੇ ਵੀ ਤਰ੍ਹਾਂ ਭਗਵੇਂਵਾਦੀਆਂ ਦੀ ਫਿਰਕਾਪ੍ਰਸਤੀ ਦਾ ਵਿਰੋਧ ਨਹੀਂ ਕਰ ਰਹੀ। ਸਰਕਾਰ ਨੇ ਆਪਣੇ ਪਿਛਲੇ ਚਾਰ ਸਾਲਾਂ ਦੇ ਕਾਰਜ ਕਾਲ ਵਿੱਚ 22 ਅਧਿਆਦੇਸ਼ ਜਾਰੀ ਕੀਤੇ ਹਨ। ਅਧਿਆਦੇਸ਼ ਸੰਵਿਧਾਨ ਦੇ ਪਿਛਲੇ ਦਰਵਾਜ਼ੇ ਤੋਂ ਲਿਆਂਦਾ ਕਾਨੂੰਨ ਹੁੰਦਾ ਹੈ, ਕਿਉਂਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਬਿੱਲ ਸੰਸਦ ਦੇ ਦੋਨੋਂ ਸਦਨਾਂ ਵਿੱਚ ਪਾਸ ਹੋਣ 'ਤੇ ਹੀ ਕਾਨੂੰਨ ਬਣਦਾ ਹੈ। ਜ਼ਿਆਦਾਤਰ ਲਿਆਂਦੇ ਗਏ ਅਧਿਆਦੇਸ਼ਾਂ ਦਾ ਮਕਸਦ ਵਿੱਦਿਅਕ ਪਾਠਕ੍ਰਮ ਵਿੱਚ ਤਬਦੀਲੀ, ਇਤਿਹਾਸ ਨੂੰ ਤੱਥਾਂ ਤੋਂ ਉਲਟ ਤਬਦੀਲ ਕਰਨਾ, ਸਮਾਜਿਕ ਰੋਕ ਟੋਕ, ਦਹਿਸ਼ਤ, ਧਾਰਮਿਕ ਧਰੁਵੀਕਰਨ ਅਤੇ ਹਿੰਦੂ ਰਾਸ਼ਟਰ ਵੱਲ ਕਦਮ ਵਧਾਉਣਾ ਹੈ।

ਪਿਛਲੇ ਤਿੰਨ ਸਾਲਾਂ ਵਿੱਚ ਐਨ.ਸੀ.ਆਰ. ਬੀ. ਦੇ ਅੰਕੜਿਆਂ ਅਨੁਸਾਰ ਅਪਰਾਧਿਕ ਘਟਨਾਵਾਂ ਵਿੱਚ 41 ਪ੍ਰਤੀਸ਼ਤ ਇਜ਼ਾਫਾ ਹੋਇਆ ਹੈ। ਇਹ ਵਾਰਦਾਤਾਂ ਜ਼ਿਆਦਾਤਰ ਧਰਮ ਆਧਾਰਿਤ ਹਨ ਅਤੇ ਇਨ੍ਹਾਂ ਦੇ ਪੀੜਤ ਘੱਟ ਗਿਣਤੀ ਭਾਈਚਾਰੇ ਨਾਲ ਸੰਬੰਧਿਤ ਦੇ ਲੋਕ ਹਨ। ਅਪਰਾਧਿਕ ਘਟਨਾਵਾਂ ਵਿਚ ਸਭ ਤੋਂ ਅੱਗੇ ਉੱਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਹਨ। ਕੁਝ ਰਾਜਨੀਤਕ ਘਟਨਾਵਾਂ ਜੋ ਗੋਆ, ਮਨੀਪੁਰ, ਉਤਰਾਂਚਲ ਅਤੇ ਬਿਹਾਰ ਵਿੱਚ ਸੱਤਾ ਹਥਿਆਉਣ ਲਈ ਹੋਈਆਂ ਹਨ, ਉਨ੍ਹਾਂ ਦਾ ਮਕਸਦ 2019 ਦੀਆਂ ਚੋਣਾਂ ਵਿੱਚ ਦੋਨਾਂ ਸਦਨਾਂ ਵਿੱਚ ਬਹੁਮਤ ਹਾਸਲ ਕਰਨਾ ਹੈ ਤਾਂ ਜੋ ਸੰਘ ਦਾ 2020 ਵਿੱਚ ਹਿੰਦੂ ਰਾਸ਼ਟਰ ਹੋਂਦ ਵਿੱਚ ਲਿਆਉਣ ਦਾ ਸੁਪਨਾ ਸਾਕਾਰ ਹੋ ਸਕੇ। ਇਸ ਦਾ ਸਿੱਟਾ ਭਿਆਨਕ ਹੋ ਸਕਦਾ ਹੈ। ਧਾਰਮਿਕ ਅਸਹਿਣਸ਼ੀਲਤਾ ਵੱਡੀ ਪੱਧਰ 'ਤੇ ਫੈਲੀ ਹੋਈ ਹੈ। ਬੰਦੇ-ਮਾਤਰਮ, ਭਾਰਤ ਮਾਤਾ ਕੀ ਜੈ ਆਦਿ ਨੂੰ ਦੇਸ਼ ਭਗਤੀ ਦਾ ਸਰਟੀਫਿਕੇਟ ਸਮਝਿਆ ਜਾਣ ਲੱਗਾ ਹੈ। ਕੁਝ ਅਸੰਵਿਧਾਨਕ ਟੋਲੀਆਂ ਜ਼ੋਰ ਜ਼ਬਰੀ 'ਤੇ ਉਤਰ ਆਈਆਂ ਹਨ ਅਤੇ ਧਾਰਮਿਕ ਧਰੁਵੀਕਰਨ ਨੂੰ ਉਤਸ਼ਾਹਿਤ ਕਰ ਰਹੀਆਂ ਹਨ।

## ਮਸਲੇ ਦਾ ਹੱਲ ਕੀ ਹੈ



ਮੈਂ ਕੁਝ ਅਜਿਹੀਆਂ ਘਟਨਾਵਾਂ ਸ਼ੇਅਰ ਕਰਨਾ ਚਾਹਾਂਗੀ, ਜਦ ਤੁਹਾਨੂੰ ਲੱਗਿਆ ਹੋਵੇ ਕਿ ਕੋਈ ਮਿਥ ਕੇ ਹਮਲਾ ਕੀਤਾ ਹੋਵੇਗਾ। ਜਦ ਮੈਂ ਕਿਸੇ ਸਭਾ ਨੂੰ ਸੰਬੋਧਨ ਕਰ ਰਹੀ ਸੀ ਜਾਂ ਲੋਕਾਂ ਦੇ ਸੰਪਰਕ ਵਿਚ ਸੀ, ਹੈਦਰਾਬਾਦ ਯੂਨੀਵਰਸਿਟੀ ਵਿਚ, ਉਸਮਾਨੀਆ ਯੂਨੀਵਰਸਿਟੀ ਵਿਚ, ਗੁਜਰਾਤ ਹਾਈ ਕੋਰਟ ਕੰਪਲੈਕਸ ਦੇ ਅੰਦਰ ਆਦਿ ਕਈ ਥਾਵਾਂ 'ਤੇ ਤਾਂ ਮੈਨੂੰ ਧਮਕੀਆਂ ਮਿਲੀਆਂ। ਜਦ ਮੈਂ ਹਰੇਨ ਪਾਡੀਆ ਦੇ ਪਿਤਾ ਵਿਠਲਭਾਈ ਪਾਡੀਆ ਨੂੰ ਮਿਲਣ ਜਾ ਰਹੀ ਸੀ ਤਾਂ ਮੈਨੂੰ ਧਮਕਾਇਆ ਜਾਂਦਾ ਸੀ। ਮੇਰੇ ਉੱਪਰ ਹਮਲੇ ਹੁੰਦੇ ਸਨ। ਮੈਨੂੰ ਇਹ ਸਭ ਝੱਲਣਾ ਪੈਂਦਾ ਸੀ। ਇੱਥੇ ਜ਼ਿਕਰਯੋਗ ਹੈ ਕਿ ਹਰੇਨ ਪਾਡੀਆ ਦੇ ਪਿਤਾ ਵਿਠਲ ਭਾਈ ਪਾਡੀਆ ਨੇ ਸਿੱਧੇ ਨਰਿੰਦਰ ਮੋਦੀ ਖ਼ਿਲਾਫ਼ ਲੜਾਈ ਛੇੜੀ ਹੋਈ ਸੀ, ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਦੇ ਬੇਟੇ ਦਾ ਕਤਲ (ਮੋਦੀ ਜੀ) ਦੇ ਹੱਥੋਂ ਹੋਇਆ ਸੀ। ਜਸਟਿਸ ਵਰਮਾ ਨੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਇਸ ਨੂੰ ਰਿਕਾਰਡ ਵੀ ਕੀਤਾ ਹੈ। ਇਹ ਖ਼ਤਰੇ ਸ਼ੁਰੂ ਤੋਂ ਹਨ ਅਤੇ ਅੱਜ ਵੀ ਵੱਧ ਗਏ ਹਨ, ਕਿਉਂਕਿ ਇਹ ਫਾਸ਼ੀਵਾਦੀ ਤਾਕਤਾਂ ਅਜੇ ਕੇਂਦਰ ਵਿਚ ਹਾਵੀ ਹਨ।

ਮੈਨੂੰ ਲੱਗਦਾ ਹੈ ਕਿ ਸਭ ਤੋਂ ਜ਼ਰੂਰੀ ਹੈ ਠੋਸ ਰਣਨੀਤੀ ਬਣਾਈ ਜਾਵੇ, ਰਾਜਨੀਤਕ ਵਿਰੋਧੀ ਦਲ ਤੇ ਰਾਜਨੀਤਕ ਇਨਕਲਾਬੀ ਜਥੇਬੰਦੀਆਂ ਨੂੰ ਜਾਗ੍ਰਿਤ ਕੀਤਾ ਜਾਵੇ। ਇਸ ਸੰਬੰਧ ਵਿਚ ਅਸੀਂ ਆਪਣਾ ਕੰਮ ਕਰ ਰਹੇ ਹਾਂ ਤੇ ਇਹ ਕੰਮ ਬਹੁਤ ਅਹਿਮ ਹੈ। ਪਰ ਜਦ ਰਾਜਨੀਤਕ ਤੌਰ 'ਤੇ ਇਹ ਕੰਮ ਨਹੀਂ ਹੋਵੇਗਾ ਤਦ ਤੱਕ ਅਸੀਂ ਉਨ੍ਹਾਂ ਨੂੰ ਚੋਣਾਂ ਵਿਚ ਹਾਰ ਨਹੀਂ ਦੇ ਸਕਦੇ। ਉਨ੍ਹਾਂ ਨੂੰ ਸੱਤਾ ਤੋਂ ਪਰ੍ਹੇ ਨਹੀਂ ਧਕੇਲ ਸਕਦੇ। ਸਭ ਤੋਂ ਪਹਿਲਾਂ ਸਾਨੂੰ ਇਹ ਲੱਗਦਾ ਹੈ ਕਿ ਸਾਡੇ ਲਈ ਜੋ ਸਭ ਤੋਂ ਜ਼ਿਆਦਾ ਜ਼ਰੂਰੀ ਹੈ, ਉਹ ਹੈ ਰਾਜਨੀਤਕ ਵਿਰੋਧੀ ਧਿਰਾਂ ਨੂੰ ਇਕੱਠਰ ਕਰਦੇ ਹੋਏ ਜਥੇਬੰਦ ਕਰਨਾ ਹੈ। ਸਾਡਾ ਨਿਸ਼ਾਨਾ ਇੱਕ ਹੀ ਹੋਣਾ ਚਾਹੀਦਾ ਹੈ। ਜੇ ਅਸੀਂ ਇਕੱਠੇ ਨਹੀਂ ਹੋਵਾਂਗੇ ਤਾਂ ਭਗਵੀਆਂ ਤਾਕਤਾਂ ਸਾਡੀ ਸੰਵਿਧਾਨਕ ਅਜ਼ਾਦੀ ਨੂੰ ਖਤਮ ਕਰ ਦੇਣਗੀਆਂ।

ਸਾਡਾ ਮੀਡੀਆ ਇਨ੍ਹੀਂ ਦਿਨੀਂ 'ਫੇਕ ਨਿਊਜ਼' ਅਤੇ 'ਪੇਡ ਨਿਊਜ਼' ਨਾਲ ਜੁੜੇ ਸਰੋਕਾਰਾਂ ਦੇ ਬੋਝ ਹੇਠ ਵਿਚਰ ਰਿਹਾ ਹੈ। ਉਂਜ ਵੀ ਮੁੱਖਧਾਰਾ ਪ੍ਰਿੰਟ ਅਤੇ ਬਿਜਲਈ ਮੀਡੀਆ ਨਾਲ ਸਬੰਧਿਤ ਬਹੁਤੇ ਘਰਾਣੇ ਕਾਰਪੋਰੇਟ ਦੇ ਕੰਟਰੋਲ ਅਤੇ ਮਾਲਕੀ ਹੇਠ ਹਨ। ਸਾਡੇ ਕੋਲ ਖ਼ਬਰਾਂ ਅਤੇ ਟਿੱਪਣੀਆਂ ਦੇ ਰੂਪ ਵਿਚ ਜੋ ਕੁਝ ਪਹੁੰਚਦਾ ਹੈ, ਉਸ ਵਿਚ ਨਿਰਪੱਖਤਾ ਵਾਲੀ ਗੱਲ ਘੱਟ ਹੀ ਹੁੰਦੀ ਹੈ। ਭਾਜਪਾ ਦੀ ਅਗਵਾਈ ਹੇਠਲਾ ਸੱਤਾਧਾਰੀ ਕੌਮੀ ਜਮਹੂਰੀ ਗਠਜੋੜ ਪਹਿਲਾਂ ਹੀ 'ਧਰਮ-ਨਿਰਪੱਖਤਾ' ਅਤੇ 'ਸਮਾਜਵਾਦ' ਨੂੰ ਸੰਵਿਧਾਨਿਕ ਵਿਸ਼ੇਸ਼ਤਾਵਾਂ ਮੰਨਣ ਦੇ ਹੱਕ ਵਿਚ ਨਹੀਂ ਹੈ (ਭਾਵੇਂ ਕਿ ਇਹ ਸਪੱਸ਼ਟ ਰੂਪ ਵਿਚ ਅਜਿਹਾ ਨਹੀਂ ਕਹਿੰਦਾ)। ਭਾਜਪਾ ਦੇ ਕਈ ਅਹੁਦੇਦਾਰ ਆਪਣੇ ਜਨਤਕ ਬਿਆਨਾਂ ਵਿਚ ਕਈ ਵਾਰੀ ਇਹ ਗੱਲ ਕਹਿ ਵੀ ਚੁੱਕੇ ਹਨ ਕਿ ਉਨ੍ਹਾਂ ਦੀ ਪਾਰਟੀ ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਬਦਲਣ ਲਈ ਸੰਵਿਧਾਨ ਵਿਚ ਤਬਦੀਲੀ ਕਰੇਗੀ। ਬੈਰੀਆ (ਯੂਪੀ) ਤੋਂ ਵਿਧਾਇਕ ਸੁਰਿੰਦਰ ਸਿੰਘ ਨੇ ਬੀਤੇ ਦਿਨੀਂ ਕਿਹਾ ਸੀ ਕਿ 'ਕੁਝ ਗਿਣਤੀ ਦੇ ਮੁਸਲਮਾਨਾਂ ਵਿੱਚ ਹੀ ਦੇਸ਼ਭਗਤੀ ਹੈ। ਇਕ ਸਮਾਂ ਆਏਗਾ ਜਦੋਂ ਭਾਰਤ ਹਿੰਦੂ ਰਾਸ਼ਟਰ ਬਣੇਗਾ ਅਤੇ ਜਿਹੜੇ ਮੁਸਲਮਾਨ ਸਾਡੇ ਸਭਿਆਚਾਰ ਵਿੱਚ ਰਚ ਮਿਚ ਜਾਣਗੇ ਉਹੀ ਇਥੇ ਰਹਿ ਸਕਣਗੇ ਜਦਕਿ ਬਾਕੀਆਂ ਨੂੰ ਕਿਸੇ ਵੀ ਹੋਰ ਮੁਲਕ ਵਿਚ ਸ਼ਰਨ ਲੈਣ ਦੀ ਪੂਰੀ ਖੁੱਲ੍ਹ ਹੋਵੇਗੀ।' ਉਸ ਦਾ ਦਾਅਵਾ ਸੀ ਕਿ ਸਾਲ 2024 ਤਕ ਭਾਰਤ ਹਿੰਦੂ ਰਾਸ਼ਟਰ ਬਣ ਜਾਏਗਾ।

ਇਸੇ ਤਰ੍ਹਾਂ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਇਕ ਵਾਰ ਫੇਰ ਕਿਹਾ ਸੀ ਕਿ ਵਿਭਿੰਨਤਾ ਦੀ ਵਜ੍ਹਾ ਦੇ ਬਾਵਜੂਦ ਭਾਰਤ ਦੀ ਇੱਕਜੁੱਟ ਰਹਿਣ ਦੀ ਵਜ੍ਹਾ ਹਿੰਦੂਤਵ ਹੈ। ਸਾਡੇ ਇੱਥੇ ਹਿੰਦੂਤਵ ਆਧਾਰਿਤ ਅੰਤਰਿਕ ਏਕਤਾ ਹੈ ਅਤੇ ਇਸ ਲਈ ਭਾਰਤ ਇੱਕ ਹਿੰਦੂ ਰਾਸ਼ਟਰ ਹੈ ਤੇ ਇੱਥੋਂ ਦੇ ਵਸਨੀਕ ਸਭ ਹਿੰਦੂ ਹਨ।

ਮੈਂ ਤੁਹਾਡਾ ਧਿਆਨ ਕੁਝ ਅਰਸੇ ਪਹਿਲਾਂ ਆਰ ਐਸ ਐਸ ਦੇ ਪ੍ਰਚਾਰਕ ਤੇ ਸੀਨੀਅਰ ਨੇਤਾ ਗੋਵਿੰਦਾਚਾਰਿਆ ਦੇ ਬਿਆਨ ਦੇ ਵੱਲ ਦਿਵਾਉਣਾ ਚਾਹਾਂਗੀ। ਉਨ੍ਹਾਂ ਨੇ ਸਾਫ ਕਿਹਾ ਹੈ ਕਿ ਹਾਂ ਅਸੀਂ ਸੰਵਿਧਾਨ ਨੂੰ ਬਦਲਾਂਗੇ, ਜੇਕਰ ਭਾਰਤੀ ਸੰਸਦ ਨੂੰ ਇਸ ਦੀ ਜ਼ਰੂਰਤ ਪਈ। ਮੈਂ ਮੰਨਦੀ ਹਾਂ ਕਿ ਬਾਬਾ ਸਾਹਿਬ ਅੰਬੇਡਕਰ ਨੂੰ ਮੰਨਣ ਵਾਲੀ ਦੇਸ ਦੀ ਜੋ ਜਨਤਾ ਹੈ, ਉਹ ਅਸਾਨੀ ਨਾਲ ਨਹੀਂ ਹੋਣ ਦੇਵੇਗੀ। ਮੈਂ ਦੱਸਣਾ ਚਾਹੁੰਦੀ ਹਾਂ ਜਨਵਰੀ 2014 ਤੋਂ ਜੋ ਸਾਡਾ ਐਫ ਸੀ ਆਰ ਏ ਨੂੰ ਰੱਦ ਕੀਤਾ ਗਿਆ, ਬੈਂਕ ਖਾਤੇ ਸਾਡੇ ਫਰੀਜ਼ ਹੋਏ ਤਾਂ ਇਹ ਕੋਈ ਵੱਡੀ ਗੱਲ ਨਹੀਂ ਸੀ, ਕਿਉਂਕਿ ਇਹ ਫਾਸ਼ੀਵਾਦੀ ਲੋਕ ਸਾਨੂੰ ਮਿਸ਼ਨ ਨਾਲੋਂ ਤੋੜਨਾ ਚਾਹੁੰਦੇ ਸਨ। ਅਸੀਂ ਗੁਜਰਾਤ ਵਿਚ ਮੁਸਲਮਾਨਾਂ ਦੇ ਤੇ ਲੋਕ ਹਿੱਤਾਂ ਦੇ ਲਈ ਮਨੁੱਖੀ ਅਧਿਕਾਰਾਂ ਦੇ ਸੰਬੰਧ ਵਿਚ ਜੂਝ ਰਹੇ ਹਾਂ।

2014 ਤੋਂ ਗੁਜਰਾਤ ਪੁਲੀਸ ਨੇ ਸਾਡੇ ਐਫ.ਸੀ.ਆਰ.ਏ. ਖਾਤੇ ਨੂੰ ਫਰੀਜ਼ ਕਰਕੇ ਰੱਖਿਆ ਹੈ ਤੇ ਸਾਡਾ ਜੋ ਸੰਗਠਨ ਹੈ, ਉਸ ਨੂੰ ਦੇਸ਼ ਵਿਰੋਧੀ ਤਾਕਤ ਵਜੋਂ ਦੇਖਿਆ ਜਾ ਰਿਹਾ ਹੈ। ਭਾਵੇਂ ਇਹ ਸਿਟੀਜ਼ਨ ਫਾਰ ਜਸਟਿਸ ਐਂਡ ਪੀਸ ਹੋਵੇ ਜਾਂ ਸਬਰੰਗ ਸਿਰਫ਼ ਵਿਦੇਸ਼ੀ ਚੰਦਿਆਂ 'ਤੇ ਨਿਰਭਰ ਨਹੀਂ ਹੈ। ਸਾਨੂੰ ਚੰਦੇ ਦੇਣ ਵਾਲੇ ਭਾਰਤੀ ਨਾਗਰਿਕ ਵੀ ਹਨ। ਉਹ ਅੱਜ ਵੀ ਹਨ। ਇਹ ਮੁਹਿੰਮ ਜੋ ਸਾਡੇ ਖ਼ਿਲਾਫ਼ ਚਲਾਈ ਜਾ ਰਹੀ ਹੈ, ਉਹ ਇਸ ਲਈ ਚਲਾਈ ਜਾ ਰਹੀ ਹੈ ਕਿ ਤੁਹਾਨੂੰ ਡਰਾਇਆ ਜਾਵੇ ਕਿ ਤੁਸੀਂ ਸਾਡੇ ਨਾਲ ਨਾ ਜੁੜੋ ਤੇ ਸਾਨੂੰ ਚੰਦਾ ਨਾ ਦੇਵੋ।

ਫਿਲਹਾਲ ਸਾਡਾ ਕੰਮ ਜਾਰੀ ਹੈ ਤੇ ਅਸੀਂ ਫਿਲਹਾਲ ਉਮੀਦ ਕਰਦੇ ਹਾਂ ਕਿ ਘਰੇਲੂ ਚੰਦੇ ਨਾਲ ਸਾਡਾ ਕੰਮ ਚੱਲਦਾ ਰਹੇਗਾ। ਦਲਿਤਾਂ ਤੇ ਘੱਟ ਗਿਣਤੀਆਂ ਵਿਚ ਏਕਤਾ ਜ਼ਰੂਰੀ ਹੈ, ਤਾਂ ਹੀ ਬ੍ਰਾਹਮਣਵਾਦ ਦਾ ਮੁਕਾਬਲਾ ਕੀਤਾ ਜਾ ਸਕੇਗਾ। ਜੇਕਰ ਸਾਮਾਜਿਕ ਪੱਧਰ 'ਤੇ ਇਕਜੁੱਟ ਹੋ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਅਸੀਂ ਸਾਮਾਜਿਕ ਮੁੱਦਿਆਂ 'ਤੇ ਇੱਕ ਹੋ ਕੇ ਖੜ੍ਹੇ ਰਹਾਂਗੇ, ਬੇਇਨਸਾਫ਼ੀ, ਜਾਤੀ-ਪਾਤੀ ਤੇ ਛੂਤ-ਅਛੂਤ ਦੀ ਰਾਜਨੀਤੀ ਦੇ ਖ਼ਿਲਾਫ਼ ਸੰਵਿਧਾਨ ਅਸੂਲਾਂ ਨੂੰ ਸਾਹਮਣੇ ਰੱਖਦੇ ਹੋਏ ਸੰਘਰਸ਼ ਕਰਾਂਗੇ ਤਾਂ ਹੋ ਸਕਦਾ ਹੈ ਅਸੀਂ ਆਪਣੀ ਮੰਜ਼ਿਲ 'ਤੇ ਪਹੁੰਚ ਜਾਈਏ। ਆਰ. ਐੱਸ. ਐੱਸ. ਜੋ ਵਾਰ-ਵਾਰ ਹਿੰਸਾ ਫੈਲਾਉਣ ਦਾ ਕੰਮ ਕਰ ਰਹੀ ਹੈ, ਉਹ ਫਿਰ ਸਾਡੇ ਅੱਗੇ ਟਿਕ ਨਹੀਂ ਸਕੇਗੀ। ਜੇਕਰ ਆਰ. ਐੱਸ. ਐੱਸ. ਨੂੰ ਚੁਣੌਤੀ ਦੇਣੀ ਹੈ, ਤਾਂ ਸਭ ਤੋਂ ਵੱਡਾ ਮੁੱਦਾ ਬ੍ਰਾਹਮਣਵਾਦੀ ਸੰਸਕ੍ਰਿਤੀ, ਜਾਤੀਵਾਦ, ਵਰਣ ਆਸ਼ਰਮ 'ਤੇ ਅਟੈਕ ਕਰਨਾ ਪਏਗਾ ਤਾਂ ਹੀ ਆਰ. ਐੱਸ. ਐੱਸ. ਤੇ ਹਿੰਦੂ ਰਾਸ਼ਟਰਵਾਦ ਨੂੰ ਨੱਥ ਪਾਈ ਜਾ ਸਕੇਗੀ। ਜੇਕਰ ਅਸੀਂ ਸੱਭਿਆਚਾਰਕ ਤੇ ਇਤਿਹਾਸਕ ਜੰਗ ਨਹੀਂ ਛੇੜਾਂਗੇ, ਤਾਂ ਆਰ. ਐੱਸ. ਐੱਸ. ਨੂੰ ਹਰਾਉਣਾ ਮੁਸ਼ਕਲ ਹੈ। ਕਹਾਣੀ ਸ਼ੁਰੂ ਹੁੰਦੀ ਹੈ ਏਕਲੱਵਯ ਤੋਂ ਤੇ ਅੱਜ ਤੱਕ ਇਤਿਹਾਸ ਦਾ ਦੌਰ ਜਾਰੀ ਹੈ।

# ਸਿੱਖਿਆ ਦੇ ਭਾਰਤੀਕਰਨ ਬਾਰੇ ਹੋਵੇ ਸੰਜੀਦਾ ਬਹਿਸ

**ਯੋਗੇਂਦਰ ਯਾਦਵ**
ਈ-ਮੇਲ: yogendra.yadav@gmail.com

ਪਿਛਲੇ ਚਾਰ ਸਾਲ ਅਸੀਂ ਸਿੱਖਿਆ ਦੇ ਭਾਰਤੀਕਰਨ ਦੇ ਮੁੱਦੇ ਉਪਰ ਹਨੇਰੇ ਵਿੱਚ ਤੀਰ ਚਲਾਏ ਹਨ। ਸਰਕਾਰ ਵਿੱਚ ਸ਼ਾਮਲ ਕੁਝ ਲੋਕਾਂ ਨੇ ਪਹਿਲਾਂ, ਅਤੇ ਹੁਣ ਹਰ ਇਕ ਨੇ ਆਪੋ-ਆਪਣੀਆਂ ਕੱਚਘਰੜ, ਅਹਿਮਕਾਨਾ ਜਾਂ ਵਿਨਾਸ਼ਕਾਰੀ ਤਜਵੀਜ਼ਾਂ ਭਾਰਤੀਕਰਨ ਦੇ ਨਾਮ ਉਪਰ ਪੇਸ਼ ਕੀਤੀਆਂ। ਅਕਾਦਮੀਸ਼ਨਾਂ, ਬੁੱਧੀਜੀਵੀਆਂ ਅਤੇ ਰਾਇ ਬਣਾਉਣ ਵਾਲਿਆਂ ਨੇ ਇਸ ਮੁੱਦੇ ਦਾ ਹੀ ਮਜ਼ਾਕ ਉਡਾਇਆ। ਸਰਕਾਰ ਨੇ ਕੁਝ ਦਿਖਾਵਾ ਮਾਤਰ ਤਬਦੀਲੀਆਂ ਕੀਤੀਆਂ ਅਤੇ ਬਾਅਦ ਵਿੱਚ ਇਸ ਨੂੰ ਭੁਲਾ ਦਿੱਤਾ। ਆਲੋਚਕ ਵੀ ਇਸ ਮੁੱਦੇ ਨੂੰ ਭੁੱਲ ਗਏ। ਇਸ ਵੇਲੇ ਇਸ ਬਾਰੇ ਅਰਥ-ਭਰਪੂਰ ਸੰਵਾਦ ਨਹੀਂ ਰਚਾਇਆ ਜਾ ਰਿਹਾ।

ਕਿਸੇ ਵੀ ਪੜ੍ਹੇ-ਲਿਖੇ ਭਾਰਤੀ ਨਾਲ ਮਾੜੀ-ਮੋਟੀ ਗੱਲਬਾਤ ਕਰਨ ਨਾਲ ਹੀ ਇਹ ਸਮਝ ਆ ਜਾਵੇਗਾ ਕਿ ਸਿੱਖਿਆ ਦੇ ਭਾਰਤੀਕਰਨ ਦੇ ਮੁੱਦੇ ਉਪਰ ਸੰਜੀਦਾ ਬਹਿਸ ਛੇੜਨ ਦੀ ਕਿਉਂ ਲੋੜ ਹੈ। ਸਾਡੀ ਕਿਸੇ ਵੀ ਬਿਹਤਰੀਨ ਯੂਨੀਵਰਸਿਟੀ ਦੇ ਕਿਸੇ ਵੀ ਗਰੈਜੂਏਟ ਨੂੰ ਮੁਲਕ ਦੀ ਕਿਸੇ ਵੀ ਭਾਸ਼ਾ ਵਿੱਚ ਲਿਖਣ ਤੇ ਉਸ ਨੂੰ ਪੜ੍ਹਨ ਵਿੱਚ ਬਹੁਤ ਮੁਸ਼ਕਿਲ ਮਹਿਸੂਸ ਹੁੰਦੀ ਹੈ। ਉਸ ਨੂੰ ਪਤਾ ਹੀ ਨਹੀਂ ਕਿ ਸਾਡੀਆਂ ਭਾਸ਼ਾਵਾਂ ਆਧੁਨਿਕ ਸਾਹਿਤ ਨਾਲ ਕਿੰਨੀਆਂ ਮਾਲੋ-ਮਾਲ ਹਨ। ਜੇ ਤੁਸੀਂ ਕਿਸੇ ਨਾਮੀ ਬੁੱਧੀਜੀਵੀ ਨੂੰ ਇਹ ਪੁੱਛ ਲਓ ਕਿ ਉਸ ਨੇ ਅੰਗਰੇਜ਼ੀ ਨੂੰ ਛੱਡ ਕੇ ਮੁਲਕ ਦੀ ਕਿਸੇ ਵੀ ਭਾਸ਼ਾ ਦੀ ਕੋਈ ਕਿਤਾਬ ਕਦੋਂ ਪੜ੍ਹੀ ਸੀ, ਜਾਂ ਕਿਸੇ ਭਾਰਤੀ ਭਾਸ਼ਾ ਵਿੱਚ ਪਿਛਲੀ ਵਾਰ ਲੇਖ ਕਦੋਂ ਲਿਖਿਆ ਸੀ, ਜੁਆਬ ਬਹੁਤ ਸ਼ਰਮਿੰਦਾ ਮਹਿਸੂਸ ਕਰਾਉਣ ਵਾਲਾ ਹੋਵੇਗਾ। ਸੰਸਕ੍ਰਿਤ ਦੇ ਅਗਵਾਈ ਕਰਨ ਵਾਲੇ ਕੁਝ ਕੇਂਦਰ ਹੁਣ ਮੁਲਕ ਦੇ ਬਾਹਰ ਚੱਲ ਰਹੇ ਹਨ।

ਇਹ ਕੇਵਲ ਭਾਸ਼ਾ ਦਾ ਮਸਲਾ ਨਹੀਂ ਹੈ। ਕੋਈ ਪੜ੍ਹਿਆ-ਲਿਖਿਆ ਤੇ ਆਧੁਨਿਕ ਭਾਰਤੀ ਆਪਣੇ ਮਿਥਿਹਾਸ ਬਾਰੇ ਵੀ ਕੁਝ ਨਹੀਂ ਜਾਣਦਾ। ਕੋਈ ਸਿੱਖਿਅਤ ਐਲੋਪੈਥਿਕ ਡਾਕਟਰ ਸੋਚਦਾ ਹੈ ਕਿ ਆਯੁਰਵੇਦ ਤੇ ਯੂਨਾਨੀ ਅਰਥਹੀਣ ਹਨ। ਇਨ੍ਹਾਂ ਦਾ ਕੋਈ ਲਾਭ ਨਹੀਂ। ਕਿਸੇ ਟੈਕਸਟਾਈਲ ਇੰਜਨੀਅਰ ਨੂੰ ਸਾਡੀਆਂ ਕੱਪੜਾ ਬੁਣਨ ਤੇ ਰੰਗਣ ਦੀਆਂ ਮਹਾਨ ਰਵਾਇਤਾਂ ਦੀ ਉੱਕਾ ਹੀ ਸੋਝੀ ਨਹੀਂ। ਸਾਡੀਆਂ ਬਿਹਤਰੀਨ ਯੂਨੀਵਰਸਿਟੀਆਂ ਤੇ ਸੰਸਥਾਵਾਂ ਦਾ ਸਿਲੇਬਸ, ਯੂਰੋਪ ਜਾਂ ਅਮਰੀਕਾ ਵਿੱਚ ਜੋ ਕੁਝ ਸਾਲ ਪਹਿਲਾਂ ਪੜ੍ਹਾਇਆ ਜਾਂਦਾ ਸੀ, ਦੀ ਮਹਿਜ਼ ਨਕਲ ਮਾਤਰ ਹੈ। ਸਭਿਆਚਾਰਕ ਸਵੈ-ਭਰੋਸੇ ਦੀ ਘਾਟ ਅਤੇ ਵਿਦੇਸ਼ੀ ਮਾਨਤਾ ਨਾ ਹੋਣ ਕਾਰਨ ਉਪਜੀ ਨਿਰਾਸ਼ਤਾ ਕਾਰਨ ਉਹ ਅਕਸਰ ਇਹ ਪ੍ਰਾਰਥਨਾ ਕਰਦੇ ਰਹਿੰਦੇ ਹਨ ਕਿ ਕਿਸੇ ਵੀ ਭਾਰਤੀ ਚੀਜ਼ ਦੀ ਪੱਛਮੀ ਮੁਲਕ ਸ਼ਲਾਘਾ ਕਰਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਸਭਿਆਚਾਰਕ ਤੌਰ 'ਤੇ ਅਨਪੜ੍ਹ ਭਾਰਤੀ ਪੈਦਾ ਕਰ ਰਹੀ ਹੈ, ਆਪਣੀ ਹੀ ਧਰਤੀ ਉਪਰ ਏਲੀਅਨ, ਭਾਵ ਹੋਰ ਗ੍ਰਹਿ ਦੇ ਲੋਕ।



ਇਸ ਲਈ ਅਸਲੀ ਬਹਿਸ ਇਹ ਨਹੀਂ ਕਿ ਸਾਨੂੰ ਸਿੱਖਿਆ ਦਾ ਭਾਰਤੀਕਰਨ ਕਰਨ ਦੀ ਲੋੜ ਹੈ ਜਾਂ ਨਹੀਂ। ਭਾਰਤੀ ਸਿੱਖਿਆ ਪ੍ਰਣਾਲੀ ਦਾ ਭਾਰਤੀਕਰਨ ਕਿਵੇਂ ਕਰਨਾ ਹੈ, ਉਪਰ ਬਹਿਸ ਹੋਣੀ ਚਾਹੀਦੀ ਹੈ। ਮੁਸ਼ਕਿਲ ਇਹ ਹੈ ਕਿ ਜਿਹੜੇ ਲੋਕ ਸਿੱਖਿਆ ਦੇ ਭਾਰਤੀਕਰਨ ਦੇ ਮੁੱਦੇ ਉਪਰ ਬਹੁਤ ਸ਼ੋਰ-ਸ਼ਰਾਬਾ ਕਰਦੇ ਹਨ, ਉਹ ਆਪ ਸਿੱਖਿਆ ਜਾਂ ਭਾਰਤੀ ਸਭਿਆਚਾਰ ਬਾਰੇ ਬਹੁਤਾ ਨਹੀਂ ਜਾਣਦੇ ਹੁੰਦੇ। ਉਨ੍ਹਾਂ ਨੂੰ ਅਧਿਆਪਨ-ਸ਼ਾਸਤਰ ਦਾ ਗਿਆਨ ਨਹੀਂ ਹੁੰਦਾ। ਸਾਡੀਆਂ ਸਭਿਆਚਾਰਕ ਤੇ ਬੌਧਿਕ ਰਵਾਇਤਾਂ ਬਾਰੇ ਜਾਣਕਾਰੀ ਵੀ ਸਤਹੀ ਪੱਧਰ ਦੀ ਹੁੰਦੀ ਹੈ। ਅਜਿਹੇ ਲੋਕਾਂ ਨੂੰ ਸਿੱਖਿਆ ਦਾ ਭਾਰਤੀਕਰਨ ਕਿਵੇਂ ਨਹੀਂ ਹੋਣ ਦੇਣਾ, ਪੇਸ਼ ਕਰਨ ਵਾਲੇ ਮਾਡਲ ਹੀ ਕਿਹਾ ਜਾ ਸਕਦਾ ਹੈ। ਬਿਨਾਂ ਸ਼ੱਕ, ਸਾਡੀ ਸਿੱਖਿਆ ਪ੍ਰਣਾਲੀ ਦੇ ਭਾਰਤੀਕਰਨ ਦਾ ਅਰਥ ਹਰ ਭਾਰਤੀ ਚੀਜ਼ ਦੀ ਸ਼ਲਾਘਾ ਕਰਨਾ ਨਹੀਂ ਹੈ। ਇਸ ਦਾ ਅਰਥ ਇਹ ਵੀ ਨਹੀਂ ਕਿ ਅਸੀਂ ਆਪਣੀ ਸੋਚ ਦੇ ਦਰਵਾਜ਼ੇ, ਦੁਨੀਆਂ ਦੇ ਹੋਰ ਹਿੱਸਿਆਂ ਤੋਂ ਗਿਆਨ ਹਾਸਲ ਕਰਨ ਵੱਲ ਬੰਦ ਹੀ ਕਰ ਦੇਈਏ। ਤੇ, ਇਸ ਦੇ ਅਰਥ ਇਹ ਵੀ ਨਹੀਂ ਹੋ ਸਕਦੇ ਕਿ ਸਿੱਖਿਆ ਲਈ ਘੋਟਾ-ਲਾਊ ਤਰੀਕਾ ਹੀ ਅਪਣਾਇਆ ਜਾਵੇ, ਜਿਹੜਾ ਸਾਡੀਆਂ ਰਵਾਇਤਾਂ ਵਿੱਚ ਸਮਾਇਆ ਹੋਇਆ ਹੈ।

ਸਿੱਖਿਆ ਦੇ ਭਾਰਤੀਕਰਨ ਲਈ ਸੰਜੀਦਾ ਏਜੰਡਾ ਤਿਆਰ ਹੋਣਾ ਚਾਹੀਦਾ ਹੈ। ਇਸ ਵਿੱਚ ਸਭ ਤੋਂ ਪਹਿਲਾਂ ਆਪਣੀਆਂ ਭਾਸ਼ਾਵਾਂ ਉਪਰ ਗੰਭੀਰਤਾ ਨਾਲ ਧਿਆਨ ਦਿੱਤਾ ਜਾਵੇ। ਅੰਗਰੇਜ਼ੀ ਨੂੰ ਵੀ ਹੁਣ ਭਾਰਤੀ ਭਾਸ਼ਾ ਵਾਂਗ ਲਿਆ ਜਾਣਾ ਚਾਹੀਦਾ ਹੈ। ਕਿਸੇ ਵੀ ਬੱਚੇ ਨੂੰ ਵਿਸ਼ਵ ਪੱਧਰ ਤੱਕ ਆਪਣੀ ਪ੍ਰਤਿਭਾ ਦੇ ਪ੍ਰਗਟਾਵੇ ਤੋਂ ਵਾਂਝੇ ਨਹੀਂ ਕੀਤਾ ਜਾਣਾ ਚਾਹੀਦਾ ਜਿਹੜਾ ਅੰਗਰੇਜ਼ੀ ਰਾਹੀਂ ਹੀ ਦੁਨੀਆਂ ਭਰ ਤੱਕ ਪਹੁੰਚਦਾ ਹੈ; ਪਰ ਇਹ ਨਿਆਂ ਨਹੀਂ ਕਿ ਸਾਡੇ ਬੱਚਿਆਂ ਨੂੰ ਅੰਗਰੇਜ਼ੀ ਮੀਡੀਅਮ ਰਾਹੀਂ ਪੜ੍ਹਾਇਆ ਜਾਵੇ। ਬੱਚਿਆਂ ਨੂੰ ਮਾਤ ਭਾਸ਼ਾ ਰਾਹੀਂ ਪੜ੍ਹਾਉਣ ਅਤੇ ਸਿਖਾਉਣ ਦਾ ਸਿਧਾਂਤ ਅਤੇ ਬਹੁਤੀਆਂ ਭਾਰਤੀ ਭਾਸ਼ਾਵਾਂ ਸਿੱਖਣ ਲਈ ਤਿੰਨ-ਭਾਸ਼ੀ ਫਾਰਮੂਲਾ ਬਹਾਲ

ਬਾਕੀ ਸਫ਼ਾ 33 'ਤੇ

# ਅਣਖੀ ਧੜੇ ਨੇ ਚੀਫ਼ ਖ਼ਾਲਸਾ ਦੀਵਾਨ ਦੀ ਚੋਣ ਲਈ ਉਮੀਦਵਾਰ ਐਲਾਨੇ

**ਅੰਮ੍ਰਿਤਸਰ/ਬਿਊਰੋ ਨਿਊਜ਼**

ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਚੋਣ ਲਈ ਨਿਯੁਕਤ ਕੀਤੇ ਰਿਟਰਨਿੰਗ ਅਧਿਕਾਰੀਆਂ ਵੱਲੋਂ ਚੋਣ ਪ੍ਰੋਗਰਾਮ ਜਾਰੀ ਕਰਨ ਮਗਰੋਂ ਇਸ ਸਬੰਧੀ ਸਰਗਰਮੀਆਂ ਵਧ ਗਈਆਂ ਹਨ। ਇੱਕ ਧਿਰ ਨੇ ਆਪਣੇ ਤਿੰਨ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ। ਸੰਸਥਾ ਦੇ ਸਾਬਕਾ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਧੜੇ ਨਾਲ ਜੁੜੇ ਮੈਂਬਰਾਂ ਵੱਲੋਂ ਇਸ ਸਬੰਧੀ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਪ੍ਰਧਾਨ ਦੇ ਅਹੁਦੇ ਲਏ ਰਾਜ ਮਹਿੰਦਰ ਸਿੰਘ ਮਜੀਠੀਆ, ਮੀਤ ਪ੍ਰਧਾਨ ਦੇ ਅਹੁਦੇ ਲਈ ਨਿਰਮਲ ਸਿੰਘ ਠੇਕੇਦਾਰ ਅਤੇ ਆਨਰੇਰੀ ਸਕੱਤਰ ਦੇ ਅਹੁਦੇ ਲਈ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਮੀਟਿੰਗ ਵਿੱਚ ਦੀਵਾਨ ਦੇ ਸਾਬਕਾ ਆਗੂ ਚਰਨਜੀਤ ਸਿੰਘ ਚੱਢਾ ਦੀ ਇਤਰਾਜ਼ਯੋਗ ਵੀਡੀਓ ਵਿਚਲੇ ਦ੍ਰਿਸ਼ਾਂ ਦੀ ਆਲੋਚਨਾ ਕੀਤੀ ਗਈ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਚੱਢਾ ਦੇ ਕਾਰਜਕਾਲ ਦੌਰਾਨ ਸੰਸਥਾ ਦੇ ਸੰਵਿਧਾਨ ਨਾਲ ਵੀ ਬੇਲੋੜੀ ਛੇੜਛਾੜ ਕੀਤੀ ਗਈ ਅਤੇ ਧਰਮ ਪ੍ਰਚਾਰ ਨੂੰ ਮਨਫ਼ੀ ਕਰ ਦਿੱਤਾ ਗਿਆ ਹੈ। ਇਸ ਮੌਕੇ ਫ਼ੈਸਲਾ ਕੀਤਾ ਗਿਆ ਕਿ ਚੋਣ ਜਿੱਤਣ ਤੋਂ ਬਾਅਦ ਪੁਰਾਣੇ ਸੰਵਿਧਾਨ ਨੂੰ ਲਾਗੂ ਕੀਤਾ ਜਾਵੇਗਾ। ਇਸ ਮੌਕੇ ਸਰਬਸੰਮਤੀ ਨਾਲ ਧੜੇ ਦੇ ਤਿੰਨ ਮੈਂਬਰਾਂ ਨੂੰ ਚੋਣ ਲਈ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਵਿੱਚ ਇਹ ਮਾਮਲਾ ਵੀ ਚਰਚਾ ਦਾ ਵਿਸ਼ਾ ਰਿਹਾ ਕਿ ਦੀਵਾਨ ਦੇ ਸਮੂਹ ਮੈਂਬਰ ਅੰਮ੍ਰਿਤਧਾਰੀ ਬਣਨ। ਇਸ ਮੌਕੇ ਰਾਜ ਮਹਿੰਦਰ ਸਿੰਘ ਮਜੀਠੀਆ, ਨਿਰਮਲ ਸਿੰਘ ਠੇਕੇਦਾਰ, ਭਾਗ ਸਿੰਘ ਅਣਖੀ, ਵਰਿਆਮ ਸਿੰਘ, ਮਨਜੀਤ ਸਿੰਘ ਤਰਨ ਤਾਰਨੀ, ਤੇਜਿੰਦਰ ਸਿੰਘ ਤੇ ਹੋਰਾਂ ਨੇ ਸੰਬੋਧਨ ਕੀਤਾ।

***ਬਾਕੀ***

## ਖ਼ਾਲਿਸਤਾਨ ਮੁੜ ਚਰਚਾ 'ਚ : ਜ਼ਿੰਮੇਵਾਰ ਕੌਣ ?

ਕੌਮੀ ਪੱਧਰ 'ਤੇ ਮੋਦੀ ਦੇ ਉਭਾਰ ਅਤੇ ਉਨ੍ਹਾਂ ਦੇ ਕਾਰਜਾਂ ਰਾਹੀਂ ਭਾਰਤ ਅਸਲ ਵਿੱਚ ਹਿੰਦੂ ਬਹੁ-ਗਿਣਤੀ ਵਾਲਾ ਦੇਸ਼ ਬਣਦਾ ਜਾ ਰਿਹਾ ਹੈ, ਕਿਉਂਕਿ ਭਾਰਤੀ ਜਨਤਾ ਪਾਰਟੀ ਦੇਸ਼ ਦਾ ਇਤਿਹਾਸ ਦੁਬਾਰਾ ਲਿਖ ਰਹੀ ਹੈ, ਰਾਸ਼ਟਰਵਾਦ ਨੂੰ ਮੁੜ ਪਰਿਭਾਸ਼ਿਤ ਕਰ ਰਹੀ ਹੈ ਅਤੇ ਭਾਰਤ ਦੇ ਨਵੇਂ ਨਾਇਕ ਪੇਸ਼ ਕਰ ਰਹੀ ਹੈ। ਸਮੁੱਚੀ ਦੁਨੀਆ ਵਿੱਚ ਇਸ ਵੇਲੇ ਲੋਕਾਂ ਨੂੰ ਖ਼ੁਸ਼ ਕਰਨ ਵਾਲੇ ਫ਼ੈਸਲੇ ਕਰਨ, ਆਪਣੇ ਦੇਸ਼ ਨੂੰ ਪਹਿਲ ਦੇਣ ਅਤੇ ਉਦਾਰਵਾਦ ਦਾ ਵਿਰੋਧ ਕਰਨ ਦੀ ਹਵਾ ਚੱਲ ਰਹੀ ਹੈ। ਕਮਾਲ ਅੱਤਾਤੁਰਕ ਦਾ ਧਰਮ-ਨਿਰਪੱਖ ਤੁਰਕੀ ਹੁਣ ਨੀਮ-ਇਸਲਾਮੀ ਦੇਸ਼ ਬਣ ਗਿਆ ਹੈ। ਅਮਰੀਕਾ ਇਸ ਵੇਲੇ ਈਸਾਈ ਦੇਸ਼ ਬਣਨ ਦੇ ਰਾਹ ਤੁਰਿਆ ਹੋਇਆ ਹੈ ਅਤੇ ਪਹਿਲੀ ਸੋਧ ਨੂੰ ਰੱਦ ਕੀਤਾ ਜਾ ਰਿਹਾ ਹੈ, ਜਿਸ ਵਿੱਚ ਥੌਮਸ ਜੈਫ਼ਰਸਨ ਨੇ ਕਿਹਾ ਸੀ ਕਿ ਚਰਚ ਅਤੇ ਸਰਕਾਰ ਵਿਚਾਲੇ ਵਖਰੇਵੇਂ ਦੀ ਕੰਧ ਉਸਾਰ ਦਿੱਤੀ ਗਈ ਹੈ। ਚੀਨ ਵਿੱਚ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਮਾਓ 2.0 ਵਜੋਂ ਪੇਸ਼ ਕੀਤਾ ਗਿਆ ਹੈ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਸੱਤਾ ਪ੍ਰਾਪਤੀ ਲਈ ਆਪਣੇ ਦੇਸ਼ ਦੇ ਆਰਥੋਡੌਕਸ ਚਰਚ ਨੂੰ ਅਪਣਾ ਲਿਆ ਹੈ। ਹੁਣ ਧਾਰਮਿਕ ਰਹਿਨੁਮਾ ਪੂਤਿਨ ਲਈ ਪ੍ਰਚਾਰ ਕਰਦਾ ਹੈ ਤੇ ਲੈਨਿਨ ਦੇ ਬੁੱਤਾਂ ਦੀ ਥਾਂ ਹੁਣ ਧਾਰਮਿਕ ਬੁੱਤਾਂ ਨੇ ਲੈ ਲਈ ਹੈ।

14ਵੀਂ ਸਦੀ ਵਿੱਚ ਚਿਸ਼ਤੀ ਸ਼ੇਖ਼ ਨਿਜ਼ਾਮ-ਉਦ-ਦੀਨ ਔਲੀਆ ਨੇ ਆਖਿਆ ਸੀ, "ਮੇਰੇ ਕਮਰੇ ਦੇ ਦੋ ਬੂਹੇ ਹਨ; ਜੇ ਸੁਲਤਾਨ ਇੱਕ ਬੂਹੇ ਵਿੱਚੋਂ ਆਉਂਦਾ ਹੈ, ਤਾਂ ਮੈਂ ਦੂਜੇ ਵਿੱਚੋਂ ਬਾਹਰ ਨਿੱਕਲ ਜਾਂਦਾ ਹਾਂ।" ਜੈਫ਼ਰਸਨ ਦੀ ਕੰਧ ਦਾ ਇਹ ਸੂਫ਼ੀ ਸੰਸਕਰਨ ਸੀ। ਸਨਾਤਨੀ ਤੇ ਰਾਸ਼ਟਰਵਾਦੀ ਤਾਕਤਾਂ ਦੇ ਉਭਾਰ ਨਾਲ ਇਹ ਕੰਧਾਂ ਡਿੱਗ ਜਾਂਦੀਆਂ ਹਨ; ਪਰ ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਭਾਰਤ ਵਿੱਚ ਜਿਹੜੇ ਸਿੱਖਾਂ ਦੀ ਆਬਾਦੀ 1.7 ਫ਼ੀ ਸਦੀ ਅਤੇ ਕੈਨੇਡਾ ਵਿੱਚ 1.4 ਫ਼ੀ ਸਦੀ ਹੈ, ਉਸ ਦੇ ਨੌਜਵਾਨ ਇਸ ਵੇਲੇ ਬੇਚੈਨ ਹੋ ਰਹੇ ਹਨ। ਸਿੱਖ ਧਾਰਮਿਕ ਰਹਿਨੁਮਾਵਾਂ ਵਿੱਚ ਲੀਡਰਸ਼ਿਪ ਦਾ ਸੰਕਟ ਵੱਖਰੇ ਤੌਰ 'ਤੇ ਹੈ। ਅਜਿਹੇ ਹਾਲਾਤ ਵਿੱਚ ਪੰਜਾਬ ਤੇ ਭਾਰਤ ਵਿੱਚ ਤਾਂ ਅਤੀਤ ਦੇ ਭੂਤ ਸੁਰਜੀਤ ਹੋਣ ਦਾ ਖ਼ਤਰਾ ਬਣਿਆ ਹੀ ਰਹੇਗਾ। ਵੱਡੇ ਲੋਕਤੰਤਰੀ ਦੇਸ਼ਾਂ ਵਿੱਚ ਉਮੀਦ ਦੀ ਕਿਰਨ ਇਸ ਗੱਲ ਵਿੱਚ ਹੈ ਕਿ ਲੋਕ 21ਵੀਂ ਸਦੀ ਦੇ ਨਵ-ਸਮਰਾਟਾਂ ਦੀ ਇਸ ਹਵਾ ਨੂੰ ਅੱਖੋਂ ਪਰੋਖੇ ਕਰ ਦੇਣਗੇ ਅਤੇ ਸਿਰਫ਼ ਉਦਾਰਵਾਦੀ ਤੇ ਜਮਹੂਰੀ ਸਿਆਸਤ ਅਪਣਾਉਣ ਵਾਲੇ ਆਗੂਆਂ ਨੂੰ ਹੀ ਚੁਣਨਗੇ।

'ਲੇਖਕ ਵਿਦੇਸ਼ ਮੰਤਰਾਲੇ ਵਿੱਚ ਸਕੱਤਰ ਰਹਿ ਚੁੱਕਾ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

## ਖੱਟਰ ਵਲੋਂ ਹਰਿਆਣਾ ਵਿਧਾਨ ਸਭਾ ਦੀਆਂ ਅਗਾਊ ਚੋਣਾਂ ਬਾਰੇ ਅਫ਼ਵਾਹਾਂ ਦਾ ਖੰਡਨ

ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਪਰ ਕੀਤੀ ਟਿੱਪਣੀਬਾਰੇ ਸਵਾਲ ਕੀਤਾ ਤਾਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣਾਉਣ ਦਾ ਸੁਪਨਾ ਲੈਣ ਵਿੱਚ ਕੋਈ ਹਰਜ਼ ਨਹੀਂ ਹੈ। ਉਨ੍ਹਾਂ ਐਲਾਨ ਕੀਤਾ ਕਿ ਦੁਧਾਰੂ ਪਸ਼ੂਆਂ ਨੂੰ ਆਵਾਰਾ ਛੱਡਣ ਵਾਲਿਆਂ ਉਪਰ 5 ਹਜ਼ਾਰ ਰੁਪਏ ਜੁਰਮਾਨਾ ਲਾਉਣ ਲਈ ਜਲਦ ਹੀ ਸਖਤ ਕਾਨੂੰਨ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਪਸ਼ੂਆਂ ਦੀ ਟੈਗਿੰਗ ਕਰਨ ਦਾ ਫੈਸਲਾ ਲਿਆ ਹੈ ਜਿਸ ਤਹਿਤ ਬੇਸਹਾਰਾ ਅਤੇ ਘਰਾਂ ਵਿਚ ਰੱਖੇ ਸਾਰੇ ਪਸ਼ੂਆਂ ਦੀ ਟੈਗਿੰਗ ਕੀਤੀ ਜਾਵੇਗੀ ਤਾਂ ਜੋ ਕੋਈ ਪਸ਼ੂਆਂ ਨੂੰ ਆਵਾਰਾ ਨਾ ਛੱਡ ਸਕੇ। ਸ੍ਰੀ ਖੱਟਰ ਨੇ ਐਲਾਨ ਕੀਤਾ ਕਿ ਹੁਣ ਭਰਤੀ ਪੂਰੀ ਤਰ੍ਹਾਂ ਮੈਰਿਟ ਅਤੇ ਪਾਰਦਰਸ਼ੀ ਢੰਗ ਨਾਲ ਕਰਨ ਲਈ ਇੰਟਰਵਿਊ ਦੇ ਨੰਬਰ ਨਾ ਰੱਖਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅੰਬਾਲਾ ਵਿਚ ਹੋਏ ਮਨਰੇਗਾ ਘਪਲੇ ਦੀ ਰਿਪੋਰਟ ਉਨ੍ਹਾਂ ਕੋਲ ਆ ਗਈ ਹੈ ਅਤੇ ਜਲਦ ਹੀ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਪਹਿਲਾਂ ਹੀ ਸਤਲੁਜ ਯਮੁਨਾ ਨਹਿਰ (ਐਸਵਾਈਐਲ) ਦੇ ਮਾਮਲੇ ਵਿੱਚ ਹਰਿਆਣਾ ਦੇ ਹੱਕ ਵਿਚ ਫੈਸਲਾ ਦੇ ਚੁੱਕਾ ਹੈ ਅਤੇ ਹੁਣ ਕੇਵਲ ਇਸ ਦੀ ਉਸਾਰੀ ਕਰਨ ਬਾਰੇ ਹੀ ਆਦੇਸ਼ ਆਉਣੇ ਬਾਕੀ ਹਨ। ਉਨ੍ਹਾਂ ਦੋਸ਼ ਲਾਇਆ ਕਿ ਵਿਰੋਧੀ ਧਿਰਾਂ ਇਸ ਨੂੰ ਸਿਆਸੀ ਮੁੱਦਾ ਬਣਾ ਕੇ ਖਿਲਾਰਾ ਪਾ ਰਹੀਆਂ ਹਨ।

## ਪੁਸਤਕ ਰਿਆਲਿਟੀ ਲਈ ਕੀਤੇ ਧੋਖੇ ਕਾਰਨ ਖਲੀ 'ਤੇ ਕੇਸ ਦਰਜ

ਵਿਨੀਤ ਕਿਹਾ ਕਿ 21 ਅਗਸਤ 2017 ਨੂੰ ਮੈਨੂੰ ਇਕ ਈਮੇਲ ਮਿਲੀ ਕਿ ਖਲੀ ਨੇ ਇਕ ਮੋਟੀ ਰਕਮ ਲੈ ਕੇ ਆਪਣੀ ਸਵੈ-ਜੀਵਨੀ ਦੇ ਫਿਲਮ ਰਾਈਟਸ ਉਨ੍ਹਾਂ ਨੂੰ ਵੇਚ ਦਿੱਤੇ ਹਨ। ਮੈਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਮੈਂ ਖਲੀ ਨਾਲ ਗੱਲਬਾਤ ਕੀਤੀ ਤਾਂ ਖਲੀ ਵਲੋਂ ਨਾਂਹ- ਨੁੱਕਰ ਕੀਤੀ ਤੇ ਉਸ ਨੇ ਮੈਨੂੰ ਇਹ ਕਹਿ ਕੇ ਟਰਕਾਉਣ ਦਾ ਯਤਨ ਕੀਤਾ ਕਿ ਹਾਲੇ ਤਾਂ ਸਿਰਫ਼ ਗੱਲਬਾਤ ਚੱਲ ਰਹੀ ਹੈ ਪਰ ਬਾਅਦ ਵਿਚ ਵੱਖ-ਵੱਖ ਚੈਨਲਾਂ ਤੇ ਅਖਬਾਰਾਂ ਦੀਆਂ ਖਬਰਾਂ ਤੋਂ ਪਤਾ ਲੱਗਾ ਹੈ ਕਿ ਰਾਈਟਸ ਤਾਂ ਸੱਚਮੁੱਚ ਵੇਚੇ ਜਾ ਚੁੱਕੇ ਹਨ। ਬਾਂਸਲ ਨੇ ਦੱਸਿਆ ਕਿ ਜਦੋਂ ਉਕਤ ਬਾਰੇ ਖਲੀ ਨਾਲ ਗੱਲਬਾਤ ਕੀਤੀ ਤੇ ਇਸ ਬਾਰੇ ਪੁੱਛਿਆ ਤਾਂ ਖਲੀ ਨੇ ਸਾਫ਼ ਤੌਰ 'ਤੇ ਮੇਰਾ ਹਿੱਸਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। ਇਸ ਲਈ ਆਪਣੇ ਮਿਹਨਤਾਨੇ ਸਬੰਧੀ ਆਪਣੇ ਐਡਵੋਕੇਟ ਅਮਿਤ ਬਾਂਸਲ ਰਾਹੀਂ ਖਲੀ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਗਿਆ ਪਰੰਤੂ ਇਸ ਨੋਟਿਸ ਦਾ ਵੀ ਕੋਈ ਜਵਾਬ ਨਹੀਂ ਦਿੱਤਾ ਗਿਆ। ਬਾਂਸਲ ਨੇ ਕਿਹਾ ਕਿ ਆਪਣੇ ਹੱਕ ਦੀ ਲੜਾਈ ਆਪਣੇ ਉਪਰੋਕਤ ਐਡਵੋਕੇਟ ਰਾਹੀਂ ਗਿੱਦੜਬਾਹਾ ਕੋਰਟ ਵਿਚ 20 ਫਰਵਰੀ 2018 ਨੂੰ ਕੇਸ ਫਾਈਲ ਕੀਤਾ ਹੈ, ਜੋ ਕਿ ਅਦਾਲਤੀ ਕਾਰਵਾਈ ਅਧੀਨ ਹੈ। ਦੂਜੇ ਪਾਸੇ ਖਲੀ ਨੇ ਕਿਹਾ ਕਿ ਬਾਂਸਲ ਨੇ ਉਨ੍ਹਾਂ ਦੀ ਜੀਵਨੀ 'ਤੇ ਕਿਤਾਬ ਲਿਖੀ ਸੀ। ਸਵੈ-ਜੀਵਨੀ ਦੀ ਰਾਇਲਟੀ ਦੀ ਅਜੇ ਗੱਲ ਚਲ ਰਹੀ ਹੈ। ਇਹ ਤਾਂ ਅਜੇ ਮੈਨੂੰ ਵੀ ਨਹੀਂ ਮਿਲੀ, ਉਹ ਤਾਂ ਪੁਸਤਕ ਛਾਪਣ ਵਾਲੀ ਕੰਪਨੀ ਨੇ ਦੇਣੀ ਹੈ। ਖਲੀ ਨੇ ਵਿਨੀਤ ਰ ਦੇ ਇਸ ਕਦਮ ਨੂੰ ਸਸਤੀ ਸ਼ੋਹਰਤ ਹਾਸਲ ਕਰਨ ਦਾ ਸਟੰਟ ਦੱਸਿਆ ਹੈ। ਅਦਾਲਤ ਨੇ ਗ੍ਰੇਟ ਖਲੀ ਨੂੰ 2 ਅਪਰੈਲ ਨੂੰ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

# ਮਾਰਕਸਵਾਦ ਤੋਂ ਉਤਮ ਫਲਸਫਾ ਹੈ ਸਿਖ ਧਰਮ

**ਡਾ. ਸਵਰਾਜ ਸਿੰਘ**

ਸਾਡੇ ਲਈ ਅੱਜ ਇਹ ਸਮਝਣਾ ਅਤੇ ਇਸ ਤੱਥ ਦਾ ਦਾਅਵਾ ਕਰਨਾ ਬਹੁਤ ਜ਼ਰੂਰੀ ਹੈ ਕਿ ਸਿਖ ਫਲਸਫਾ ਹੀ ਇਕ ਅਜਿਹਾ ਫਲਸਫਾ ਹੈ ਜੋ ਅਸਲੀ ਅਰਥਾਂ ਵਿਚ ਸਰਬ ਵਿਆਪਕ ਹੋਣ ਦੇ ਪੈਮਾਨੇ 'ਤੇ ਪੂਰਾ ਉਤਰਦਾ ਹੈ। ਅਜੋਕਾ ਯੁੱਗ ਸੰਸਾਰੀਕਰਨ ਦਾ ਯੁੱਗ ਹੈ, ਪਰੰਤੂ ਇਸ ਸੰਸਾਰੀਕਰਨ ਨਾਲ ਵੱਡੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ, ਕਿਉਂਕਿ ਇਸ ਸੰਸਾਰੀਕਰਨ ਕੋਲ ਵਿਸ਼ਵ ਦ੍ਰਿਸ਼ਟੀ ਨਹੀਂ ਹੈ, ਇਹ ਸਿਰਫ਼ ਆਰਥਿਕ ਸੰਸਾਰੀਕਰਨ ਤਕ ਹੀ ਸੀਮਤ ਹੈ, ਇਸ ਦਾ ਕੋਈ ਨੈਤਿਕ ਪੱਖ ਨਹੀਂ ਹੈ। ਇਹ ਸੰਸਾਰੀਕਰਨ ਇਕ ਸੱਚਾ ਵਿਸ਼ਵ ਭਾਈਚਾਰਾ ਉਸਾਰਨ ਵਿਚ ਪੂਰੀ ਤਰ੍ਹਾਂ ਅਸਫਲ ਰਿਹਾ ਹੈ, ਜਦੋਂ ਕਿ ਸਿਖ ਫਲਸਫੇ ਕੋਲ ਇਕ ਸੱਚੇ ਵਿਸ਼ਵ ਭਾਈਚਾਰੇ ਦਾ ਸੰਕਲਪ ਹੈ। ਅਜਿਹੇ ਭਾਈਚਾਰੇ ਦਾ ਆਧਾਰ ਸਿਖ ਫਲਸਫੇ ਦੇ ਦੋ ਬੁਨਿਆਦੀ ਸਿਧਾਂਤਾਂ, ਸਮੁੱਚੀ ਮਨੁੱਖਤਾ ਦੀ ਚਿੰਤਾ ਤੇ ਸਰਬੱਤ ਦੇ ਭਲੇ 'ਤੇ ਆਧਾਰਿਤ ਹੈ। ਅੱਜ ਸੰਸਾਰ ਨੂੰ ਇਕ ਅਜਿਹੇ ਸਰਬ ਵਿਆਪਕ ਫਲਸਫੇ ਦੀ ਲੋੜ ਹੈ, ਜਿਸ ਨੂੰ ਕਿ ਸਾਰਾ ਸੰਸਾਰ ਸਵੀਕਾਰ ਕਰ ਸਕੇ। ਮੈਨੂੰ ਲੱਗਦਾ ਹੈ ਕਿ ਸਿਰਫ਼ ਸਿਖ ਫਲਸਫੇ ਵਿਚ ਇਹ ਖੂਬਸੂਰਤੀਆਂ ਮੌਜੂਦ ਹਨ, ਕਿਉਂਕਿ ਦੂਜੇ ਫਲਸਫੇ ਕਿਸੇ ਨਾ ਕਿਸੇ ਤਰ੍ਹਾਂ ਸਰਬ ਵਿਆਪਕਤਾ ਨੂੰ ਸੀਮਤ ਕਰ ਦਿੰਦੇ ਹਨ।

ਬਹੁਤ ਸਾਰੇ ਫਲਸਫੇ ਇਕ ਸੀਮਤ ਵਰਗ ਨੂੰ ਹੀ ਸੰਬੋਧਿਤ ਹੋ ਰਹੇ ਹੁੰਦੇ ਹਨ, ਜਿਵੇਂ ਕਿ ਹਿੰਦੂ, ਮੁਸਲਮਾਨ, ਯਹੂਦੀ ਅਤੇ ਇਸਾਈ ਧਰਮ ਆਦਿ ਆਪਣੇ-ਆਪਣੇ ਪੈਰੋਕਾਰਾਂ ਨੂੰ ਹੀ ਜ਼ਿਆਦਾਤਰ ਸੰਬੋਧਿਤ ਹੋਣ ਦਾ ਯਤਨ ਕਰਦੇ ਹਨ। ਭਾਵੇਂ ਕਿ ਬੁੱਧ ਅਤੇ ਜੈਨ ਧਰਮ ਨਿਰੋਲ ਗਿਆਨ 'ਤੇ ਆਧਾਰਿਤ ਹੋਣ ਦਾ ਦਾਅਵਾ ਕਰਦੇ ਹਨ, ਪਰੰਤੂ ਫਿਰ ਵੀ ਅਸਲ ਵਿਚ ਉਨ੍ਹਾਂ ਦੀ ਪਹੁੰਚ ਆਪਣੇ ਸ਼ਰਧਾਲੂਆਂ ਤਕ ਹੀ ਜ਼ਿਆਦਾਤਰ ਸੀਮਤ ਲੱਗਦੀ ਹੈ। ਇਸਲਾਮ ਵਿਚ ਸਰਬ ਵਿਆਪਕਤਾ ਦਾ ਸੰਕਲਪ ਹੈ, ਪਰੰਤੂ ਇਸਲਾਮ ਸਰਬ ਵਿਆਪਕ ਮਨੁੱਖੀ ਭਾਈਚਾਰੇ ਦੀ ਥਾਂ 'ਤੇ ਵਿਸ਼ਵ ਮੁਸਲਿਮ ਭਾਈਚਾਰੇ ਦਾ ਸੱਦਾ ਦਿੰਦਾ ਹੈ। ਮਾਰਕਸਵਾਦ ਪ੍ਰੋਲੋਤਾਰੀ ਕੌਮਾਂਤਰੀ ਦਾ ਪੈਰੋਕਾਰ ਹੋਣ ਦਾ ਦਾਅਵਾ ਕਰਦਾ ਹੈ, ਪਰੰਤੂ ਮਾਰਕਸਵਾਦ ਦਾ ਕੌਮਾਂਤਰੀਵਾਦ ਪ੍ਰੋਲੋਤਾਰੀ ਤਕ ਸੀਮਤ ਹੈ ਤੇ ਸਾਰੀ ਮਨੁੱਖਤਾ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਦਾਅਵਾ ਹੀ ਨਹੀਂ ਕਰਦਾ। ਹੁਣ ਕੌਣ ਪ੍ਰੋਲੋਤਾਰੀ ਹੈ, ਇਸ ਦਾ ਫ਼ੈਸਲਾ ਕਿਵੇਂ ਕੀਤਾ ਜਾਵੇ, ਪ੍ਰੋਲੋਤਾਰੀ ਤੋਂ ਮਾਰਕਸ ਦਾ ਪ੍ਰਭਾਵ ਜ਼ਿਆਦਾਤਰ ਇੰਡਸਟਰੀ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਤੋਂ ਹੈ, ਬਾਅਦ ਵਿਚ ਸਾਰੇ ਕਾਮਿਆਂ ਨੂੰ ਇਸ ਵਿਚ ਸ਼ਾਮਲ ਸਮਝਿਆ ਗਿਆ, ਫਿਰ ਕਿਸਾਨਾਂ ਨੂੰ ਵੀ ਪ੍ਰੋਲੋਤਾਰੀ ਜਮਾਤ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਸਿਰਫ਼ ਸਰਮਾਏਦਾਰੀ ਨੂੰ ਹੀ ਦੁਸ਼ਮਣ ਜਮਾਤ ਵਿਚ ਸ਼ਾਮਲ ਕੀਤਾ ਗਿਆ। ਪਰੰਤੂ ਮਾਓ ਨੇ ਸਰਮਾਏਦਾਰੀ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਕ ਰਾਸ਼ਟਰਵਾਦੀ ਅਤੇ ਦੂਜੀ ਸਾਮਰਾਜ ਦੀ ਦਲਾਲ ਕਿਹਾ ਜਾਂਦਾ ਹੈ। ਜ਼ਾਹਿਰ ਹੈ ਕਿ ਕਿਸੇ ਨਾ ਕਿਸੇ ਰੂਪ ਵਿਚ ਬਾਕੀ ਫਲਸਫੇ ਕੁਝ ਵਰਗਾਂ ਨੂੰ ਮਿੱਤਰ ਕੁਝ ਵਰਗਾਂ ਨੂੰ ਦੁਸ਼ਮਣ ਸਮਝਦੇ ਹਨ। ਸਿਖ ਫਲਸਫੇ ਦੀ ਵਿਲੱਖਣਤਾ ਹੈ ਕਿ ਉਹ ਸਾਰੇ ਮਨੁੱਖਾਂ ਨੂੰ ਹੀ ਨਹੀਂ, ਸਗੋਂ ਸਰਬਤ, ਜਿਸ ਵਿਚ ਨਾ ਸਿਰਫ਼ ਸਾਰੇ ਮਨੁੱਖ, ਸਗੋਂ ਸਾਰੀ ਸ੍ਰਿਸ਼ਟੀ ਜਿਸ ਵਿਚ ਜੀਵ ਜੰਤੂ ਹੀ ਨਹੀਂ, ਸਗੋਂ ਹਵਾ, ਪਾਣੀ ਤੇ ਧਰਤੀ ਅਰਥਾਤ ਉਨ੍ਹਾਂ ਚੀਜ਼ਾਂ ਨੂੰ ਜਿਨ੍ਹਾਂ ਨੂੰ ਅਸੀਂ ਬੇਜਾਨ ਸਮਝਦੇ ਹਾਂ, ਵੀ ਸ਼ਾਮਲ ਕਰਦਾ ਹੈ। ਇਹ ਦਾਅਵਾ ਇਸ ਸਿਧਾਂਤ 'ਤੇ ਆਧਾਰਿਤ ਹੈ ਕਿ ਸਾਰੀ ਸ੍ਰਿਸ਼ਟੀ ਇਕੋ ਸਰੋਤ ਤੋਂ ਪੈਦਾ ਹੋਈ ਹੈ। ਇਸ ਲਈ ਸਾਰੀ ਸ੍ਰਿਸ਼ਟੀ ਇਕ ਸਰਬਵਿਆਪਕ ਭਾਈਚਾਰੇ ਵਿਚ ਬੱਝੀ ਹੋਈ ਹੈ। ਸਿਖ ਸਿਧਾਂਤ ਅਨੁਸਾਰ ਸਦੀਵੀ ਸੱਚ ਜਾਂ ਅਟੱਲ ਸੱਚ ਜਾਂ ਅੰਤਿਮ ਸੱਚਾਈ ਇਕ ਹੀ ਹੈ, ਜੋ ਕਿ ਸਮੇਂ ਜਾਂ ਸਥਾਨ ਤੋਂ ਸੁਤੰਤਰ ਹੈ। ਇਹ ਸੱਚਾਈ ਨਾ ਕਦੇ ਬਦਲਦੀ ਹੈ ਤੇ ਨਾ ਨਾਸ਼ ਹੁੰਦੀ ਹੈ, ਨਾ ਜੰਮਦੀ ਹੈ ਅਤੇ ਨਾ ਮਰਦੀ ਹੈ। ਇਹ ਹਮੇਸ਼ਾਂ ਸੀ, ਹੁਣ ਵੀ ਹੈ ਅਤੇ ਹਮੇਸ਼ਾਂ ਰਹੇਗੀ। ਇਸ ਨੂੰ ਨਿਰਗੁਣ ਕਿਹਾ ਗਿਆ ਹੈ। ਬਾਕੀ ਸਭ ਸੱਚਾਈਆਂ ਇਸੇ ਸੱਚਾਈ ਵਿਚੋਂ ਉਪਜਦੀਆਂ ਹਨ ਅਤੇ ਇਸੇ ਵਿਚ ਹੀ ਸਮਾਅ ਜਾਂਦੀਆਂ ਹਨ। ਇਹ ਸੱਚਾਈਆਂ ਹਮੇਸ਼ਾਂ ਬਦਲਦੀਆਂ ਰਹਿੰਦੀਆਂ ਹਨ। ਦੂਜੇ ਸ਼ਬਦਾਂ ਵਿਚ ਇਹ ਸਮੇਂ ਅਤੇ ਸਥਾਨ ਦੀ ਮਾਰ ਹੇਠ ਹਨ। ਇਹ ਪ੍ਰਗਟ ਸੱਚਾਈਆਂ ਸਰਗੁਣ ਹਨ। ਨਿਰਗੁਣ ਤੋਂ ਭਾਵ ਹੈ ਕਿ ਗੁਣਾਂ ਤੋਂ ਰਹਿਤ ਹੋਣਾ, ਜਿਵੇਂ ਕਿ ਅਕਾਰ, ਰੰਗ ਤੇ ਰੂਪ ਆਦਿ। ਕਿਉਂਕਿ ਜਿਸ ਚੀਜ਼ ਵਿਚ ਗੁਣ ਵੇਖੇ ਜਾਂ ਮਹਿਸੂਸ ਕੀਤੇ ਜਾ ਸਕਦੇ ਹਨ ਉਹ ਸਰਗੁਣ ਹੈ ਅਤੇ ਇਹ ਸਮੇਂ ਅਤੇ ਸਥਾਨ ਤੋਂ ਸੁਤੰਤਰ ਨਹੀਂ ਹੋ ਸਕਦੀ। ਪਰੰਤੂ ਨਿਰਗੁਣ ਵਿਚ ਅਜਿਹਾ ਕੋਈ ਗੁਣ ਨਹੀਂ, ਜੋ ਉਸ ਨੂੰ ਸਮੇਂ ਜਾਂ ਸਥਾਨ ਦੀ ਮਾਰ ਹੇਠ ਲੈ ਆਵੇ। ਇਸ ਲਈ ਉਸ ਨੂੰ ਅਕਾਲ, ਨਿਰੰਕਾਰ ਅਜੂਨੀ ਅਰਥਾਤ ਜੂਨਾਂ ਵਿਚ ਨਾ ਆਉਣ ਨਾਲ ਅਤੇ ਸੈਭੰ ਅਰਥਾਤ ਜੋ ਹੋਰ ਕਿਸੇ ਤੋਂ ਪੈਦਾ ਨਹੀਂ ਹੁੰਦੀ ਅਤੇ ਆਪਣੇ ਆਪ ਵਿਚੋਂ ਹੀ ਪੈਦਾ ਹੁੰਦੀ ਹੈ, ਪਰੰਤੂ ਸਿਖ ਫਲਸਫਾ ਸਾਨੂੰ ਇਹ ਸਮਝਾਉਂਦਾ ਕਿ ਨਿਰਗੁਣ ਅਤੇ ਸਰਗੁਣ ਜੋ ਵੱਖ-ਵੱਖ ਸੱਚਾਈਆਂ ਨਹੀਂ ਹਨ, ਸਗੋਂ ਇਕੋ ਹੀ ਸਚਾਈ ਦੇ ਦੋ ਰੂਪ ਹਨ। ਸਰਗੁਣ ਸੱਚਾਈ ਨਿਰਗੁਣ ਵਿਚੋਂ ਹੀ ਨਿਕਲਦੀ ਹੈ ਅਤੇ ਉਸੇ ਵਿਚ ਸਮਾਅ ਜਾਂਦੀ ਹੈ। ਸੋ ਸੰਸਾਰ ਦੀ ਅਸਲੀ ਸੱਚਾਈ ਇਕ ਹੀ ਹੈ, ਇਹ ਸਿਧਾਂਤ ਹੀ ਮਨੁੱਖੀ ਭਾਈਚਾਰੇ ਅਤੇ ਸਰਬ-ਸਾਂਝੀਵਾਲਤਾ ਦਾ ਆਧਾਰ ਬਣਾਉਂਦਾ ।

ਸਿਖ ਫਲਸਫੇ ਸਾਂਝੀਵਾਲਤਾ ਦੇ ਭਾਈਚਾਰੇ ਦਾ ਸੰਕਲਪ ਹੈ, ਜਿਸ ਵਿਚ ਸਾਰੇ ਮਨੁੱਖ ਸ਼ਾਮਲ ਹਨ। ਸਿਖ ਫਲਸਫੇ ਅਨੁਸਾਰ ਸਾਰੇ ਮਨੁੱਖ ਇਕੋ ਸਰੋਤ ਤੋਂ ਪੈਦਾ ਹੋਏ ਹਨ ਇਸ ਲਈ ਉਹ ਇਕੋ ਪਿਤਾ ਦੀ ਔਲਾਦ ਕਹੇ ਜਾ ਸਕਦੇ ਹਨ। 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।। (611)' ਅਤੇ ਉਸ ਸਰੋਤ 'ਸਭ ਮਹਿ ਜੋਤਿ ਜੋਤਿ ਹੈ ਸੋਇ।। ਤਿਸ ਕੈ ਚਾਨਣਿ ਸਭਿ ਮਹਿ ਚਾਨਣੁ ਹੋਇ।। (13)' ਨੇ ਸਾਰੇ ਮਨੁੱਖ ਬਰਾਬਰ ਦੇ ਬਣਾਏ ਹਨ। ਕੋਈ ਚੰਗਾ ਜਾਂ ਮਾੜਾ ਨਹੀਂ ਬਣਾਇਆ। 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।। (1349)' ਤੇ ਸਿਖ ਫਲਸਫ਼ਾ ਸਾਰੇ ਮਨੁੱਖਾਂ ਨੂੰ ਆਪਣੇ ਕਲਾਵੇ ਵਿਚ ਲੈਣ ਵਾਲਾ ਹੈ। ਸਿਖ ਫਲਸਫੇ ਅਨੁਸਾਰ ਕੋਈ ਵੀ ਵੈਰੀ ਜਾਂ ਬੇਗਾਨਾ ਨਹੀਂ ਹੈ, ਸਗੋਂ ਸਾਰਿਆਂ ਨੂੰ ਆਪਣੇ ਭਾਈਚਾਰੇ ਦਾ ਅੰਗ ਸਮਝਣ ਦਾ ਉਪਦੇਸ਼ ਦਿੱਤਾ ਗਿਆ ਹੈ :

'ਬਿਸਰਿ ਗਈ ਸਭ ਤਾਤਿ ਪਰਾਈ।। ਜਬ ਤੇ ਸਾਧ ਸੰਗਤਿ ਮੋਹਿ ਪਾਈ।। ਨਾ ਕੋ ਵੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।। (1299)' ਅਜੋਕਾ ਸੰਸਾਰੀਕਰਨ ਇਕ ਸੱਚਾ ਵਿਸ਼ਵ ਭਾਈਚਾਰਾ ਉਸਾਰਨ ਵਿਚ ਅਸਫਲ ਰਿਹਾ ਹੈ,



ਕਿਉਂਕਿ ਇਹ ਇਕ ਸੱਚੀ ਵਿਸ਼ਵ ਦ੍ਰਿਸ਼ਟੀ ਨਹੀਂ ਪੈਦਾ ਕਰ ਸਕਿਆ। ਇਸ ਨੇ ਵੱਖ-ਵੱਖ ਸਭਿਆਚਾਰਾਂ, ਵੱਖ-ਵੱਖ ਧਰਮਾਂ ਅਤੇ ਵੱਖ-ਵੱਖ ਦੇਸਾਂ ਦੇ ਲੋਕਾਂ ਨੂੰ ਇਕ-ਦੂਜੇ ਦੇ ਨੇੜੇ ਲਿਆਉਣ ਦੀ ਬਜਾਏ ਉਨ੍ਹਾਂ ਵਿਚ ਵਖਰੇਵਾਂ ਵਧਾਇਆ ਹੈ। ਇਸ ਨੇ ਅਮੀਰ ਅਤੇ ਗ਼ਰੀਬ ਦੇਸਾਂ ਵਿਚ ਪਾੜਾ ਵਧਾਇਆ ਹੈ। ਇਸੇ ਤਰ੍ਹਾਂ ਸੰਸਾਰੀਕਰਨ ਨੇ ਦੂਜੇ ਸਭਿਆਚਾਰਾਂ ਨੇ ਆਪਣਾ ਖਪਤਕਾਰੀ ਸਭਿਆਚਾਰ ਥੋਪ ਕੇ ਉਨ੍ਹਾਂ ਦੇ ਨਿਆਰੇਪਣ ਅਤੇ ਸੁਤੰਤਰ ਹੋਂਦ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਹੈ। ਇਸ ਨਾਲ ਵੱਖ-ਵੱਖ ਸਭਿਅਤਾਵਾਂ ਵਿਚ ਟਕਰਾਅ ਵਧਿਆ ਹੈ ਅਤੇ ਵੱਖ-ਵੱਖ ਪਿਛੋਕੜਾਂ ਦੇ ਲੋਕ ਇਕ ਦੂਜੇ ਦੇ ਨੇੜੇ ਆਉਣ ਦੀ ਬਜਾਏ ਇਕ ਦੂਜੇ ਤੋਂ ਦੂਰ ਹੋਏ ਹਨ। ਅਜਿਹਾ ਕਰਨ ਨਾਲ ਸੰਸਾਰ ਵਿਚ ਤਣਾਅ ਵਧ ਗਿਆ ਹੈ ਅਤੇ ਸਾਮਾਜਿਕ ਅਸਥਿਰਤਾ ਵਧੀ ਹੈ। ਇਹ ਪ੍ਰਕਿਰਿਆ ਇਕ ਦਿਨ ਸੰਸਾਰ ਨੂੰ ਤੀਜੇ ਸੰਸਾਰਕ ਯੁਧ ਵਲ ਵੀ ਧੱਕ ਸਕਦੀ ਹੈ ਅਤੇ ਮਨੁੱਖਤਾ ਦਾ ਵਿਨਾਸ਼ ਵੀ ਹੋ ਸਕਦਾ ਹੈ।

ਅਜੋਕੇ ਸੰਸਾਰੀਕਰਨ ਸਿਰਫ਼ ਆਰਥਿਕ ਸੰਸਾਰੀਕਰਨ ਹੀ ਹੈ ਅਤੇ ਇਸ ਵਿਚੋਂ ਨੈਤਿਕ ਪਖ ਪੂਰੀ ਤਰ੍ਹਾਂ ਮਨਫ਼ੀ ਹੈ। ਸਰਮਾਏਦਾਰੀ ਦਾ ਸਰੋਕਾਰ ਤਾਂ ਸਿਰਫ਼ ਉਤਪਾਦਨ ਵਧਾ ਕੇ ਆਪਣਾ ਮੁਨਾਫ਼ਾ ਵਧਾਉਣਾ ਹੀ ਹੈ, ਪਰੰਤੂ ਕੀ ਵਸਤਾਂ ਜਾਂ ਸਰਮਾਏ ਦੀ ਵੰਡ ਜਾਇਜ਼ ਹੈ, ਇਸ ਗੱਲ ਨਾਲ ਇਸ ਦਾ ਕੋਈ ਸਰੋਕਾਰ ਨਹੀਂ ਹੈ। ਸਮਾਜ ਦੇ ਵਸੀਲਿਆਂ ਦੀ ਵੰਡ ਦਾ ਸਵਾਲ ਨੈਤਿਕਤਾ ਦਾ ਸਵਾਲ ਹੈ, ਪਰੰਤੂ ਇਸ ਸੰਸਾਰੀਕਰਨ ਕੋਲ ਕੋਈ ਨੈਤਿਕ ਪੱਖ ਹੈ ਹੀ ਨਹੀਂ, ਇਸ ਲਈ ਇਹ ਇਸ ਸਵਾਲ ਨੂੰ ਸੰਬੋਧਿਤ ਹੋਣ ਤੋਂ ਅਸਮਰੱਥ ਹੈ। ਜਿਨ੍ਹਾਂ ਚਿਰ ਵਸੀਲਿਆਂ ਦੀ ਜਾਇਜ਼ ਅਤੇ ਬਰਾਬਰੀ ਤੇ ਆਧਾਰਿਤ ਵੰਡ ਦੇ ਸਵਾਲ ਨੂੰ ਸੰਬੋਧਿਤ ਨਹੀਂ ਹੋਇਆ ਜਾਂਦਾ ਉਨੀ ਦੇਰ ਇਕ ਸੱਚਾ ਵਿਸ਼ਵ ਭਾਈਚਾਰਾ ਨਹੀਂ ਉਸਾਰਿਆ ਜਾ ਸਕਦਾ। ਸਿਖ ਫਲਸਫਾ ਇਸ ਸਵਾਲ ਨੂੰ ਸਹੀ ਢੰਗ ਨਾਲ ਸੰਬੋਧਿਤ ਹੁੰਦਾ ਹੈ, ਸਿਖ ਧਰਮ ਦੇ ਤਿੰਨ ਬੁਨਿਆਦੀ ਸਿਧਾਂਤ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਇਸ ਮਸਲੇ ਨੂੰ ਸਹੀ ਢੰਗ ਨਾਲ ਸੰਬੋਧਿਤ ਹੁੰਦੇ ਹਨ। ਉਹ ਉਤਪਾਦਨ, ਮਨੁੱਖੀ ਚੇਤਨਾ ਅਤੇ ਨੈਤਿਕਤਾ ਦੇ ਨਾਲ-ਨਾਲ ਵਸੀਲਿਆਂ ਦੀ ਜਾਇਜ਼ ਅਤੇ ਬਰਾਬਰਤਾ ਦੇ ਸਿਧਾਂਤ 'ਤੇ ਵੰਡ ਦੇ ਪੱਖਾਂ ਨੂੰ ਵੀ ਸੰਬੋਧਿਤ ਹੁੰਦੇ ਹਨ। ਸਰਮਾਏਦਾਰੀ ਕੋਲ ਸਮਾਜ ਦੇ ਵਸੀਲਿਆਂ ਦੀ ਜਾਇਜ਼ ਵੰਡ ਦਾ ਕੋਈ ਸਿਧਾਂਤ ਨਹੀਂ ਹੈ। ਮਾਰਕਸਵਾਦ ਦੇ ਦੋ ਮੁੱਢਲੇ ਸਿਧਾਂਤ ਕਿਰਤ ਕਰੋ ਤੇ ਵੰਡ ਛਕੋ ਕਹੇ ਜਾ ਸਕਦੇ ਹਨ। ਇਹ ਸਿਧਾਂਤ ਸਿਖ ਧਰਮ ਨਾਲ ਸਾਂਝੇ ਹਨ। ਪਰੰਤੂ ਸਿਖ ਫਲਸਫੇ ਵਿਚ ਤੀਜਾ ਸਿਧਾਂਤ ਨਾਮ ਜਪੋ ਵੀ ਹੈ, ਜਿਸ ਦਾ ਅਰਥ ਹੈ ਮਨੁੱਖ ਦੇ ਰੂਹਾਨੀ ਪੱਖ ਅਤੇ ਮਨੁੱਖੀ ਚੇਤਨਾ ਨੂੰ ਜਾਗਰਿਤ ਕਰਨਾ ਹੈ। ਮਨੁੱਖੀ ਚੇਤਨਾ ਤੋਂ ਬਿਨਾਂ ਨਾ ਤਾਂ ਕਿਰਤ ਕੀਤੀ ਜਾ ਸਕਦੀ ਹੈ ਤੇ ਨਾ ਹੀ ਵੰਡ ਕੇ ਛੱਕਿਆ ਜਾ ਸਕਦਾ ਹੈ। ਚੇਤਨਾ ਵਿਹੂਣਾ ਮਨੁੱਖ ਸੱਚੀ ਕਿਰਤ ਕਰਨ ਦੀ ਥਾਂ 'ਤੇ ਦੂਜਿਆਂ ਦੀ ਲੁੱਟ

**ਬਾਕੀ ਸਫ਼ਾ 32 'ਤੇ**


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਖੇਡ ਸੰਸਾਰ

# ਪੰਜਾਬ ਦਾ ਅਸਲੀ 'ਪਹਿਲਵਾਨ ਦਾਰਾ ਸਿੰਘ'...

**ਰਵਿੰਦਰ ਸਿੰਘ ਬੱਧਣ**

ਪੰਜਾਬ ਵਿੱਚ ਦੋ ਦਾਰੇ ਭਲਵਾਨ ਹੋਏ ਹਨ, ਜਿਨ੍ਹਾਂ ਨੇ ਪੂਰੇ ਜੱਗ 'ਤੇ ਪੰਜਾਬ ਤੇ ਆਪਣੇ ਨਾਮ ਦਾਰਾ ਦਾ ਝੰਡਾ ਪ੍ਰਚਮ ਕੀਤਾ। ਦੋਵੇਂ ਦਾਰੇ ਸਿਓਂ ਹੁਰੀਂ "ਰੁਸਤਮ-ਏ ਹਿੰਦ" ਤੇ "ਰੁਸਤਮ-ਏ-ਜ਼ਮਾਂ" ਵੀ ਬਣੇ। ਇਕ ਦਾ ਪਹਿਲਾ ਨਾਂ ਹੀ ਦਾਰਾ ਸਿੰਘ ਸੀ ਜਦ ਕਿ ਦੂਜੇ ਦਾ ਪਹਿਲਾ ਨਾਂ ਦੀਦਾਰ ਸਿੰਘ ਸੀ। ਦਾਰਾ ਸਿੰਘ, ਦੀਦਾਰ ਸਿੰਘ ਤੋਂ ਦਸ ਸਾਲ ਵੱਡਾ ਸੀ। ਵੱਡੇ ਦਾਰੇ ਦੀ ਗੁੱਡੀ ਚੜ੍ਹੀ ਤਾਂ ਛੋਟੇ ਨੂੰ ਵੀ ਦਾਰਾ ਕਿਹਾ ਜਾਣ ਲੱਗਾ। ਜਿਥੇ ਵੱਡਾ ਦਾਰਾ ਸਿੱਧੂ ਸੀ, ਉਥੇ ਹੀ ਛੋਟਾ ਦਾਰਾ ਰੰਧਾਵਾ। ਛੋਟੇ ਦਾਰੇ ਨੂੰ ਤਾਂ ਜੱਗ ਜਾਣਦੈ ਜਿਸ ਨੇ ਅਨੇਕਾਂ ਫਿਲਮਾਂ ਵਿਚ ਕੰਮ ਕੀਤਾ ਤੇ 'ਮੇਰੀ ਆਤਮ ਕਥਾ' ਪੁਸਤਕ ਵੀ ਲਿਖੀ। ਵੱਡੇ ਦਾਰੇ ਬਾਰੇ 'ਗੁੰਮਨਾਮ ਚੈਂਪੀਅਨ' ਨਾਂ ਦਾ ਨਾਵਲ ਵੀ ਲਿਖਿਆ ਗਿਆ ਹੈ। ਦਾਰਾ ਸਿੰਘਾਂ ਦੀ ਵੱਖਰੀ ਪਛਾਣ ਦਾਰਾ "ਦੂਲਚੀਪੁਰੀਆ" ਤੇ ਦਾਰਾ "ਧਰਮੂਚੱਕੀਆ" ਕਰ ਕੇ ਹੈ। ਦੋਵੇਂ ਦਾਰੇ ਰੋਜ਼ੀ ਰੋਟੀ ਲਈ ਸਿੰਘਾਪੁਰ ਗਏ ਤੇ ਦੋਹਾਂ ਨੇ ਹੀ ਸਿੰਘਾਪੁਰ ਤੋਂ ਫਰੀ ਸਟਾਈਲ ਕੁਸ਼ਤੀ ਸਿੱਖੀ। ਉਥੇ ਉਹ ਭਾੜੇ ਦੀਆਂ ਕੁਸ਼ਤੀਆਂ ਲੜਦੇ ਰਹੇ। ਵੱਡੇ ਦਾਰੇ ਨੇ ਆਪਣੇ ਸਕੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਕੁਸ਼ਤੀਆਂ ਵਿਚੇ ਛੱਡ ਕੇ ਆਪਣੇ ਸ਼ਰੀਕ ਭਰਾ ਨੂੰ ਕਤਲ ਕਰ ਦਿੱਤਾ ਸੀ ਜਿਸ ਬਦਲੇ ਉਹਨੂੰ ਪਹਿਲਾਂ ਫਾਂਸੀ ਦੀ ਸਜ਼ਾ ਹੋਈ ਜੋ ਪਿੱਛੋਂ ਉਮਰ ਕੈਦ ਵਿਚ ਬਦਲ ਗਈ। ਉਹਦੀਆਂ ਕੁਸ਼ਤੀਆਂ ਰਾਹੀਂ ਲੋਕ ਭਲਾਈ ਫੰਡ 'ਕੱਠਾ ਕਰਨ ਲਈ ਉਸ ਨੂੰ ਹੱਥਕੜੀਆਂ ਲਾ ਕੇ ਰਿੰਗ ਵਿਚ ਲਿਜਾਇਆ ਜਾਂਦਾ ਸੀ। ਕੁਸ਼ਤੀ ਲੜਨ ਵੇਲੇ ਹੱਥਕੜੀ ਖੋਲ੍ਹ ਦਿੱਤੀ ਜਾਂਦੀ ਸੀ ਤੇ ਕੁਸ਼ਤੀ ਪਿੱਛੋਂ ਮੁੜ ਜੜ ਲਈ ਜਾਂਦੀ ਸੀ। ਉਹਦਾ ਕੱਦ ਸੱਤ ਫੁੱਟ ਦੇ ਕਰੀਬ ਜਦ ਕਿ ਛੋਟੇ ਦਾਰੇ ਦਾ ਕੱਦ ਸਵਾ ਛੇ ਫੁੱਟ ਸੀ। ਪਹਿਲਵਾਨ ਤੇ ਅਦਾਕਾਰ ਦਾਰਾ ਸਿੰਘ ਦਾ ਦੇਹਾਂਤ 11 ਜੁਲਾਈ 2012 ਨੂੰ ਮੁੰਬਈ ਵਿਚ ਹੋਇਆ। ਪਹਿਲਾਂ ਦਾਰਾ ਦੂਲਚੀਪੁਰੀਆ ਤਕੜਾ ਹੁੰਦਾ ਸੀ ਫਿਰ ਦਾਰਾ ਧਰਮੂਚੱਕੀਆ ਤਕੜਾ ਹੋ ਗਿਆ। ਦੀਦਾਰ ਸਿੰਘ ਉਰਫ਼ ਦਾਰਾ ਧਰਮੂਚੱਕੀਆ ਕੁਝ ਸਮਾਂ ਸਿੰਘਾਪੁਰ ਵਿਚ ਦਾਰੇ ਦੂਲਚੀਪੁਰੀਏ ਦੇ ਅੰਗ ਸੰਗ ਵੀ ਰਿਹਾ। ਦੂਲਚੀਪੁਰ ਦਾ ਦਾਰਾ 1918 ਵਿਚ ਜੰਮਿਆ ਸੀ। ਦੋਹਾਂ ਦਾਰਿਆਂ ਨੇ ਫਰੀ ਸਟਾਈਲ ਕੁਸ਼ਤੀਆਂ ਵਿਚ ਨਾਮਣਾ ਖੱਟਿਆ ਜਦ ਕਿ ਦੇਸੀ ਕੁਸ਼ਤੀਆਂ ਹੇਠਲੇ ਪੱਧਰ 'ਤੇ ਹੀ ਲੜੀਆਂ

ਸੁਣਨ ਤੇ ਪੜਨ ਵਿਚ ਆਉਂਦਾ ਏ ਕਿ ਦਾਰਾ ਦੂਲਚੀਪੁਰੀਆ ਦੈਵੀ ਪਹਿਲਵਾਨ ਸੀ। ਉਹਨੇ ਵਰਲਡ ਚੈਂਪੀਅਨ ਕਿੰਗ ਕਾਂਗ ਨੂੰ ਢਾਹ ਕੇ ਦੁਨੀਆ ਵਿਚ ਦਾਰਾ ਦਾਰਾ ਕਰਵਾ ਦਿੱਤੀ ਸੀ ਤੇ ਖ਼ੁਦ ਰੁਸਤਮੇ ਜ਼ਮਾਂ ਬਣ ਗਿਆ ਸੀ। ਦਾਰਾ ਉਦੋਂ ਸਵਾ ਕੁਇੰਟਲ ਤੋਂ ਉਪਰ ਸੀ ਤੇ ਕਿੰਗ ਕਾਂਗ ਦੋ ਕੁਇੰਟਲ ਦਾ ਸੀ। ਦਾਰੇ ਦਾ ਪਿੰਡ ਦੂਲਚੀਪੁਰਾ ਖਡੂਰ ਸਾਹਿਬ ਲਾਗੇ ਛੋਟਾ ਜਿਹਾ ਪਿੰਡ ਹੈ। ਇਸ ਸਬੰਧੀ ਨਾਵਲ ਵੀ ਪ੍ਰਕਾਸ਼ਿਤ ਹੋਇਆ ਹੈ। ਨਾਵਲ ਵਿਚ ਲਿਖਿਆ ਗਿਆ ਹੈ ਕੇ ਦਾਰਾ ਸਿੰਘ ਦਾ ਪੁੱਤਰ ਜੋ ਉਸ ਦੀਆਂ ਪਿਛਲੇ ਪਹਿਰ ਦੀਆਂ ਕਈ ਕੁਸ਼ਤੀਆਂ ਦਾ ਚਸ਼ਮਦੀਦ ਗਵਾਹ ਸੀ ਦਾਰੇ ਤੋਂ ਬਾਅਦ ਭਰ ਜਵਾਨੀ ਵਿਚ ਹੀ ਵਿਛੋੜਾ ਦੇ ਗਿਆ ਸੀ। ਦਾਰਾ ਸਿੰਘ ਦੀ ਪਤਨੀ ਬਲਬੀਰ ਕੌਰ ਸੀ ਅਤੇ ਉਹ ਵੀ ਸੰਸਾਰ ਨੂੰ ਅਲਵਿਦਾ ਕਹਿ ਗਈ। ਦਾਰਾ ਸਿੰਘ ਦੇ ਪੋਤਰਿਆਂ ਦੀ ਇਸ ਖੇਤਰ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਸੀ। ਪੋਤਰੇ ਰਘਬੀਰ ਨੇ ਬਾਬੇ ਦੀਆਂ ਪੈੜਾਂ 'ਤੇ ਚੱਲਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਜਲਦੀ ਹੀ ਵਾਪਸ ਮੁੜ ਗਿਆ। ਪਰ ਉਨ੍ਹਾਂ ਨੇ ਦਾਰਾ ਸਿੰਘ ਦੀਆਂ ਯਾਦਗਾਰੀ ਨਿਸ਼ਾਨੀਆਂ ਸੰਭਾਲ ਕੇ ਰੱਖੀਆਂ ਹੋਈਆਂ ਸਨ। ਦਾਰਾ ਦੂਲਚੀਪੁਰੀਆ 1988 ਵਿਚ ਮਰ ਗਿਆ ਸੀ। ਪਿੱਛੇ ਉਸ ਦੇ ਦੋ ਪੋਤੇ ਹਨ, ਇਕ ਪੜਪੋਤਾ ਤੇ ਇਕ ਪੜਪੋਤੀ ਹੈ। ਉਹ ਪਿੰਡੋਂ ਬਾਹਰ ਖੇਤ ਵਿਚ ਰਹਿੰਦੇ ਹਨ ਜਿਥੇ ਉਨ੍ਹਾਂ ਨੇ ਦਾਰੇ ਦੀ ਸੱਤ ਫੁੱਟੀ ਸਮਾਧੀ ਬਣਾਈ ਹੈ। ਦਾਰੇ ਦੂਲਚੀਪੁਰੀਏ ਦੇ ਜੀਵਨ ਵਿਚ ਬੜੇ ਉਤਰਾਅ ਚੜ੍ਹਾਅ ਆਏ। ਉਸ ਦੀ ਜ਼ਿੰਦਗੀ ਬਚਪਨ ਵਿਚ ਕਿਰਸਾਣੀ ਕੰਮਾਂ ਤੋਂ ਲੈ ਕੇ ਲਾਹੌਰ ਦੇ ਅਖਾੜੇ ਦਾ ਪੱਠਾ ਬਣਨ, ਸਿੰਗਾਪੁਰ ਜਾਣ, ਫਰੀ ਸਟਾਈਲ ਕੁਸ਼ਤੀਆਂ ਸਿੱਖਣ ਤੇ ਲੜਨ, ਪਹਿਲਾਂ ਸਿੰਗਾਪੁਰ ਪੁਲਿਸ ਤੇ ਫਿਰ ਜਪਾਨੀ ਫੌਜ ਵਿਚ ਭਰਤੀ ਹੋਣ, ਉਥੇ ਹੀ ਵਿਆਹ ਕਰਾਉਣ, ਸਕੇ ਭਰਾ ਦਾ ਖ਼ੂਨ ਹੋ ਜਾਣ ਪਿੱਛੋਂ ਦੂਲਚੀਪੁਰ ਆ ਕੇ ਬਦਲਾ ਲੈਣ ਲਈ ਸ਼ਰੀਕ ਭਰਾ ਦਾ ਕਤਲ ਕਰਨ, ਪਹਿਲਾਂ ਫਾਂਸੀ ਤੇ ਫਿਰ ਉਮਰ ਕੈਦ ਦੀ ਸਜ਼ਾ ਮਿਲਣ, ਚੋਟੀ ਦੇ ਪਹਿਲਵਾਨ ਵਜੋਂ ਅਗਾਊਂ ਰਿਹਾਈ ਹੋਣ, ਫਿਲਮਾਂ ਵਿਚ ਰੋਲ ਕਰਨ, ਵਾਪਸ ਪਿੰਡ ਆਉਣ, ਸਰਪੰਚ ਬਣਨ, ਧੜੇਬਾਜ਼ੀ ਤੇ ਅਯਾਸ਼ੀ ਵਿਚ ਪੈਣ, ਸੁੰਦਰ ਨਾਰ ਨਾਲ ਇਸ਼ਕ ਕਰਨ, ਤੂੰਬੀ ਵਜਾ ਕੇ ਸੁੱਖਾ ਪੀਣ ਤੇ ਮੰਦੇ ਹਾਲ ਗੁੰਮਨਾਮੀ ਵਿਚ ਗੁਜ਼ਰ ਜਾਣ ਦੀ ਸੀ। ਦਾਰੇ ਨੇ ਆਪਣੀ ਪਤਨੀ ਦੇ ਹੁੰਦਿਆਂ ਇਕ ਉੱਚੀ ਲੰਮੀ ਸੁੰਦਰ ਬਾਹਮਣੀ ਨਾਲ ਇਸ਼ਕ ਵੀ ਕੀਤਾ। ਬਾਹਮਣੀ ਘਰ ਲਿਆ ਬਿਠਾਈ। ਕਈਆਂ ਨੇ ਕਿਹਾ ਕਿ ਇਹ ਵਿਰੋਧੀ ਪਹਿਲਵਾਨਾਂ ਦੀ ਚਾਲ ਸੀ ਪਈ ਉਸ ਨੂੰ ਕੁਸ਼ਤੀਆਂ ਵੱਲੋਂ ਮੋੜ ਕੇ ਅਯਾਸ਼ੀ ਵਿਚ ਪਾਇਆ ਜਾਵੇ। ਦਾਰੇ ਦਾ ਆਖ਼ਰੀ ਸਮਾਂ ਬੜਾ ਬੁਰਾ ਬੀਤਿਆ। ਉਹ ਸ਼ੂਗਰ, ਬਲੱਡ ਪ੍ਰੈਸ਼ਰ ਤੇ ਜੋੜਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਗਿਆ ਸੀ, ਪੈਰਾਂ ਦੇ ਅੰਗੂਠੇ ਕੱਟੇ ਗਏ ਸਨ ਤੇ ਚੂਲਾ ਟੁੱਟ ਗਿਆ ਸੀ। ਉਹ 70ਵੇਂ ਸਾਲ ਦੀ ਉਮਰ ਵਿਚ ਗੁਜ਼ਰ ਗਿਆ ਤੇ ਲੋਕਾਂ ਨੂੰ ਭੁੱਲ ਭੁਲਾ ਗਿਆ।





ਹੁਣ ਗੱਲ ਕਰਦੇ ਆਂ ਦੂਜੇ ਦਾਰੇ ਦੀ ਜਿਸ ਨੂੰ ਸਭ ਜਾਣਦੇ ਹਨ ਜੀਹਨੇ ਕੁਸ਼ਤੀਆਂ ਤੋਂ ਬਿਨਾਂ ਫਿਲਮਾਂ ਵਿਚ ਵੀ ਨਾਮਣਾ ਖੱਟਿਆ। ਉਹ ਰਾਮਾਇਣ ਸੀਰੀਅਲ ਵਿਚ ਹਨੂੰਮਾਨ ਦਾ ਰੋਲ ਕਰ ਕੇ ਹੋਰ ਮਸ਼ਹੂਰ ਹੋਇਆ। ਉਸ ਨੇ ਮੁਹਾਲੀ ਵਿਚ ਦਾਰਾ ਸਟੂਡੀਓ ਬਣਾਇਆ ਤੇ ਰਾਜ ਸਭਾ ਦਾ ਮੈਂਬਰ ਰਿਹਾ। ਸਰਬ ਭਾਰਤੀ ਜੱਟ ਸਭਾ ਦਾ ਪ੍ਰਧਾਨ ਬਣਿਆ। ਪੇਸ਼ ਹੈ ਉਸ ਦੀ ਆਤਮ ਕਥਾ ਵਿਚੋਂ ਉਹਦੀ ਜਾਣ ਪਛਾਣ ਦੇ ਅੰਸ਼:

"ਮੇਰਾ ਪਿੰਡ ਧਰਮੂਚੱਕ, ਅੰਮ੍ਰਿਤਸਰ ਸ਼ਹਿਰ ਤੋਂ ਬਾਈ ਮੀਲ ਦੂਰ ਹੈ। ਇਹ ਅੰਮ੍ਰਿਤਸਰ ਤੋਂ ਹਰਗੋਬਿੰਦਪੁਰ ਨੂੰ ਜਾਣ ਵਾਲੀ ਸੜਕ 'ਤੇ ਸਥਿਤ ਹੈ। ਵੱਡੀ ਸੜਕ ਤੋਂ ਉਤਰ ਕੇ ਪਿੰਡ ਜਾਣ ਲਈ ਦੋ ਕਿਲੋਮੀਟਰ ਦਾ ਪੱਕਾ ਟੋਟਾ ਹੈ। ਧਰਮੂਚੱਕ ਪਿੰਡ ਬੱਝੇ ਨੂੰ ਤਕਰੀਬਨ ਪੰਜ ਸੌ ਸਾਲ ਹੋ ਗਏ ਹੋਣਗੇ। ਸਾਡਾ ਵੱਡਾ ਵਡੇਰਾ ਜਿਸ ਦਾ ਨਾਂ ਧਰਮੂ ਸੀ, ਦੋ ਕੁ ਮੀਲ ਦੂਰ ਪਿੰਡ ਕੁਹਾਟਵਿੰਡ ਤੋਂ ਆਇਆ ਤੇ ਆ ਕੇ ਆਪਣਾ ਵੱਖਰਾ ਪਿੰਡ ਬਣਾ ਲਿਆ। ਪੰਜ ਸੌ ਸਾਲ ਪੁਰਾਣੇ ਪਿੰਡ ਦੀ ਸ਼ਹਾਦਤ ਹੈ ਧਰਮੂ ਰੰਧਾਵੇ ਦੀ ਔਲਾਦ, ਜਿਹੜੀ ਸਤਾਰਾਂ ਅਠਾਰਾਂ ਪੀੜ੍ਹੀਆਂ ਤੋਂ ਪਿੰਡ ਧਰਮੂਚੱਕ ਡੇਰੇ ਲਾਈ ਬੈਠੀ ਹੈ। ਧਰਮੂ ਦਾ ਪੁੱਤਰ ਚੜ੍ਹਤ ਤੇ ਚੜ੍ਹਤ ਦਾ ਖੋਖਰ, ਖੋਖਰ ਦਾ ਪਠਾਣ ਤੇ ਪਠਾਣ ਦਾ ਸਾਂਦਰਣ, ਸਾਂਦਰਣ ਦਾ ਢੀਂਗਾ ਤੇ ਢੀਂਗੇ ਦਾ ਨੰਦਾ, ਨੰਦੇ ਦਾ ਗੁਰਦਾਸ। ਗੁਰਦਾਸ ਦਾ ਪਲਾਤ ਤੇ ਪਲਾਤ ਦਾ ਦੇਵਾ, ਦੇਵੇ ਦਾ ਦਸੌਂਦਾ ਸਿੰਘ ਤੇ ਦਸੌਂਦਾ ਸਿੰਘ ਦਾ ਉੱਤਮ ਸਿੰਘ, ਉੱਤਮ ਸਿੰਘ ਦਾ ਰੂਪਾ ਸਿੰਘ, ਰੂਪਾ ਸਿੰਘ ਦਾ ਗੁਰਦਿੱਤ ਸਿੰਘ, ਗੁਰਦਿੱਤ ਸਿੰਘ ਦਾ ਬੂੜ ਸਿੰਘ, ਬੂੜ ਸਿੰਘ ਦਾ ਸੂਰਤ ਸਿੰਘ ਤੇ ਸੂਰਤ ਸਿੰਘ ਦਾ ਦਾਰਾ ਸਿੰਘ, ਯਾਨੀ ਬਕੱਲਮ ਖ਼ੁਦ

"ਜ਼ਮੀਨ ਦੀ ਥੁੜ੍ਹ ਕਾਰਨ ਸਾਡੇ ਬਾਬੇ ਬੂੜ ਸਿੰਘ ਨੇ ਨਾਨਕੇ ਪਿੰਡ ਹਯਾਤੇਕੋਟ ਜਿਹੜਾ ਧਰਮੂਚੱਕ ਤੋਂ ਢਾਈ ਤਿੰਨ ਮੀਲ ਦੀ ਵਿੱਥ 'ਤੇ ਹੈ ਜਾ ਜ਼ਮੀਨ ਗਹਿਣੇ ਲਈ। ਬਾਬੇ ਹੋਰੀਂ ਚਾਰ ਭਰਾ ਸਨ, ਲਾਲ ਸਿੰਘ, ਬੱਗਾ ਸਿੰਘ, ਮੱਲਾ ਸਿੰਘ ਤੇ ਬੂੜ ਸਿੰਘ। ਉਹ ਰੋਜ਼ ਧਰਮੂਚੱਕੋਂ ਹਯਾਤੇਕੋਟ ਵਾਹੀ ਕਰਨ ਜਾਂਦੇ ਤੇ ਪਸ਼ੂਆਂ ਲਈ ਚਾਰਾ ਵਗੈਰਾ ਵੀ ਏਡੀ ਦੂਰੋਂ ਸਿਰਾਂ 'ਤੇ ਚੁੱਕ ਕੇ ਲਿਆਉਂਦੇ। ਛੇ ਵੀਹਾਂ ਵਿੱਘੇ ਜ਼ਮੀਨ ਜਿਹੜੀ ਛੇ ਵੀਹਾਂ ਰੁਪਏ ਦੇ ਕੇ ਗਹਿਣੇ ਲਈ ਸੀ ਉਸ ਦੀ ਕਮਾਈ ਨਾਲ ਕਈ ਸਾਲ ਆਪਣਾ ਪਰਿਵਾਰ ਪਾਲਿਆ। ਜਦੋਂ ਕਾਗਜ਼ਾਂ ਦੇ ਰੁਪਏ ਬਣਨੇ ਸ਼ੁਰੂ ਹੋ ਗਏ ਤੇ ਰੁਪਏ ਦਾ ਮੁੱਲ ਘਟ ਗਿਆ ਤਾਂ ਹਯਾਤੇਕੋਟੀਆਂ ਨੇ ਕਿਸੇ ਕੋਲੋਂ ਛੇ ਵੀਹਾਂ ਰੁਪਏ ਫੜ ਕੇ ਸਾਡੇ ਬਜ਼ੁਰਗਾਂ ਦੇ ਹੱਥ ਫੜਾਏ ਤੇ ਜ਼ਮੀਨ ਛੁਡਾ ਲਈ। ਪਿੰਡ ਦੀ ਜ਼ਮੀਨ ਵੰਡੀਂਦੀ-ਵੰਡੀਂਦੀ ਇੰਨੀ ਘਟ ਗਈ ਕਿ ਸਾਡੇ ਬਾਬੇ ਦੇ ਹਿੱਸੇ ਆਈ ਸਿਰਫ਼ ਪੰਜ ਵਿੱਘੇ ਜ਼ਮੀਨ ਤੇ ਪੰਜ ਪੁੱਤਰ ਜਿਹੜੇ ਬਾਬੇ ਨੂੰ ਤਗੜਾ ਹੋਣ ਦੇ ਬਾਵਜੂਦ ਮਾੜਾ ਬਣਾਈ ਜਾਣ।

"ਉਸ ਜ਼ਮਾਨੇ ਵਿਚ ਪਰਿਵਾਰ ਘਟਾਓ ਦਾ ਨਾਅਰਾ ਵੀ ਕਿਸੇ ਨਹੀਂ ਸੀ ਲਾਇਆ। ਅੰਗਰੇਜ਼ ਹਕੂਮਤ ਤਾਂ ਜ਼ਿਆਦਾ ਬੱਚੇ ਜੰਮਣ ਵਾਲਿਆਂ ਨੂੰ ਇਨਾਮ ਵਗੈਰਾ ਵੀ ਦਿੰਦੀ ਸੀ। ਬਾਬੇ ਦੇ ਹਿੱਸੇ ਹਯਾਤੇਕੋਟ ਵਾਲੇ ਪੈਸਿਆਂ ਵਿਚੋਂ ਜੋ ਮਿਲੇ ਉਸ ਦੀ ਪਿੰਡ ਦੀ ਹੱਦ 'ਤੇ ਹੀ ਚੰਨਣਕਿਆਂ ਵਾਲਿਆਂ ਕੋਲੋਂ ਜ਼ਮੀਨ ਲੈ ਲਈ। ਮੁਸ਼ਕਲ ਨਾਲ ਤਿੰਨ ਵਿੱਘੇ ਜ਼ਮੀਨ ਹੋਵੇਗੀ। ਘਰ ਦੇ ਪੰਜ ਤੇ ਗਹਿਣੇ ਦੇ ਤਿੰਨ ਵਿੱਘੇ, ਬਾਬੇ ਹੋਰੀਂ ਔਖੇ ਸੌਖੇ ਹੋ ਕੇ ਲੱਗੇ ਗੁਜ਼ਾਰਾ ਕਰਨ। ਕਈ ਲੋਕ ਪਿੰਡ ਛਡ ਕੇ ਬਾਹਰ ਕਮਾਈ ਕਰਨ ਲਈ ਹੱਥ ਪੈਰ ਮਾਰਨ ਲੱਗੇ। ਜੇ ਕਿਧਰੇ ਕਦੀ ਕਦਾਈਂ ਘੁੱਗੀ ਵਾਂਗੂ ਉਡਦਾ ਹਵਾਈ ਜਹਾਜ਼ ਉਤੋਂ ਦੀ ਲੰਘ ਜਾਂਦਾ ਤਾਂ ਸਾਰਾ ਪਿੰਡ ਇਕੱਠਾ ਹੋ ਜਾਂਦਾ। ਕੋਈ ਕਹਿੰਦਾ ਭਈ ਇਹ ਵੇਖਣ ਨੂੰ ਛੋਟਾ ਲੱਗਦਾ ਪਰ ਹੈ ਗੱਡੇ ਜਿੱਡਾ। ਜੇ ਬਹਿਸ ਵਧ ਜਾਵੇ ਤਾਂ ਫੌਜੀ ਚਾਚੇ ਕੋਲੋਂ ਜਾ ਕੇ, ਪੁੱਛ ਕੇ ਤਸੱਲੀ ਹੁੰਦੀ ਕਿ ਵਾਕਿਆ ਹੀ ਇਹ ਚੀਜ਼ ਗੱਡੇ ਜਿੱਡੀ ਹੋਣੀ ਹੈ। ਇਹ ਗੱਲ ਮੈਂ ਬਹੁਤ ਪੁਰਾਣੇ ਸਮੇਂ ਦੀ ਨਹੀਂ, ਆਪਣੇ ਬਚਪਨ ਵੇਲੇ ਦੀ ਦੱਸ ਰਿਹਾਂ। 19 ਨਵੰਬਰ 1928 ਦਾ ਮੇਰਾ ਜਨਮ ਹੈ। ਇਸ ਕਰਕੇ ਇਹ ਗੱਲ 1933 ਜਾਂ 1934 ਦੀ ਹੋਵੇਗੀ।" ਬਾਪ ਦੇ ਵਿਆਹ ਵੇਲੇ ਜ਼ਮੀਨ 'ਤੇ ਕਰਜ਼ਾ ਲੈਣ ਦਾ ਉਹਲਾ ਰੱਖ ਕੇ ਕਰਜ਼ਾ ਲਾਹੁਣ ਦਾ ਜ਼ਿਕਰ ਕਰਦਿਆਂ ਬਾਪੂ ਸੂਰਤ ਸਿੰਘ ਦੇ ਸਿੰਘਾਪੁਰ ਜਾਣ ਦੀ ਮਜਬੂਰੀ ਉਹ ਇੰਜ ਬਿਆਨ ਕਰਦਾ ਹੈ:

"ਬਾਪੂ ਦੇ ਨਾਨਕਿਆਂ ਵਿਚੋਂ ਉਨ੍ਹਾਂ ਦਾ ਰਿਸ਼ਤੇਦਾਰ ਸਿੰਘਾਪੁਰ ਰਹਿੰਦਾ ਸੀ। ਉਸ ਨੂੰ ਫਰਮਾਇਸ਼ ਪਾ ਕੇ ਬਾਪੂ ਨੂੰ ਕਮਾਈ ਕਰਨ ਸਿੰਘਾਪੁਰ ਭੇਜਿਆ ਗਿਆ। ਉਥੇ ਜਾ ਕੇ ਬੜੇ ਕੰਮ ਕੀਤੇ। ਤਨਖਾਹ ਵਗੈਰਾ ਤਾਂ ਪਤਾ ਨਹੀਂ, ਉਹ ਤਾਂ ਰਿਸ਼ਤੇਦਾਰ ਹੀ ਜਾਣੇ, ਇਹ ਤਾਂ ਵਿਚਾਰੇ ਕੰਮ ਹੀ ਕਰਦੇ ਰਹੇ। ਆਖ਼ਿਰ ਦੁਖੀ ਹੋ ਕੇ ਬਾਬੇ ਨੇ ਇਨ੍ਹਾਂ ਨੂੰ ਵਾਪਿਸ ਬੁਲਾ ਲਿਆ। ਭਈ ਵਾਹੀ ਦਾ ਕੰਮ ਵੀ ਗਿਆ ਤੇ ਨੌਕਰੀ ਦਾ ਵੀ ਕੁਝ ਨਹੀਂ ਮਿਲਿਆ। ਪਿੰਡ ਆ ਕੇ ਚਿੰਤਾ ਜਿਉਂ ਦੀ ਤਿਉਂ ਰਹੀ। ਅੱਗੋਂ ਜਿਹੜੀ ਗੱਲ ਸਕੇ ਸੰਬੰਧੀਆਂ ਕੋਲੋਂ ਲੁਕੋ ਕੇ ਕੀਤੀ ਸੀ ਉਹ ਵੀ ਜ਼ਾਹਰ ਹੋ ਗਈ ਬਈ ਪੈਲੀ ਉਤੇ ਕਰਜ਼ਾ ਲੈ ਰੱਖਿਆ ਹੈ। ਬੜੀ ਨਮੋਸ਼ੀ ਵਾਲੀ ਗੱਲ ਹੋ ਗਈ। ਆਖ਼ਿਰ ਮਾਂ ਜੀ ਦੇ ਗਹਿਣੇ ਵੇਚ ਕੇ ਸ਼ਾਹੂਕਾਰ ਦਾ ਕਰਜ਼ਾ ਉਤਾਰਿਆ ਗਿਆ।ਗ

"ਖ਼ੈਰ, ਜੋ ਹੋਇਆ ਸੋ ਹੋਇਆ, ਸਾਡੇ ਪਿਤਾ ਜੀ ਦੀ ਚਿੰਤਾ ਤਾਂ ਦੂਰ ਹੋਈ ਤੇ ਉਹ ਫਿਰ ਸਿੰਘਾਪੁਰ ਚਲੇ ਗਏ, ਬਲਕਿ ਆਪਣੇ ਛੋਟੇ ਭਰਾਵਾਂ ਨੂੰ ਵੀ ਨਾਲ ਲੈ ਗਏ। ਬਾਪੂ ਤੇ ਉਸ ਦੇ ਤਿੰਨ ਛੋਟੇ ਭਰਾ ਸਿੰਘਾਪੁਰ ਚਲੇ ਗਏ ਤੇ ਇਕ ਭਰਾ ਫੌਜ ਵਿਚ ਭਰਤੀ ਹੋ ਗਿਆ। ਵਾਹੀ ਕਰਨ ਲਈ ਬਾਬਾ ਇਕੱਲਾ ਹੀ ਬਹੁਤ ਸੀ। ਜਦੋਂ ਧਰਮੂ ਨੇ ਪਿੰਡ ਬੱਧਾ ਸੀ ਤਾਂ ਪਿੰਡ ਦੀ ਜ਼ਮੀਨ ਸੀ ਨੌ ਸੌ ਵਿੱਘੇ, ਤੇ ਜਦੋਂ ਸਾਡੇ ਪੜਦਾਦਿਆਂ ਦੀਆਂ ਔਲਾਦਾਂ ਨੇ ਜੰਮ ਕੇ ਇਸ ਰੰਗੀਲੀ ਦੁਨੀਆਂ ਨੂੰ ਚਾਰ ਚੰਨ ਲਾਏ ਤਾਂ ਜ਼ਮੀਨ ਘਟਦੀ ਘਟਦੀ ਘਰ ਪ੍ਰਤੀ ਪੰਜ ਜਾਂ ਦਸ ਵਿੱਘੇ ਹੀ ਰਹਿ ਗਈ। ਫਿਰ ਵਿਚਾਰੇ ਧਰਮੂਚੱਕੀਏ ਪਿੰਡ ਛੱਡ-ਛੱਡ ਲੱਗੇ ਦੂਰ ਦੁਰਾਡੇ ਵੱਸਣ। ਜਿਸ ਤਰ੍ਹਾਂ ਇਕ ਕਹਾਵਤ ਹੈ, ਜ਼ਰੂਰਤ ਈਜਾਦ ਦੀ ਮਾਂ ਹੈ। ਇਸ ਤਰ੍ਹਾਂ ਸਾਰਿਆਂ ਨੇ ਆਪਣੇ ਸੁਖੀ ਜੀਵਨ ਲਈ ਕੋਈ ਨਾ ਕੋਈ ਸਾਧਨ ਲੱਭ ਹੀ ਲਿਆ ਤੇ ਮਨੀ ਆਰਡਰ ਧਰਮੂਚੱਕ ਆਉਣ ਲੱਗ ਪਏ।"

ਦਾਰਾ ਧਰਮੂਚੱਕੀਆ ਨੇ ਪਹਿਲਵਾਨੀ ਦੇ ਨਾਲ ਫਿਲਮਾਂ ਵਿਚ ਵੀ ਮੱਲਾਂ ਮਾਰੀਆਂ। ਦਾਰਾ ਦੂਲਚੀਪੁਰੀਆ ਕੇਵਲ ਇਕ ਦੋ ਫਿਲਮਾਂ ਵਿਚ ਹੀ ਆ ਸਕਿਆ। ਦਾਰੇ ਧਰਮੂਚੱਕੀਏ ਦੀਆਂ ਕੁਸ਼ਤੀਆਂ ਤਾਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਮੁਰਾਰ ਜੀ ਡਿਸਾਈ, ਚੌਧਰੀ ਚਰਨ ਸਿੰਘ, ਇੰਦਰਾ ਗਾਂਧੀ, ਚੰਦਰ ਸ਼ੇਖਰ, ਰਾਜੀਵ ਗਾਂਧੀ ਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਹੋਰੀਂ ਵੀ ਵੇਖਦੇ ਰਹੇ। ਉਹ ਰੁਸਤਮੇ ਪੰਜਾਬ, ਰੁਸਤਮੇ ਹਿੰਦ, ਕਾਮਨਵੈੱਲਥ ਚੈਂਪੀਅਨ ਤੇ ਰੁਸਤਮੇ ਜ਼ਮਾਂ ਬਣਦਾ ਰਿਹਾ। ਉਸ ਨੇ ਪੰਜ ਸੌ ਤੋਂ ਵੱਧ ਕੁਸ਼ਤੀਆਂ ਘੁਲੀਆਂ ਤੇ ਸੌ ਤੋਂ ਵੱਧ ਫਿਲਮਾਂ ਵਿਚ ਰੋਲ ਅਦਾ ਕੀਤਾ। ਕਦੇ ਸੈਮਸਨ, ਕਦੇ ਹਰਕੁਲੀਸ, ਕਦੇ ਜੱਗਾ ਡਾਕੂ, ਕਦੇ ਭੀਮ, ਕਦੇ ਧਿਆਨੂੰ ਭਗਤ, ਕਦੇ ਸੂਰਮਾ ਸਿੰਘ ਤੇ ਕਦੇ ਹਨੂੰਮਾਨ ਬਣਦਾ ਰਿਹਾ। ਦੋਹਾਂ ਦਾਰਿਆਂ ਦੇ ਰੁਸਤਮ ਹੋਣ ਕਰਕੇ ਦਾਰਾ ਨਾਂ ਤਾਕਤ ਦਾ ਠੱਪਾ ਬਣ ਗਿਆ।

# ਚਾਬੀਆਂ ਦਾ ਮੋਰਚਾ

**ਪ੍ਰਮਿੰਦਰ ਸਿੰਘ ਪ੍ਰਵਾਨਾ**



ਸੰਨ 1849 ਵਿਚ ਪੰਜਾਬ ਤੇ ਅੰਗਰੇਜ਼ੀ ਹਕੂਮਤ ਦਾ ਰਾਜ ਹੋ ਗਿਆ। ਹਕੂਮਤ ਨੇ ਸ੍ਰੀ ਹਰਿਮੰਦਰ ਸਾਹਿਬ ਅਮ੍ਰਿਤਸਰ ਤੇ ਤਰਨਤਾਰਨ ਗੁਰਦੁਆਰਿਆਂ ਦਾ ਪ੍ਰਬੰਧ ਆਪਣੇ ਥਾਪੇ ਸੰਚਾਲਕਾਂ ਦੇ ਹੱਥ ਦੇ ਦਿੱਤਾ। ਬਾਕੀ ਗੁਰਦੁਆਰਿਆਂ ਨਾਲ ਸਬੰਧਤ ਮਹੰਤ ਪੁਜਾਰੀ ਵੀ ਸਰਕਾਰ ਦੇ ਹੱਥ ਠੋਕੇ ਸਨ। ਇਸ ਤਰ੍ਹਾਂ ਗੁਰਦੁਆਰਿਆਂ ਵਿਚ ਮਨ ਮਾਨੀਆਂ ਜਾਰੀ ਰਹੀਆਂ। ਸ੍ਰੀ ਗੁਰੂ ਸਿੰਘ ਸਭਾ ਲਹਿਰ ਨੇ ਅਜਿਹੀਆਂ ਕਾਰਵਾਈਆਂ ਖਤਮ ਕਰਨ ਦੇ ਯਤਨਾਂ ਵਿਚ ਪ੍ਰਚਾਰ ਰਾਹੀਂ ਸਿੰਘ ਸੰਗਤ ਨੂੰ ਜਾਗ੍ਰਿਤ ਕੀਤਾ। ਗੁਰਸਿੱਖੀ ਮਰਯਾਦਾ ਨੂੰ ਬਹਾਲ ਕਰਨ ਦੇ ਯਤਨਾਂ ਨਾਲ ਸੁਧਾਰ ਹੋਣਾ ਸ਼ੁਰੂ ਹੋ ਗਿਆ। ਅਜਿਹੇ ਹੀ ਹੋਰ ਯਤਨਾਂ ਵਿਚ ਗੁਰਦੁਆਰਾ ਸੁਧਾਰ ਲਹਿਰ ਹੋਂਦ ਵਿਚ ਆਈ। ਗੁਰਦੁਆਰਿਆਂ ਦੇ ਮਹੰਤ ਤੇ ਪੁਜਾਰੀਆਂ ਨੇ ਇਸ ਦਾ ਵਿਰੋਧ ਕੀਤਾ। ਸੰਗਤਾਂ ਨੇ ਦਿਵਾਨ ਸਜਾ ਕੇ ਮਹੰਤਾਂ ਨੂੰ ਸੁਧਾਰਨ ਦੀਆਂ ਚਿਤਾਵਨੀਆਂ ਵੀ ਦਿੱਤੀਆਂ। ਪਰ ਫਿਰ ਵੀ ਸਿੱਖ ਅੰਗਰੇਜ਼ੀ ਹਕੂਮਤ ਦੇ ਦਬਾ ਹੇਠ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਤੋਂ ਪਹਿਲਾਂ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅਮ੍ਰਿਤਸਰ ਮਹੰਤਾਂ ਵੱਲੋਂ ਚਲਾਇਆ ਜਾ ਰਿਹਾ ਸੀ। ਜਦੋਂ ਮਹੰਤਾਂ ਦਾ ਕਬਜਾ ਹਟਿਆ ਉਨ੍ਹਾਂ ਨੇ ਚਾਬੀਆਂ ਸਰਕਾਰ ਨੂੰ ਸੌਂਪ ਦਿੱਤੀਆਂ। ਖਜਾਨੇ ਦੀਆਂ ਚਾਬੀਆਂ 7 ਨਵੰਬਰ 1921 ਨੂੰ ਡਿਪਟੀ ਕਮਿਸ਼ਨਰ ਨੇ ਜਬਤ ਕਰ ਲਈਆਂ। ਤਦ ਚਾਬੀਆਂ ਦਾ ਮੋਰਚਾ ਸ਼ੁਰੂ ਹੋਇਆ ਜੋ ਲਗਭਗ ਤਿੰਨ ਮਹੀਨੇ ਤੱਕ ਚਲਿਆ। 19 ਜਨਵਰੀ 1922 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਕਾਰੀ ਅਧਿਕਾਰੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਰੇ ਦਿਵਾਨ ਵਿਚ ਚਾਬੀਆਂ ਬਾਬਾ ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੂੰ ਸੌਂਪੀਆਂ।

ਸੰਨ 1920 ਵਿਚ ਪ੍ਰਬੰਧ ਸਿੱਖਾਂ ਦੇ ਹੱਥ ਵਿਚ ਆ ਗਿਆ। ਪਰ ਅੰਗਰੇਜ਼ੀ ਸਰਕਾਰ ਵੱਲੋਂ ਸੁੰਦਰ ਸਿੰਘ ਰਾਮਗੜੀਆਂ ਨੂੰ ਨਿਗਰਾਨ ਨਿਯੁਕਤ ਕੀਤੀ ਰਖਿਆ ਜਿਸ ਕੋਲ ਖਜਾਨੇ ਦੀਆਂ ਚਾਬੀਆਂ ਸਮੇਤ 53 ਚਾਬੀਆਂ ਸਨ। ਸਿੱਖਾਂ ਨੇ ਮਹਿਸੂਸ ਕੀਤਾ ਕਿ ਇਹ ਅਸਿੱਧੇ ਤੌਰ ਤੇ ਸਿੱਖਾਂ ਦੇ ਧਰਮ ਵਿਚ ਦਖਲ ਅੰਦਾਜੀ ਹੈ ਤੇ ਗੁਰਦੁਆਰਿਆਂ ਨੂੰ ਸਰਕਾਰੀ ਕਬਜ਼ੇ ਹੇਠ ਰੱਖਣ ਦੀ ਨੀਤੀ ਹੈ। 20 ਅਕਤੂਬਰ 1921 ਨੂੰ ਸ੍ਰਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫੈਸਲਾ ਕੀਤਾ ਕਿ ਸੁੰਦਰ ਸਿੰਘ ਰਾਮਗੜੀਆਂ ਨੂੰ ਚਾਬੀਆਂ ਕਮੇਟੀ ਦੇ ਪ੍ਰਧਾਨ ਖੜਕ ਸਿੰਘ ਨੂੰ ਸੌਂਪ ਦੇਣੀਆਂ ਚਾਹੀਦੀਆਂ ਹਨ। ਪਰ ਡਿਪਟੀ ਕਮਿਸ਼ਨਰ ਅਮ੍ਰਿਤਸਰ ਨੇ ਇਸ ਨੂੰ ਰੋਕਣ ਲਈ ਅਮਰ ਨਾਥ ਸਹਾਇਕ ਕਮਿਸ਼ਨਰ ਦੀ ਮਦਦ ਨਾਲ ਪੁਲਿਸ ਲਿਜਾ ਕੇ ਸੁੰਦਰ ਸਿੰਘ ਰਾਮਗੜੀਆਂ ਦੇ ਘਰੋਂ ਚਾਬੀਆਂ ਬਰਾਮਦ ਕਰ ਲਈਆਂ। ਜਿਸ ਨਾਲ ਸਿੱਖਾਂ ਵਿਚ ਗੁੱਸੇ ਦੀ ਲਹਿਰ ਉਠ ਪਈ। ਇਸ ਲਈ ਸਿੱਖਾਂ ਨੇ ਇਕਤਰਤਾ ਕੀਤੀ ਜਿਸ ਨੂੰ ਬਾਬਾ ਖੜਕ ਸਿੰਘ ਨੇ ਸੰਬੋਧਨ ਕੀਤਾ। ਪਰ ਸਰਕਾਰ ਆਪਣੇ ਹਠੀਲੇ ਵਤੀਰੇ ਤੇ ਦ੍ਰਿੜ ਰਹੀ। ਸਰਕਾਰ ਨੇ ਚਾਬੀਆ ਸੌਂਪਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਸਿੱਖਾਂ ਨੇ ਇਸ ਸਬੰਧ ਵਿਚ 26 ਨਵੰਬਰ 1921 ਨੂੰ ਅਜਨਾਲਾ ਵਿਖੇ ਇਕੱਠ ਕੀਤਾ। ਸਰਕਾਰ ਨੇ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। 2200 ਦੇ ਲਗਭਗ ਗ੍ਰਿਫ਼ਤਾਰੀਆ ਹੋਈਆਂ। ਇਹ ਮੋਰਚੇ ਦਾ ਆਰੰਭ ਸੀ। ਸ੍ਰੀ ਖੜਕ ਸਿੰਘ, ਸਰਦਾਰ ਬਹਾਦਰ ਮਹਿਤਾਬ ਸਿੰਘ ਸਮੇਤ ਕਈ ਆਗੂਆਂ ਨੂੰ ਸਜਾਵਾਂ ਵੀ ਹੋਈਆਂ। ਤਦ ਹੀ ਸ੍ਰਗੁਰਦੁਆਰਾ ਪ੍ਰਬੰਧਕ ਕਮੇਟੀ ਨੇ 50 ਸਿੱਖਾਂ ਦਾ ਜਥਾ ਅਜਨਾਲਾ ਭੇਜ ਕੇ ਦਿਵਾਨ ਸਜਾਇਆ। ਸਰਕਾਰ ਨੇ ਇਸ ਦਿਵਾਨ ਨੂੰ ਗੈਕਾਨੂੰਨੀ ਕਰਾਰ ਦੇਂਦਿਆਂ ਗ੍ਰਿਫ਼ਤਾਰੀਆਂ ਜਾਰੀ ਰੱਖੀਆਂ। ਸਰਕਾਰ ਦੀ ਇਸ ਕਾਰਵਾਈ ਦੀ ਨਿੰਦਿਆ ਕਰਦਿਆਂ 4 ਦਸੰਬਰ 1921 ਨੂੰ ਵਿਦਰੋਹ ਵੇਖ ਕੇ ਸਰਕਾਰ ਦਾ ਵਤੀਰਾ ਨਰਮ ਹੁੰਦਾ ਗਿਆ। ਉਨ੍ਹਾਂ ਨੇ ਸੋਚ ਲਿਆ ਕਿ ਇਸ ਦਾ ਅਸਰ ਕਿਸਾਨਾਂ ਅਤੇ ਫੌਜੀਆਂ ਤੇ ਵੀ ਪਵੇਗਾ ਉਸ ਨਾਲ ਸਰਕਾਰ ਦੀ ਸਥਿਤੀ ਵਿਗੜ ਸਕਦੀ ਹੈ। 5 ਜਨਵਰੀ 1922 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਤੇ ਸਰਕਾਰ ਨੇ ਚਾਬੀਆਂ ਵਾਪਸ ਕਰਨ ਦਾ ਮਨ ਬਣਾ ਲਿਆ। ਅਖੀਰ ਸਰਕਾਰ ਨੇ ਸਰਕਾਰੀ ਅਧਿਕਾਰੀ ਰਾਹੀਂ ਰੇਸ਼ਮ ਦੇ ਕਪੜੇ ਵਿਚ ਲਪੇਟ ਕੇ ਚਾਬੀਆਂ ਭੇਜੀਆਂ। ਜੋ ਅਕਾਲ ਤਖ਼ਤ ਤੇ ਭਰੇ ਦਿਵਾਨ ਵਿਚ ਚਾਬੀਆਂ ਬਾਬਾ ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 19 ਜਨਵਰੀ 1922 ਨੂੰ ਸੌਂਪੀਆਂ ਗਈਆਂ। ਇਹ ਗੁਰਦੁਆਰਾ ਪ੍ਰਬੰਧ ਦੀ ਸਿੱਖ ਪੰਥ ਦੀ ਸ਼ਾਨਦਾਨ ਜਿੱਤ ਸੀ। ਦੂਸਰੇ ਪਾਸ ਅੰਗਰੇਜ਼ੀ ਹਕੂਮਤ ਨੇ ਬਦਲਾ ਖੋਰੀ ਦਾ ਰਵੀਆ ਇਖਤਿਹਾਰ ਕਰ ਲਿਆ। ਸਿੱਖਾਂ ਦੀਆਂ ਨਜਾਇਜ਼ ਗ੍ਰਿਫ਼ਤਾਰੀਆਂ ਕੈਦਾਂ ਅਤੇ ਜੁਰਮਾਨਿਆਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਗ੍ਰਿਫ਼ਤਾਰੀਆਂ ਦੀ ਗਿਣਤੀ 2000 ਤੱਕ ਹੋ ਗਈ ਉਪਰੋਂ ਸਖਤੀਆਂ ਕੀਤੀਆਂ ਜ਼ਾਦੀਆਂ। ਇਨ੍ਹਾਂ ਵਧੀਕੀਆਂ ਨੇ ਸਿੱਖਾਂ ਵਿਚ ਹੋਰ ਜ਼ੋਸ਼ ਭਰ ਦਿੱਤਾ। ਉਹ ਦੇਸ਼ ਦੀ ਅਜ਼ਾਦੀ ਲਹਿਰ ਵਿਚ ਵੀ ਹਿੱਸਾ ਲੈਣ ਲੱਗ ਪਏ ਅਤੇ ਹੋਰ ਮੋਰਚਿਆਂ ਦਾ ਰਾਹ ਖੋਲਿਆ।

# ਪੰਜਾਬੀ ਸਾਹਿਤ ਚਿੰਤਨ ਅਤੇ ਕਲਾ ਉਪਰ ਕੇਂਦਰਿਤ ਰਿਹਾ ਸਾਹਿਤ ਉਤਸਵ-2018

## • ਬਸੰਤ ਰਾਗ ਗਾਇਨ ਅਤੇ ਵਾਦਨ ਨੇ ਸਰੋਤੇ ਲਾਏ ਝੂਮਣ • ਪੁਸਤਕ ਅਤੇ ਚਿਤਰਕਲਾ ਪ੍ਰਦਰਸ਼ਨੀਆਂ ਰਹੀਆਂ ਖਿੱਚ ਦਾ ਕੇਂਦਰ

**ਡਾ. ਜੋਗਿੰਦਰ ਸਿੰਘ***
(ਫੋਨ: 098765 58216)

ਅੰਮ੍ਰਿਤਸਰ ਵਿਖੇ ਪਿਛਲੇ ਦਿਨੀਂ ਕਰਵਾਏ ਗਏ ਦੋ-ਰੋਜ਼ਾ ਸਾਹਿਤ ਉਤਸਵ ਵਿੱਚ ਹਾਜ਼ਰ ਰਹਿਣ ਦਾ ਸਬੱਬ ਬਣਿਆ। ਦੂਰ ਬੈਠੇ ਪਾਠਕਾਂ ਨੂੰ ਇਹ ਹੋਰ ਸਾਹਿਤਕ ਸਰਗਰਮੀਆਂ ਵਰਗੀ ਇੱਕ ਗਤੀਵਿਧੀ ਮਹਿਸੂਸ ਹੋ ਸਕਦੀ ਹੈ ਪਰ ਉੱਥੇ ਹਾਜ਼ਰ ਹੋ ਕੇ ਸਧਾਰਨ ਸਾਹਿਤਕ ਸਮਾਗਮਾਂ ਦੇ ਮੁਕਾਬਲੇ ਕਾਫ਼ੀ ਕੁਝ ਵਿਲੱਖਣ ਦੇਖਣ ਨੂੰ ਮਿਲਿਆ। ਸਭ ਤੋਂ ਵੱਡੀ ਗੱਲ ਕਿ ਇਹ ਸਾਹਿਤ ਉਤਸਵ ਕਿਸੇ ਖਾਸ ਵਿਚਾਰਧਾਰਾ ਨਾਲ ਜੁੜੇ ਹੋਏ ਵਰਗ ਜਾਂ ਸਭਾ ਵਲੋਂ ਨਹੀਂ ਕੀਤਾ ਗਿਆ ਕਿਉਂਕਿ ਮੈਨੂੰ ਉੱਥੇ ਮਾਰਕਸੀ ਵਿਚਾਰਧਾਰਾਂ ਨਾਲ ਸੰਬੰਧਿਤ ਵਿਦਵਾਨਾਂ ਨੂੰ ਸੁਨਣ ਦਾ ਮੌਕਾ ਵੀ ਮਿਲਿਆ ਅਤੇ, ਦਰਸ਼ਨ ਤੇ ਧਰਮ ਦੇ ਅਨੁਸ਼ਾਸ਼ਨਾਂ ਵਿੱਚ ਖੋਜ ਕਰਨ ਵਾਲੀਆਂ ਅਧਿਕਾਰਿਤ ਸ਼ਖਸੀਅਤਾਂ ਸੰਬੋਧਿਤ ਹੁੰਦੀਆਂ ਦੇਖੀਆਂ। ਦਰਅਸਲ ਇਹ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਦਾ ਸ੍ਵੈ-ਇੱਛਕ ਉਦਮ ਸੀ ਜਿਸ ਨੇ ਮੈਨੂੰ ਵਧੇਰੇ ਅਕਰਸ਼ਿਤ ਕੀਤਾ। ਪੰਜਾਬ ਦੇ ਖੋਜਾਰਥੀ ਅਤੇ ਨੌਜਵਾਨ ਵਰਗ ਨੂੰ ਸਾਹਿਤ, ਚਿੰਤਨ, ਸੰਗੀਤ ਅਤੇ ਕਲਾ ਨਾਲ ਜੋੜਨ ਲਈ ਇਹ ਸਾਹਿਤ ਉਤਸਵ-2018, ਖ਼ਾਲਸਾ ਕਾਲਜ ਫਾਰ ਵਿਮਨ ਅੰਮ੍ਰਿਤਸਰ ਵਿਖੇ ਖੋਜ ਸੰਸਥਾ ਨਾਦ ਪ੍ਰਗਾਸੁ ਵਲੋਂ 27-28 ਫਰਵਰੀ ਨੂੰ ਕੀਤਾ ਗਿਆ। ਇਸ ਸਾਹਿਤ ਉਤਸਵ ਨੂੰ ਯੂਨੀਵਰਸਿਟੀਆਂ/ਕਾਲਜਾਂ ਦੇ ਵਿਦਿਆਰਥੀਆਂ ਵਲੋਂ ਆਪਣੇ



ਤੌਰ ਤੇ ਅਜਿਹਦ ਉੱਦਮ ਕਰਨ ਦਾ ਖਾਸ ਮਹੱਤਵ ਹੈ ਕਿਉਂਕਿ ਜਿਸ ਚਿੰਤਨ ਦੀ ਘੜੀ ਵਿਚ ਅਸੀ ਪ੍ਰਵੇਸ਼ ਕਰ ਚੁਕੇ ਹਾਂ, ਇਸ ਹਾਲਤ ਵਿਚ ਨਿਰੰਤਰ ਸਮਰਪਣ ਨਾਲ ਚਿੰਤਨਸ਼ੀਲ ਅਭਿਆਸ ਚਾਹੀਦਾ ਹੈ ਅਤੇ ਜਿਸ ਅਭਿਆਸ ਦਾ ਲਕਸ਼ ਗਿਆਨਮਈ ਊਰਜਾ ਦੀ ਪ੍ਰਾਪਤੀ ਹੋਵੇ। ਇਸ ਤਰਾਂ ਦੀ ਊਰਜਾ ਦੀ ਸੰਭਾਵਨਾ ਖੋਜਾਰਥੀ/ਵਿਦਿਆਰਥੀ ਵਿਚ ਹੀ ਸਭ ਤੋਂ ਵੱਧ ਹੁੰਦੀ ਹੈ।

ਅੰਮ੍ਰਿਤਸਰ ਦੀ ਧਰਤੀ ਪੁਰਾਤਨ ਸਮੇਂ ਤੋਂ ਹੀ ਵੱਖ-ਵੱਖ ਪਰੰਪਰਾਵਾਂ ਦੇ ਅਭਿਆਸ ਅਤੇ ਚਿੰਤਨ ਦਾ ਕੇਂਦਰ ਰਹੀ ਹੈ। ਸਮੇਂ ਦੇ ਬੀਤਣ ਨਾਲ ਹੋਈਆਂ ਰਾਜਨੀਤਿਕ ਤੇ ਸਮਾਜਿਕ ਤਬਦੀਲੀਆਂ ਨੇ ਇਸ ਸ਼ਹਿਰ ਦਾ ਓਹ ਮਹੱਤਵ ਨਹੀਂ ਰਹਿਣ ਦਿੱਤਾ ਜਿਸ ਕਰਕੇ ਇਹ ਸ਼ਹਿਰ ਸਾਂਝੇ ਪੰਜਾਬ ਦੇ ਧੜਕਦੇ ਜੀਵਨ ਨੂੰ ਰੂਪਮਾਨ ਕਰਦਾ ਸੀ। ਬੀਤੇ ਕੁੱਝ ਦਹਾਕਿਆਂ ਤੋਂ ਕਈ ਸੰਸਥਾਵਾਂ ਨੇ ਸਾਹਿਤਕ ਅਤੇ ਸੱਭਿਆਚਾਰਕ ਗਤੀਵਿਧੀਆਂ ਨਾਲ ਇਸ ਸ਼ਹਿਰ ਨੂੰ ਉੱਤਰੀ ਭਾਰਤ ਦੀ ਗਤੀਸ਼ੀਲਤਾ ਦਾ ਇੱਕ ਪ੍ਰਮੁੱਖ ਕੇਂਦਰ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਨ੍ਹਾਂ ਸੰਸਥਾਵਾਂ ਵਿੱਚੋਂ ਪੰਜਾਬ ਦੀਆਂ ਵੱਖ-ਵੱਖ ਯੂਨੀਵਰਸਿਟੀਆਂ/ਕਾਲਜਾਂ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਵੱਲੋਂ ਸੰਚਾਲਿਤ ਕੀਤੀ ਜਾ ਰਹੀ ਸੰਸਥਾ ਨਾਦ ਪ੍ਰਗਾਸੁ ਦਾ ਵੀ ਉੱਘਾ ਸਥਾਨ ਹੈ। ਸਾਲ 2004 ਵਿੱਚ ਸ਼ੁਰੂ ਕੀਤੀ ਗਈ ਇਹ ਸੰਸਥਾ ਸਿਰਜਣਾਤਮਕ ਸਾਹਿਤ ਅਤੇ ਅਕਾਦਮਿਕ ਚਿੰਤਨ ਦੇ ਨਾਲ-ਨਾਲ ਦਰਸ਼ਨ ਨੂੰ ਆਪਣੀ ਕਰਮਸ਼ੀਲਤਾ ਦਾ ਕੇਂਦਰ ਬਿੰਦੂ ਮੰਨਦੀ ਹੈ। ਜਿਸ ਤਹਿਤ ਪੀਐੱਚ. ਡੀ. ਕਰ ਰਹੇ ਤੇ ਹੋਰ ਵਿਦਿਆਰਥੀ ਸਾਹਿਤ ਅਤੇ ਚਿੰਤਨ ਦੀਆਂ ਵਿਭਿੰਨ ਵਿਧਾਵਾਂ ਨੂੰ ਪੰਜਾਬ ਦੀਆਂ ਮੌਲਿਕ ਪਰੰਪਰਾਵਾਂ ਦੇ ਅਨੁਕੂਲ ਸਮਝਣ ਲਈ ਯਤਨਸ਼ੀਲ ਹਨ। ਇਸ ਉਦੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਸੰਸਥਾ ਲਗਾਤਾਰ ਅਕਾਦਮਿਕ ਗਤੀਵਿਧੀਆਂ ਵਿੱਚ ਕਾਰਜਸ਼ੀਲ ਰਹਿੰਦੀ ਹੈ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਸੰਸਥਾ ਦੇ ਕਈ ਹੋਰ ਸਮਾਗਮਾਂ ਵਿੱਚ ਜਾਣ ਦਾ ਮੌਕਾ ਵੀ ਮਿਲਿਆ ਹੈ। ਸੰਸਥਾ ਵਲੋਂ ਕੀਤੀਆਂ ਜਾਂਦੀਆਂ ਸਾਰੀਆਂ ਗਤੀਵਿਧੀਆਂ ਵਿੱਚੋਂ ਸਭ ਤੋਂ ਪ੍ਰਭਾਵਸ਼ਾਲੀ ਸਾਹਿਤ ਉਤਸਵ ਹੁੰਦਾ ਹੈ। ਜੋ ਪੰਜਾਬ ਦੇ ਵਿਦਿਆਰਥੀਆਂ ਨੂੰ ਸਾਹਿਤ ਤੇ ਚਿੰਤਨ ਪ੍ਰਤੀ ਆਕਰਸ਼ਤ ਕਰਨ ਅਤੇ ਜੀਵਨ ਦੇ ਸਮੁੱਚੇ ਵਰਤਾਰੇ ਨੂੰ ਸਿਰਜਣਾ ਦੀ ਦ੍ਰਿਸ਼ਟੀ ਤੋਂ ਸਮਝਣ ਲਈ ਉਤਸ਼ਾਹਿਤ ਕਰਦਾ ਹੈ। ਸਾਹਿਤ ਅਤੇ ਚਿੰਤਨ ਨਾਲ ਜੁੜੇ ਪ੍ਰਬੁੱਧ ਵਿਦਵਾਨ/ਅਧਿਆਪਕ/ਖੋਜਾਰਥੀ ਇਸ ਵਿੱਚ ਆਪੋ-ਆਪਣੀ ਭੂਮਿਕਾ ਨਿਭਾਉਂਦੇ ਹਨ।

ਨਾਦ ਪ੍ਰਗਾਸੁ ਸੰਸਥਾ ਦੀਆਂ ਦੋ ਪ੍ਰਮੁੱਖ ਵਿਸ਼ੇਸ਼ਤਾਵਾਂ ਮੇਰੇ ਧਿਆਨ ਵਿੱਚੋਂ ਲੰਘੀਆਂ ਹਨ। ਪਹਿਲੀ ਇਹ ਕਿ ਸੰਸਥਾ ਨੂੰ ਸੰਗਠਿਤ ਕਰਨ ਤੇ ਆਯੋਜਿਤ ਸਮਾਗਮਾਂ ਨੂੰ ਚਲਾਉਣ ਲਈ ਵਿਦਿਆਰਥੀ ਹੀ ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਸਾਡੇ ਅੱਜ ਦੇ ਖੜੋਤਮਈ ਵਿਦਿਅਕ ਢਾਂਚੇ ਅਤੇ ਪਦਾਰਥਕ ਲਿਸ਼ਕ



ਵਿੱਚ ਮਖ਼ਸੂਰ ਮਾਨਸਿਕਤਾ ਤੋਂ ਦੂਰ ਰਹਿ ਕੇ ਆਪਣੇ ਆਪ ਨੂੰ ਖੋਜ ਅਤੇ ਸਿਰਜਣਾ ਦੇ ਖੇਤਰ ਨੂੰ ਸਮਰਪਿਤ ਹੋਣਾ ਇਨ੍ਹਾਂ ਖੋਜਾਰਥੀਆਂ/ਵਿਦਿਆਰਥੀਆਂ ਦੀ ਤਿਆਗਮਈ ਪ੍ਰਾਪਤੀ ਹੈ। ਸਾਡੇ ਰਸਮੀ ਵਿਦਿਅਕ ਢਾਂਚੇ ਵਿੱਚ ਵਿਦਿਆਰਥੀ ਹਾਸ਼ੀਏ 'ਤੇ ਚਲਾ ਗਿਆ ਹੈ। ਉਸਨੂੰ ਕਾਲਜਾਂ/ਯੂਨੀਵਰਸਿਟੀਆਂ ਲਈ ਆਮਦਨ ਦਾ ਸਾਧਨ ਬਣਾ ਲਿਆ ਗਿਆ ਹੈ। ਜਿਸ ਕਰਕੇ ਉਹ ਆਪਣੇ ਅੰਦਰੂਨੀ ਗੁਣਾਂ ਅਤੇ ਕਲਾ ਦਾ ਅਜ਼ਾਦ ਰੂਪ ਨਾਲ ਵਿਸਥਾਰ ਨਹੀਂ ਕਰ ਸਕਦਾ। ਜਿਸ ਕਰਕੇ ਵੱਖ-ਵੱਖ ਅਕਾਦਮਿਕ ਸੰਸਥਾਵਾਂ ਤੋਂ ਅਨੇਕਾਂ ਵਿਦਿਆਰਥੀ ਇਸ ਸੰਸਥਾ ਨਾਲ ਜੁੜੇ ਹੋਏ ਹਨ। ਦੂਸਰੀ ਮੁੱਖ ਵਿਸ਼ੇਸ਼ਤਾ ਬਿਨ੍ਹਾ ਕਿਸੇ ਵੱਡੀ ਮਦਦ ਤੋਂ ਆਪਣੇ ਸ਼ੁਭਚਿੰਤਕਾਂ ਦੇ ਸਹਿਯੋਗ ਨਾਲ ਗੈਰ ਰਾਜਨੀਤਿਕ ਰਹਿੰਦੇ ਹੋਏ ਵੱਡੇ ਸਾਹਿਤਕ ਸਮਾਗਮਾਂ ਨੂੰ ਸਫ਼ਲਤਾ ਪੂਰਵਕ ਸਿਰੇ ਚਾੜਨਾ ਹੈ। ਸਲਾਨਾ ਸਾਹਿਤ ਉਤਸਵ ਵੀ ਇਨ੍ਹਾਂ ਵਿੱਚੋਂ ਇਕ ਪ੍ਰਮੁੱਖ ਕਾਰਜ ਹੈ, ਜਿਹੜਾ 27-28 ਫਰਵਰੀ, 2018 ਨੂੰ ਖ਼ਾਲਸਾ ਕਾਲਜ ਫਾਰ ਵਿਮਨ ਅੰਮ੍ਰਿਤਸਰ ਵਿਖੇ ਪੰਜਾਬ ਕਲਾ ਪਰੀਸ਼ਦ ਦੇ ਸਹਿਯੋਗ ਨਾਲ ਕੀਤਾ ਗਿਆ ਸੀ । ਇਸਨੂੰ ਵੱਖ ਵੱਖ ਵਿਸ਼ਿਆਂ ਦੇ ਮੁਤਾਬਕ ਕਈ ਸਮਾਗਮਾਂ ਵਿੱਚ ਵੰਡ ਕੇ ਵਿਚਾਰ ਵਟਾਂਦਰੇ ਕੀਤੇ ਗਏ।

ਸਾਹਿਤ ਉਤਸਵ ਦੇ ਪਹਿਲੇ ਦਿਨ ਉਦਘਾਟਨੀ ਸੰਬੋਧਨ ਦੌਰਾਨ ਮੁਖਾਤਿਬ ਹੁੰਦਿਆਂ ਡਾ. ਬਲਕਾਰ ਸਿੰਘ ਨੇ ਕਿਹਾ ਕਿ ਪਰਿਵਰਤਨ ਇਕ ਅਟੱਲ ਨਿਯਮ ਹੈ ਪਰ ਇਸ ਦੀਆਂ ਜੜ੍ਹਾਂ ਤਾਂ ਹੀ ਮਜ਼ਬੂਤ ਹੁੰਦੀਆਂ ਹਨ ਜੇਕਰ ਇਹ ਗਿਆਨਮਈ ਚੇਤਨਾ ਵਿਚੋਂ ਪੈਦਾ ਹੋ ਰਿਹਾ ਹੋਵੇ। ਪੰਜਾਬ ਕੋਲ ਆਪਣੇ ਸਮਾਜਿਕ-ਸਭਿਆਚਾਰਕ ਮਾਡਲ ਦੀਆਂ ਸੰਭਾਵਨਾਵਾਂ ਤਾਂ ਹਨ ਪਰ ਇਸ ਦਾ ਗਿਆਨ ਸ਼ਾਸਤਰ ਬਣਾਉਣ ਲਈ ਇਕ ਸਾਂਝੀ ਸਮਝ ਬਣਾਉਣੀ ਪਵੇਗੀ। ਮੌਜੂਦਾ ਸਮੇਂ ਵਿਚ ਹਾਸ਼ੀਆਗਤ ਸਰੋਕਾਰ ਕੇਂਦਰੀ ਸਥਾਨ ਗ੍ਰਹਿਣ ਕਰ ਚੁੱਕੇ ਹਨ ਅਤੇ ਕੇਂਦਰੀ ਮਹੱਤਵ ਦੇ ਪ੍ਰਸ਼ਨ ਸਾਡੇ ਜੀਵਨ ਵਿਚੋਂ ਹਾਸ਼ੀਏ ਤੇ ਚਲੇ ਗਏ ਹਨ। ਇਹ ਸਾਹਿਤ ਉਤਸਵ ਪ੍ਰਸੰਗਕ ਨੂੰ ਅਪਣਾਉਣ ਅਤੇ ਗੈਰ ਪ੍ਰਸੰਗਕ ਨੂੰ ਤਿਆਗਣ ਲਈ ਸਾਡੀ ਮਦਦ ਕਰ ਸਕਦਾ ਹੈ।

ਇਸ ਉਪਰੰਤ 'ਲਲਿਤ ਕਲਾ: ਗਿਆਨ ਸ਼ਾਸਤਰ ਅਤੇ ਅਭਿਆਸ ਪ੍ਰਕਿਰਿਆ (ਪੰਜਾਬੀ ਸਾਹਿਤ, ਸੰਗੀਤ ਤੇ ਸਿਨੇਮਾ



ਦੇ ਪ੍ਰਸੰਗ ਵਿੱਚ)' ਵਿਸ਼ੇ 'ਤੇ ਹੋਏ ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਡਾ. ਸੁਖਦੇਵ ਸਿੰਘ ਸਿਰਸਾ ਦਾ ਵਿਚਾਰ ਸੀ ਕਿ ਮੌਜੂਦਾ ਪੰਜਾਬੀ ਮਾਨਸਿਕਤਾ ਨੇ ਆਪਣੀ ਸੁਹਜ ਰੁਚੀਆਂ ਵਿਚ ਵਿਗਾੜ ਪੈਦਾ ਕਰ ਲਿਆ ਹੈ। ਜਿਸਦਾ ਪ੍ਰਮੁੱਖ ਕਾਰਨ ਪੰਜਾਬ ਦੇ ਆਪਣੇ ਮੌਲਿਕ ਸੁਹਜ ਸ਼ਾਸਤਰ ਦੀ ਅਣਹੋਂਦ ਹੈ ਸੋ ਅੱਜ ਦਾ ਇਹ ਸੈਮੀਨਾਰ ਪੰਜਾਬੀਆਂ ਦੇ ਸੁਹਜ ਸੁਆਦ ਦੀ ਪਛਾਣ ਦੇ ਅਧਾਰ ਤਿਆਰ ਕਰਨ ਦਾ ਇਕ ਸ਼ਲਾਘਾਯੋਗ ਯਤਨ ਹੈ। ਸੈਮੀਨਾਰ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ ਡਾ. ਮਨਮੋਹਨ ਨੇ ਕਿਹਾ ਕਿ ਹੁਣ ਇਕ ਨਵੀਂ ਕਿਸਮ ਦੀ ਵਿਸ਼ਵ ਜੰਗ ਲੱਗੀ ਹੋਈ ਹੈ ਜਿਸ ਵਿਚ ਨਾ ਪੈਸਾ ਵਰਤਿਆ ਜਾ ਰਿਹਾ ਹੈ ਨਾ ਹਥਿਆਰ ਬਲਕਿ ਵਿਚਾਰਾਂ ਨੂੰ ਹਥਿਆਰ ਵਾਂਗ ਵਰਤਿਆ ਜਾ ਰਿਹਾ ਹੈ। ਸਾਡਾ ਸਾਹਿਤ, ਸੰਗੀਤ ਤੇ ਸਿਨੇਮਾ ਬਸਤੀਵਾਦੀ ਪ੍ਰਭਾਵਾਂ ਤੋਂ ਆਪਣੀ ਖੁਰਾਕ ਹਾਸਲ ਕਰ ਰਹੇ ਹਨ ਅਤੇ ਸਾਡੇ ਮਨ ਹੁਣ ਨਵੀਂ ਕਿਸਮ ਦੀਆਂ ਬਸਤੀਆਂ ਬਣ ਚੁੱਕੇ ਹਨ ਜਿਸ ਉੱਤੇ ਉਧਾਰੇ ਮਾਡਲ ਕਾਬਜ਼ ਹਨ। ਹੁਣ ਹਰ ਰੋਜ਼ ਇਕ ਨਵਾਂ ਸੱਚ ਘੜਿਆ ਜਾ ਰਿਹਾ ਹੈ ਅਤੇ ਉਸ ਦੀ ਸਥਾਪਤੀ ਲਈ ਨਵੀਂਆਂ ਸਿਧਾਂਤਕ ਵਿਉਂਤਬੰਦੀਆ ਕੀਤੀਆ ਜਾ ਰਹੀਆਂ ਹਨ।

ਇਸ ਮੌਕੇ ਪੰਜਾਬੀ ਸਾਹਿਤ, ਸੰਗੀਤ ਅਤੇ ਸਿਨੇਮਾ ਵਾਰੇ ਤਿੰਨ ਖੋਜ ਪੱਤਰ ਪੜ੍ਹੇ ਗਏ। ਆਪਣਾ ਖੋਜ ਪੇਪਰ ਪੜ੍ਹਦਿਆਂ ਡਾ. ਯਾਦਵਿੰਦਰ ਸਿੰਘ, ਦਿੱਲੀ ਯੂਨੀਵਰਸਿਟੀ, ਦਿੱਲੀ ਨੇ ਕਿਹਾ ਕਿ ਪੂਰਬ ਅਤੇ ਪੱਛਮ ਨੂੰ ਦੋ ਵਿਚਾਰਧਾਰਾਈ ਜੁਜ਼ਾਂ ਵਾਂਗ ਨਹੀਂ ਸਮਝਿਆ ਜਾਣਾ ਚਾਹੀਦਾ ਹੈ ਤਾਂ ਜੋ ਮਨੁੱਖਤਾ ਦਾ ਇਕ ਵਿਸ਼ਵ ਵਿਆਪੀ ਪਰਿਪੇਖ ਸਥਾਨਕਤਾ ਦੇ ਹਵਾਲੇ ਨਾਲ ਸਥਾਪਤ ਕੀਤਾ ਜਾ ਸਕੇ। ਸਾਨੂੰ ਪੰਜਾਬੀ ਦਾ ਗਿਆਨ ਸ਼ਾਸਤਰ ਬਾਬਾ ਫਰੀਦ ਤੋਂ ਪਹਿਲਾਂ ਤੋਂ ਵੇਖਣ ਦੀ ਆਦਤ ਪਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਅੱਜ ਜਦੋਂ ਆਗਿਆਨ ਵੀ ਸ਼ਬਦਾਂ ਰਾਹੀਂ ਹੀ ਪ੍ਰਸਾਰਿਤ ਹੋ ਰਿਹਾ ਹੋਵੇ ਤਾਂ ਅਜਿਹੇ ਸਮੇਂ 'ਸ਼ਬਦ' ਨੂੰ ਧਿਆਨ ਵਿਚ ਰੱਖ ਕੇ ਗਿਆਨ-ਸ਼ਾਸ਼ਤਰ ਦੀ ਸਿਰਜਣਾ ਕਰਨਾ ਇੱਕ ਗੰਭੀਰ ਚੁਣੌਤੀ ਹੈ। ਉਨ੍ਹਾਂ ਨੇ ਭਾਰਤੀ ਅਤੇ ਪੱਛਮੀ ਗਿਆਨ-ਸ਼ਾਸ਼ਤਰ ਦੇ ਹਵਾਲੇ ਨਾਲ ਆਪਣੇ ਖੋਜ ਪੱਤਰ ਨੂੰ ਇਸ ਨੁਕਤੇ ਉਪਰ ਕੇਂਦਰਿਤ ਕੀਤਾ ਕਿ ਗਿਆਨ-ਸ਼ਾਸ਼ਤਰ ਦਾ ਸੁਭਾਅ ਵਿਸ਼ਵਵਿਆਪੀ ਹੋਣਾ ਲਾਹੇਵੰਦ ਰਹੇਗਾ ਜਾਂ ਸਥਾਨਕ। ਉਨ੍ਹਾਂ ਕਿਹਾ ਕਿ ਪੰਜਾਬੀ ਗਿਆਨ-ਸ਼ਾਸ਼ਤਰ ਵਿਚ ਸਿੰਧ ਘਾਟੀ ਦੇ



ਸੱਭਿਆਚਾਰ, ਆਰੀਅਨ ਦੀ ਆਮਦ, ਇਸਲਾਮ ਦਾ ਪ੍ਰਵੇਸ਼ ਅਤੇ ਸਿੱਖੀ ਦਾ ਪ੍ਰਗਟ ਹੋਣਾ; ਇਨ੍ਹਾਂ ਚਾਰਾਂ ਦੇ ਪ੍ਰਸਪਰ ਅੰਤਰ-ਸੰਵਾਦ ਅਤੇ ਵੰਨ-ਸਵੰਨਤਾ ਨੂੰ ਧਿਆਨ ਵਿਚ ਰੱਖ ਕੇ ਹੀ ਇਸ ਪਾਸੇ ਸੋਚਣ ਦੀ ਲੋੜ ਹੈ।

ਇਸ ਮੌਕੇ ਪੰਜਾਬੀ ਸੰਗੀਤ ਬਾਬਤ ਆਪਣਾ ਪੇਪਰ ਪੜ੍ਹਦਿਆਂ ਪੰਜਾਬੀ ਦੇ ਪ੍ਰਸਿੱਧ ਆਲੋਚਕ ਤਸਕੀਨ ਨੇ ਕਿਹਾ ਕਿ ਪੰਜਾਬ ਸ਼ਬਦ ਦੀ ਧਰਤੀ ਪਰ ਸਾਡੇ ਸਮਕਾਲ ਵਿਚ ਸ਼ਬਦ ਸ਼ੋਰ ਦਾ ਸੰਚਾਰ ਸਾਧਨ ਬਣ ਗਿਆ ਹੈ। ਪੰਜਾਬੀ ਮਨ ਆਪਣੇ ਸਮਕਾਲੀ ਅਸਤਿਤਵੀ ਪ੍ਰਸ਼ਨਾਂ ਨਾਲ ਸੰਵਾਦ ਰਚਾਉਣ ਦੀ ਬਜਾਇ ਉਨ੍ਹਾਂ ਨੂੰ ਅਣਗੌਲਿਆਂ ਕਰ ਕਰਕੇ ਬਚਣਾ ਚਾਹੁੰਦਾ ਹੈ। ਪੰਜਾਬੀ ਸੱਭਿਆਚਾਰ ਨੂੰ ਨੱਚਣ-ਗਾਉਣ ਦਾ ਸਮਾਨਅਰਥੀ ਬਣਾਇਆ ਜਾ ਰਿਹਾ ਹੈ ਇਸ ਸਮਾਗਮ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਗੁਰਮੁਖ ਸਿੰਘ ਪੰਜਾਬੀ ਸਿਨੇਮਾ ਬਾਰੇ ਕਿਹਾ ਕਿ ਸਾਡੇ ਕੋਲ ਸਿਨੇਮਾ ਨੂੰ ਪ੍ਰਭਾਸ਼ਿਤ ਕਰਨ ਵਾਲੀ ਸੰਕਲਪਿਕ ਭਾਸ਼ਾ ਹੀ ਨਹੀਂ ਹੈ ਅਤੇ ਪੰਜਾਬੀ ਸਿਨੇਮਾ ਸਾਹਿਤ ਕੋਲੋਂ ਬਹੁਤ ਦੂਰੀ 'ਤੇ ਵਿਚਰ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਮਾਜਿਕ ਪੱਧਰ 'ਤੇ ਹਾਸ਼ੀਆਗਤ ਧਿਰਾਂ ਇਸ ਵਿਚੋਂ ਮਨਫ਼ੀ ਹੋ ਚੁੱਕੀਆਂ ਹਨ। ਡਾ. ਗੁਰਮੁਖ ਸਿੰਘ ਨੇ ਕਿਹਾ ਕਿ ਪੰਜਾਬੀ ਸਿਨੇਮਾ ਮੌਖਿਕ ਬੋਲਾਂ ਦੀ ਪ੍ਰਧਾਨ ਸਥਿਤੀ ਨੂੰ ਪੇਸ਼ ਕਰ ਰਿਹਾ ਹੈ। ਇਹਨਾਂ ਬੋਲਾਂ ਵਿਚ ਨਾ ਤਾਂ ਭਾਸ਼ਾਈ ਗਹਿਰਾਈ ਹੈ ਅਤੇ ਨਾ ਹੀ ਸੁਹਜ ਦੀ ਗੰਭੀਰਤਾ। ਪੰਜਾਬੀ ਸਿਨੇਮਾ ਅਜੇ ਤੱਕ ਦ੍ਰਿਸ਼ ਦੀ ਭਾਸ਼ਾ ਨਹੀਂ ਸਿਰਜ ਸਕਿਆ। ਜਿਸ ਕਰਕੇ ਕਲਾ ਫਿਲਮਾਂ ਪੰਜਾਬੀ ਸੁਭਾਅ ਦਾ ਸਹਿਜ ਰੂਪ ਨਾਲ ਹਿੱਸਾ ਨਹੀ ਬਣ ਸਕੀਆਂ। ਉਨ੍ਹਾਂ ਕਿਹਾ ਕਿ ਜਦੋਂ ਮਨੁੱਖ ਕੋਲ ਆਪਣੇ ਸਮਕਾਲ ਦੇ ਪ੍ਰਸ਼ਨਾਂ ਦੇ ਸਨਮੁੱਖ ਸੰਵਾਦ ਰਚਾਉਣ ਦੀ ਸਮਰੱਥਾ ਨਾ ਹੋਵੇ ਤਾਂ ਉਹ ਭੂਤਕਾਲ ਵੱਲ ਦੇਖਦਾ ਹੈ। ਅੱਜ ਦੇ ਦੌਰ ਵਿਚ ਬਹੁਤੀਆਂ ਪੰਜਾਬੀ ਫਿਲਮਾਂ ਦਾ ਵਿਸ਼ਾ-ਵਸਤੂ ਅਤੀਤ ਪ੍ਰਤੀ ਉਤਰੇਵੇਂ ਦੀਆਂ ਭਾਵਨਾਵਾਂ ਨਾਲ ਭਰਪੂਰ ਇਸ ਮਾਨਸਿਕ ਉਲਝਣ ਕਰਕੇ ਵੀ ਹੈ। ਪ੍ਰਵਾਸੀ ਭਾਈਚਾਰਾ ਵੀ ਪੰਜਾਬੀ ਸਿਨੇਮਾ ਦੀ ਪੂੰਜੀਵਾਦੀ ਪਛਾਣ ਨੂੰ ਸਥਾਪਿਤ ਕਰਨ ਵਿਚ ਯੋਗਦਾਨ ਪਾ ਰਿਹਾ ਹੈ।

ਪੜ੍ਹਨ ਤੋਂ ਬਾਦ ਹੋਈ ਵਿਚਾਰ ਚਰਚਾ ਵਿਚ ਡਾ. ਆਤਮ





ਰੰਧਾਵਾ, ਗੁਰਪ੍ਰੀਤ ਸਿੰਘ ਅਤੇ ਪ੍ਰੋ. ਮੋਹਣ ਸਿੰਘ ਨੇ ਭਾਗ ਲਿਆ। ਵਿਚਾਰ ਚਰਚਾ ਵਿਚ ਵਿਦਵਾਨਾਂ ਨੇ ਇਸ ਗੱਲ ਉਪਰ ਜੋਰ ਦਿੱਤਾ ਕਿ ਪੰਜਾਬੀ ਮਾਨਸਿਕਤਾ ਵਿਚ ਚੰਗਾ ਪੜਨ, ਚੰਗਾ ਸੁਨਣ, ਚੰਗਾ ਦੇਖਣ ਦੀ ਰੁਚੀ ਖਤਮ ਹੋ ਚੁੱਕੀ ਹੈ। ਅਜਿਹੇ ਹਲਾਤਾਂ ਵਿਚ ਗਿਆਨ ਸ਼ਾਸ਼ਤਰ ਦੀ ਸਿਰਜਣਾ ਇਕ ਗੰਭੀਰ ਜਿੰਮੇਵਾਰੀ ਵੱਲ ਇਸ਼ਾਰਾ ਹੈ। ਹੁਣ ਸਾਨੂੰ ਆਪਣੀ ਵਿਰਾਸਤ ਦੇ ਰੁਮਾਂਸ 'ਚੋਂ ਬਾਹਰ ਆ ਕੇ ਉਸ ਨੂੰ ਗਿਆਨ ਦੀ ਦ੍ਰਿਸ਼ਟੀ ਤੋਂ ਦੇਖਣਾ ਪਵੇਗਾ ਪ੍ਰੰਤੂ ਇਸ ਲਕਸ਼ ਦੀ ਪ੍ਰਾਪਤੀ ਲਈ ਸਾਡੇ ਖੋਜਾਰਥੀਆਂ/ਵਿਦਿਆਰਥੀਆਂ ਨੂੰ ਆਪੋ-ਆਪਣੇ ਅਨੁਸ਼ਾਸ਼ਨਾਂ ਵਿਚ ਪੈਦਾ ਹੋ ਰਹੇ ਤਣਾਵਾਂ ਨੂੰ ਸਮਝਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ। ਇਸ ਪਹਿਲੇ ਸਮਾਗਮ ਦਾ ਧੰਨਵਾਦੀ ਮਤਾ ਡਾ. ਜੋਗਿੰਦਰ ਸਿੰਘ ਵੱਲੋਂ ਪੇਸ਼ ਕੀਤਾ ਗਿਆ।

ਸਾਹਿਤ ਉਤਸਵ ਦੇ ਪਹਿਲੇ ਦਿਨ ਦੇ ਦੂਜੇ ਸਮਾਗਮ ਵਿਚ 'ਜੀਵਨੀ ਖ਼ਲੀਲ ਜਿਬਰਾਨ' ਉਪਰ ਪੁਸਤਕ ਗੋਸ਼ਟੀ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਪ੍ਰੋ. ਹਰਪਾਲ ਸਿੰਘ ਪੰਨੂ, ਪੁਸਤਕ ਦੇ ਅਨੁਵਾਦਕ ਜੰਗ ਬਹਾਦਰ ਗੋਇਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਤੋਂ ਡਾ. ਦਰਿਆ, ਪ੍ਰਸਿੱਧ ਅਨੁਵਾਦਕ ਤੇ ਲੇਖਿਕਾ ਡਾ. ਜਗਦੀਸ਼ ਕੌਰ ਵਾਡੀਆ ਅਤੇ ਸਿੰਘ ਬ੍ਰਦਰਜ਼ ਪ੍ਰਕਾਸ਼ਨਾ ਤੋਂ ਗੁਰਸਾਗਰ ਸਿੰਘ ਸ਼ਾਮਿਲ ਹੋਏ। ਇਸ ਵਿੱਚ ਕਿਤਾਬ ਉੱਪਰ ਪੜੇ ਗਏ ਪੇਪਰ ਨੇ ਮੈਨੂੰ ਕਿਤਾਬ ਪੜਨ ਦੀ ਜਾਚ ਵੀ ਦੱਸੀ ਅਤੇ ਕਿਸੇ ਨਾਇਕ ਨੂੰ ਦੇਖਣ ਦੀ ਦ੍ਰਿਸ਼ਟੀ ਵੀ। ਇਸ ਮੌਕੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ ਤੋਂ ਡਾ. ਅਮਰਜੀਤ ਸਿੰਘ ਨੇ ਪੁਸਤਕ 'ਜੀਵਨੀ ਖ਼ਲੀਲ ਜਿਬਰਾਨ' ਦਾ ਵਿਸ਼ਲੇਸ਼ਣ ਕਰਦਿਆਂ ਕਿਹਾ ਕਿ ਇਹ ਪੁਸਤਕ ਪੰਜਾਬ ਦੇ ਖੋਜਾਰਥੀਆਂ/ਵਿਦਿਆਰਥੀਆਂ ਅੱਗੇ ਰਹੱਸਵਾਦੀ ਅਤੇ ਦਾਰਸ਼ਨਿਕ ਪ੍ਰਸ਼ਨਾਂ ਨਾਲ ਸੰਘਰਸ਼ ਕਰਦੇ ਸਵੈ ਦਾ ਚਿਤਰਨ ਕਰਦੀ ਹੈ, ਇਸ ਨੇ ਪੰਜਾਬੀ ਸਾਹਿਤ, ਜੋ ਕਿ ਆਪਣੇ ਰਹੱਸਵਾਦੀ ਅਤੇ ਦਾਰਸ਼ਨਿਕ ਪ੍ਰਸ਼ਨਾਂ ਤੋਂ ਸੰਬੰਧਾਂ ਨੂੰ ਗੁਆ ਚੁੱਕਾ ਹੈ, ਨੂੰ ਇੱਕ ਨਵੀਨ ਅੰਤਰ ਦ੍ਰਿਸ਼ਟੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੀਵਨੀ ਸਿਰਫ ਕਾਲਕ ਜਾ ਅਸਤਿਤਵੀ ਤੱਥਾਂ ਦਾ ਇਕੱਠ ਹੀ ਨਹੀਂ ਹੋਣਾ ਚਾਹੀਦਾ ਸਗੋਂ ਨਾਇਕ ਦੀ ਚੇਤਨਾ ਵਿਚ ਹੁੰਦੀ ਟੁੱਟ-ਭੱਜ ਅਤੇ ਉਤਰਾਵਾਂ ਚੜ੍ਹਾਵਾਂ ਨੂੰ ਪੇਸ਼ ਕਰਨ ਦੇ ਸਮਰੱਥ ਵੀ ਹੋਣੀ ਚਾਹੀਦੀ ਹੈ। ਮਿਖ਼ਾਇਲ ਨਈਮੀ ਦੁਆਰਾ



ਲਿਖੀ ਗਈ ਇਹ ਜੀਵਨੀ ਇਸੇ ਨੁਕਤੇ ਨੂੰ ਧਿਆਨ ਵਿਚ ਰੱਖ ਕੇ ਲਿਖੀ ਗਈ ਹੈ। ਸਿਰਜਣਾਤਮਕ ਪ੍ਰਕ੍ਰਿਆ ਆਪਣੇ ਆਪ ਵਿਚ ਸਾਹਿਤਿਕ ਕਾਰਜ ਹੀ ਨਹੀਂ ਬਲਕਿ ਲੇਖਕ ਦੇ ਸਵੈ-ਉਪਰ ਵਾਪਰਦੀਆਂ ਵਿਭਿੰਨ ਚਿੰਤਨਮਈ ਪ੍ਰਸਥਿਤੀਆਂ ਨੂੰ ਵੀ ਰੂਪਮਾਨ ਕਰਦੀ ਹੈ। ਕਲਾ ਮਨੁੱਖ ਨੂੰ ਬ੍ਰਹਮੰਡੀ ਜੀਵਨ ਦੇ ਪ੍ਰਸ਼ਨਾਂ ਦੇ ਸਨਮੁੱਖ ਲਿਆ ਖੜ੍ਹਾ ਕਰਦੀ ਹੈ, ਜੋ ਉਸ ਆਤਮ ਦੇ ਸੰਕਟ ਜਾ ਮੁਕਤੀ ਦਾ ਰਾਹ ਵੀ ਬਣ ਸਕਦੀ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪਹੁੰਚੇ ਪ੍ਰੋ. ਹਰਪਾਲ ਸਿੰਘ ਪੰਨੂ ਦਾ ਮੰਨਣਾ ਸੀ ਕਿ ਇਹ ਕਿਤਾਬ ਪੰਜਾਬੀ ਚੇਤਨਾ ਨੂੰ ਨਵੇਂ ਮੁਕਾਮ ਪ੍ਰਦਾਨ ਕਰਨ ਦੇ ਸਮਰੱਥ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਦਰਿਆ ਨੇ ਕਿਹਾ ਕਿ ਅਨੁਵਾਦ ਆਪਣੇ ਆਪ ਵਿਚ ਕਠਿਨ ਕਾਰਜ ਹੈ ਪਰ ਅਨੁਵਾਦਕ ਨੇ ਇਹ ਇਹ ਕਾਰਜ ਪੂਰੀ ਨਿਪੁੰਨਤਾ ਸਹਿਤ ਨਿਭਾਇਆ ਹੈ। ਉਨ੍ਹਾਂ ਕਿਹਾ ਕਿ ਸਾਡੀ ਅਕਾਦਮਿਕ ਪ੍ਰਣਾਲੀ ਵਿਦਿਆਰਥੀਆਂ ਨੂੰ ਗਿਆਨ ਤੇ ਸਾਹਿਤ ਨਾਲ ਜੋੜ ਨਹੀਂ ਰਹੀ ਬਲਕਿ ਲਾਇਬ੍ਰੇਰੀ ਤੇ ਪੁਸਤਕ ਸਭਿਆਚਾਰ ਤੋਂ ਦੂਰ ਕਰ ਰਹੀ ਹੈ।

ਸਾਹਿਤ ਉਤਸਵ ਦੇ ਦੂਜੇ ਅਤੇ ਆਖਰੀ ਦਿਨ ਹੋਏ 'ਚੜ੍ਹਿਆ ਬਸੰਤ' ਨਾਂ ਦੇ ਕਵੀ ਦਰਬਾਰ ਦਾ ਵੱਡੇ ਪੱਧਰ ਤੇ ਆਯੋਜਨ ਕੀਤਾ ਗਿਆ। ਆਰੰਭ ਵਿਚ ਇਹ ਕਵੀ ਦਰਬਾਰ ਅੱਜ ਸਵੇਰੇ ਦਿਲਰੁਬਾ ਵਾਦਨ ਦੇ ਨਾਲ ਆਰੰਭ ਹੋਇਆ ਅਤੇ ਇਸ ਤੋਂ ਬਾਅਦ ਬੋਦਲਾਂ ਘਰਾਣੇ ਤੋਂ ਸਤਨਿੰਦਰ ਸਿੰਘ ਨੇ ਬਸੰਤ ਰਾਗ

ਬਾਕੀ ਸਫ਼ਾ 32 'ਤੇ

## Classified


**ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ**

**ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ**

**ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ**

**ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ**

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਈਮੇਲ: successonnclex@gmail.com

ਜਾਂ ਕਾਲ ਕਰੋ:

612-849-5258

**ATTENTION**

**International Students**

**Online NCLEX Classes for International Students**

**Available in English & Punjabi**

**Flexible Days and Time**

For more information

Email: successonnclex@gmail.com

**Call: 612-849-5258**


## ਮਾਰਕਸਵਾਦ ਤੋਂ ਉਤਮ ਫਲਸਫਾ ਹੈ ਸਿਖ ਧਰਮ

ਕਰਨ ਵਲ ਧਕਿਆ ਜਾਂਦਾ ਹੈ। ਮਾਰਕਸਵਾਦੀਆਂ ਨੇ ਨਾਮ ਅਤੇ ਰੂਹਾਨੀਅਤ ਦੇ ਸਵਾਲਾਂ ਨੂੰ ਚੰਗੀ ਤਰ੍ਹਾਂ ਸਮਝਣ ਦਾ ਯਤਨ ਨਹੀਂ ਕੀਤਾ ਅਤੇ ਧਰਮ ਤੇ ਪੰਥ ਵਿਚ ਫ਼ਰਕ ਸਮਝਣ ਦਾ ਯਤਨ ਨਹੀਂ ਕੀਤਾ ਅਤੇ ਧਰਮ ਤੇ ਮਜ਼੍ਹਬ ਨੂੰ ਰਲਗੱਡ ਕੀਤਾ ਹੈ ਅਤੇ ਆਪ ਵੀ ਭੰਬਲਭੂਸੇ ਵਿਚ ਪੈ ਗਏ ਅਤੇ ਦੂਜਿਆਂ ਨੂੰ ਇਸ ਦਿਸ਼ਾ ਵਲ ਧਕ ਦਿੱਤਾ।

ਸਿਖ ਫਲਸਫੇ ਨੇ ਇਹ ਸਪੱਸ਼ਟ ਕੀਤਾ ਹੈ ਕਿ ਧਰਮ ਸਰਬ-ਵਿਆਪਕ ਹੈ ਅਤੇ ਇਸ ਦੇ ਮੁੱਖ ਪੱਖ ਰੂਹਾਨੀ ਚੇਤਨਾ ਤੇ ਨੈਤਿਕਤਾ ਹਨ। ਧਰਮ ਹੀ ਸ੍ਰਿਸ਼ਟੀ ਅਤੇ ਸਮਾਜ ਦਾ ਆਧਾਰ ਬਣਾਉਂਦਾ ਅਤੇ ਸਮਾਜ ਨੂੰ ਸਥਿਰਤਾ ਪ੍ਰਦਾਨ ਕਰਦਾ ਹੈ। ਧਰਮ ਮਨੁੱਖ ਵਿਚ ਬ੍ਰਹਿਮੰਡੀ ਚੇਤਨਾ ਜਗਾ ਕੇ ਮਨੁੱਖ ਨੂੰ ਅਹਿਸਾਸ ਕਰਵਾਉਂਦਾ ਕਿ ਉਸ ਦੀ ਹੋਂਦ ਸਿਰਫ਼ ਨਿੱਜ ਤਕ ਸੀਮਤ ਨਹੀਂ ਹੈ, ਸਗੋਂ ਜਿਵੇਂ ਉਸ ਦੀ ਚੇਤਨਾ ਬ੍ਰਹਿਮੰਡੀ ਚੇਤਨਾ ਦਾ ਅੰਗ ਹੈ, ਇਸੇ ਤਰ੍ਹਾਂ ਉਸ ਦੀ ਹੋਂਦ ਵੀ ਸਮੁੱਚੀ ਸ੍ਰਿਸ਼ਟੀ ਦਾ ਹਿੱਸਾ ਹੈ। ਪੰਥ ਜਾਂ ਮਜ਼੍ਹਬ ਮਨੁੱਖ ਨੂੰ ਚੇਤੰਨ ਬਣਾਉਣ ਦਾ ਇਕ ਰਾਹ ਹੈ। ਇਹ ਵੱਖ-ਵੱਖ ਲੋਕਾਂ ਲਈ ਵੱਖ-ਵੱਖ ਹਨ ਪਰੰਤੂ ਧਰਮ ਸਰਬ-ਵਿਆਪਕ ਅਤੇ ਸਰਬ ਸਾਂਝਾ ਹੈ। ਧਰਮ ਇਕ ਪੂਰਬੀ ਸੰਕਲਪ ਹੈ ਜਿਸ ਕਰਕੇ ਕਿਸੇ ਵੀ ਪੱਛਮੀ ਬੋਲੀ ਵਿਚ ਇਸ ਦਾ ਅਨੁਵਾਦ ਨਹੀਂ ਹੋ ਸਕਦਾ। ਅੰਗਰੇਜ਼ੀ ਜਾਂ ਹੋਰ ਪੱਛਮੀ ਬੋਲੀਆਂ ਵਿੱਚ ਰਿਲੀਜਨ ਸ਼ਬਦਾਂ ਦਾ ਅਰਥ ਧਰਮ ਨਹੀਂ, ਸਗੋਂ ਮਜ਼੍ਹਬ ਜਾਂ ਪੰਥ ਹੈ, ਜੇ ਮਾਰਕਸ ਨੂੰ ਕੋਈ ਇਹ ਫਰਕ ਸਮਝਾ ਦਿੰਦਾ ਤਾਂ ਉਸ ਨੇ ਇਹ ਸਪੱਸ਼ਟ ਕਰ ਦੇਣਾ ਸੀ ਕਿ ਜਦੋਂ ਉਸ ਨੇ ਰਿਲੀਜਨ ਨੂੰ ਲੋਕਾਂ ਲਈ ਅਫੀਮ ਕਿਹਾ ਸੀ ਤਾਂ ਉਸ ਦਾ ਮਤਲਬ ਮਜ਼੍ਹਬ ਜਾਂ ਪੰਥ ਸੀ, ਨਾ ਕਿ ਧਰਮ, ਕਿਉਂਕਿ ਨੈਤਿਕਤਾ ਤੋਂ ਬਿਨਾਂ ਕੋਈ ਵੀ ਫਲਸਫਾ ਆਪਣੇ ਆਪ ਨੂੰ ਫਲਸਫਾ ਨਹੀਂ ਕਹਾ ਸਕਦਾ। ਇਸ ਲਈ ਮਾਰਕਸਵਾਦ ਦੇ ਫਲਸਫ਼ੇ ਹੋਣ ਦੇ ਨਾਤੇ ਇਸ ਵਿਚ ਵੀ ਨੈਤਿਕ ਪੱਖ ਦਾ ਹੋਣਾ ਜ਼ਰੂਰੀ ਹੈ। ਜੇ ਅਸੀਂ ਧਰਮ ਨੂੰ ਨੈਤਿਕਤਾ ਮੰਨਦੇ ਹਾਂ, ਤਾਂ ਮਾਰਕਸਵਾਦ ਨੂੰ ਵੀ ਇਕ ਧਰਮ ਹੀ ਕਿਹਾ ਜਾ ਸਕਦਾ ਹੈ ਅਤੇ ਮਾਰਕਸ ਧਰਮ ਨੂੰ ਅਫੀਮ ਨਹੀਂ ਕਹਿ ਸਕਦਾ। ਅਜੋਕੇ ਸਮੇਂ ਵਿਚ ਇਨ੍ਹਾਂ ਸਵਾਲਾਂ ਨੂੰ ਸੰਬੋਧਿਤ ਹੋਣਾ ਸਮੇਂ ਦੀ ਮੁੱਖ ਲੋੜ ਹੈ, ਕਿਉਂਕਿ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਵਿਚ ਸੰਸਾਰ ਨੂੰ ਜਿਸਮਾਨੀ ਤੌਰ 'ਤੇ ਤਾਂ ਇਕ ਇਕਾਈ ਬਣਾ ਦਿੱਤਾ ਹੈ, ਪਰੰਤੂ ਉਸ ਨੂੰ ਇਕ ਵਿਸ਼ਵ ਦ੍ਰਿਸ਼ਟੀ ਪ੍ਰਦਾਨ ਨਹੀਂ ਕੀਤੀ, ਜਿਸ ਕਰਕੇ ਨਾ ਤਾਂ ਇਕ ਨੈਤਿਕ ਸੰਸਾਰੀਕਰਨ ਅਤੇ ਨਾ ਹੀ ਇਕ ਸੱਚਾ ਵਿਸ਼ਵ ਭਾਈਚਾਰਾ ਵਿਕਸਿਤ ਹੋ ਸਕਿਆ।

ਅੱਜ ਸੰਸਾਰ ਵਿਚ ਵਿਚਾਰਧਾਰਕ ਤੌਰ 'ਤੇ ਦੋ ਪ੍ਰਮੁੱਖ ਧਾਰਾਵਾਂ ਹਨ, ਪੱਛਮੀ ਸਰਮਾਏਦਾਰੀ ਦਾ ਉਦਾਰਵਾਦ ਅਤੇ ਰਵਾਇਤੀ ਮਾਰਕਸਵਾਦ। ਇਹ ਦੋਵੇਂ ਹੀ ਪੱਛਮੀ ਨਿਰਪੇਖਵਾਦ ਫਲਸਫ਼ੇ 'ਤੇ ਆਧਾਰਿਤ ਹਨ। ਇਹ ਦੋਵੇਂ ਹੀ ਸਿਰਫ਼ ਆਪਣੀ-ਆਪਣੀ ਦ੍ਰਿਸ਼ਟੀ ਨੂੰ ਹੀ ਸਹੀ ਮੰਨਦੀਆਂ ਹਨ। ਦੋਵਾਂ ਵਿਚ ਇਕ ਸਾਂਝ ਹੋਰ ਵੀ ਹੈ ਕਿ ਮੂਲ ਤੌਰ 'ਤੇ ਦੋਵੇਂ ਹੀ ਆਰਥਿਕਤਾਵਾਦੀ ਫਲਸਫੇ ਹਨ, ਭਾਵੇਂ ਕਿ ਮੂਲ ਤੌਰ 'ਤੇ ਮਾਰਕਸਵਾਦ ਮਨੁੱਖਵਾਦੀ ਫਲਸ਼ਫ਼ਾ ਸੀ। ਮਾਰਕਸ ਸਰਮਾਏਦਾਰੀ ਦੀ ਅਮਾਨਵੀਕਰਨ ਵਾਲੀ ਪ੍ਰਕਿਰਿਆ ਅਤੇ ਮਨੁੱਖੀ ਰਿਸ਼ਤਿਆਂ ਨੂੰ ਖਤਮ ਕਰਨ ਦੀ ਪ੍ਰਕਿਰਿਆ ਦਾ ਵਿਰੋਧੀ ਸੀ ਤੇ ਇਸੇ ਲਈ ਹੀ ਉਸ ਨੇ ਲੋਟੂ ਨਿਜ਼ਾਮ ਨੂੰ ਖ਼ਤਮ ਕਰਨ ਲਈ ਆਪਣਾ ਆਰਥਿਕ ਸਿਧਾਂਤ ਪੇਸ਼ ਕੀਤਾ, ਪਰੰਤੂ ਬਹੁਤ ਸਾਰੇ ਮਾਰਕਸਵਾਦੀ ਮਾਰਕਸਵਾਦ ਦੇ ਮਨੁੱਖਵਾਦੀ ਫਲਸ਼ਫ਼ੇ ਨੂੰ ਭੁਲਾ ਕੇਸਿਰਫ਼ ਆਰਥਿਕਤਾ ਤਕ ਹੀ ਸੀਮਤ ਹੋ ਗਏ ਅਤੇ ਮਾਰਕਸ ਦਾ ਲਚਕੀਲਾਪਣ ਛੱਡ ਕੇ ਕਠੋਰਵਾਦ ਦਾ ਸ਼ਿਕਾਰ ਹੋ ਗਏ। ਮਾਰਕਸਵਾਦ ਦੇ ਆਰਥਿਕਵਾਦ ਅਤੇ ਕਠੋਰਵਾਦ ਹੀ ਇਸ ਦੇ ਪਤਨ ਦੇ ਮੁੱਖ ਕਾਰਨ ਬਣੇ ਅਤੇ ਮਾਰਕਸਵਾਦ ਆਪਣੀ ਮੂਲ ਭੂਮੀ ਅਰਥਾਤ ਯੂਰਪ (ਪੂਰਬੀ ਯੂਰਪ ਤੇ ਰੂਸ) ਵਿਚ ਢਹਿ ਗਿਆ। ਜਿੱਥੇ ਵੀ ਮਾਰਕਸਵਾਦ ਕੁਝ ਹੱਦ ਤਕ ਬਚ ਸਕਿਆ ਹੈ, ਇਹ ਉਹ ਹੀ ਦੇਸ ਹਨ ਜਿਨ੍ਹਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਸਾਮਰਾਜ ਵਿਰੋਧੀ ਕੌਮੀ ਅਜ਼ਾਦੀ ਦੀ ਲੜਾਈ ਲੜੀ ਗਈ, ਜਿਵੇਂ ਚੀਨ, ਵੀਅਤਨਾਮ, ਉੱਤਰੀ ਕੋਰੀਆ ਅਤੇ ਕਿਊਬਾ ਆਦਿ। ਕਿਉਂਕਿ ਜਦੋਂ ਮਾਰਕਸਵਾਦ ਕਠੋਰ ਆਰਥਿਕਵਾਦ ਤਕ ਸੀਮਤ ਹੋ ਜਾਂਦਾ ਹੈ ਤਾਂ ਉਸ ਵਿਚੋਂ ਮਨੁੱਖੀ ਜਜ਼ਬਾ ਖ਼ਤਮ ਹੋ ਜਾਂਦਾ ਹੈ ਅਤੇ ਫਿਰ ਬਾਕੀ ਘਟੀਆ ਅਤੇ ਦੂਜੇ ਦਰਜੇ ਦਾ ਸਰਮਾਏਦਾਰੀ ਫਲਸਫਾ ਅਤੇ ਵਿਵਸਥਾ ਹੀ ਬਾਕੀ ਬਚਦੇ ਹਨ। ਅੱਜ ਨਾ ਤਾਂ ਸਰਮਾਏਦਾਰੀ ਅਤੇ ਨਾ ਹੀ ਮਾਰਕਸਵਾਦ ਇਸ ਅਵਸਥਾ ਵਿਚ ਹੈ ਕਿ ਉਹ ਮਨੁੱਖਤਾ ਅਤੇ ਸੰਸਾਰ ਨੂੰ, ਜਿਸ ਘੋਰ ਸੰਕਟ ਵਿਚ ਉਹ ਫਸ ਚੁੱਕੇ ਹਨ, ਵਿਚੋਂ ਬਾਹਰ ਕੱਢ ਸਕੇ। ਇਕ ਤੀਜੇ ਬਦਲਵੇਂ ਫਲਸਫੇ ਦੀ ਲੋੜ ਹੈ, ਸਿਖ ਧਰਮ ਇਕ ਅਜਿਹਾ ਫਲਸ਼ਫ਼ਾ ਹੈ ਜੋ ਕਿ ਇਹ ਸਮਰੱਥਾ ਰੱਖਦਾ ਹੈ।

ਦੱਖਣੀ ਅਮਰੀਕਾ ਵਿਚ ਇਸਾਈ ਧਰਮ ਅਤੇ ਮਾਰਕਸਵਾਦ ਦੇ ਸੁਮੇਲ ਦਾ ਸਫ਼ਲ ਤਜਰਬਾ ਸਾਡੇ ਕੋਲ ਹੈ। ਅੱਜ ਸੰਸਾਰ ਪੱਧਰ 'ਤੇ ਦੱਖਣੀ ਅਮਰੀਕਾ ਮਹਾਂਦੀਪ ਇਕ ਹੀ ਅਜਿਹਾ ਮਹਾਂਦੀਪ ਹੈ, ਜਿੱਥੇ ਮਾਰਕਸਵਾਦੀ ਅਤੇ ਇਨਕਲਾਬੀ ਸੋਚ ਕਾਇਮ ਹੈ ਅਤੇ ਪ੍ਰਫੁਲਿਤ ਹੋ ਰਹੀ ਹੈ। ਸਿਖ ਫਲਸ਼ਫ਼ੇ ਅਤੇ ਮਾਰਕਸਵਾਦ ਦਾ ਪੰਜਾਬ ਵਿਚ ਸੁਮੇਲ ਕਰਨ ਵਿਚ ਇਕ ਵੱਡੀ ਸਮੱਸਿਆ ਇਹ ਵੀ ਹੈ ਪੰਜਾਬ ਵਿਚ ਜ਼ਿਆਦਾ ਸਿਖ ਪਿਛੋਕੜ ਦੇ ਲੋਕ ਹੀ ਮਾਰਕਸਵਾਦ ਵਲ ਝੁਕੇ ਹਨ, ਪਰੰਤੂ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਵਿਚ ਉਜੱੜਵਾਦ ਦਾ ਬੋਲਬਾਲਾ ਹੋਣ ਕਾਰਨ ਪੰਜਾਬ ਦੇ ਮਾਰਕਸਵਾਦੀਆਂ ਨੇ ਨਾ ਤਾਂ ਮਾਰਕਸਵਾਦ ਦਾ ਡੂੰਘਾ ਅਧਿਐਨ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਨੇ ਸਿਖ ਫਲਸ਼ਫ਼ੇ ਦਾ ਡੂੰਘਾ ਅਧਿਐਨ ਕੀਤਾ ਹੈ। ਨਤੀਜਾ ਇਹ ਨਿਕਲਿਆ ਹੈ ਕਿ ਉਨ੍ਹਾਂ ਦੀ ਸਥਿਤੀ ਅਜਿਹੀ ਬਣ ਗਈ ਹੈ ਕਿ ਉਹ ਨਾ ਕਾਂਵਾਂ ਵਿਚ ਰਹੇ ਹਨ ਅਤੇ ਨਾ ਹੰਸਾਂ ਵਿਚ। ਅਜਿਹੇ ਲੋਕਾਂ ਤੋਂ ਇਹ ਆਸ ਰੱਖਣੀ ਕਿ ਉਹ ਦੋਵਾਂ ਫਲਸਫ਼ਿਆਂ ਦਾ ਡੂੰਘਾ ਅਤੇ ਤੁਲਨਾਤਮਿਕ ਅਧਿਐਨ ਕਰਕੇ ਇਨ੍ਹਾਂ ਦਾ ਸੁਮੇਲ ਕਰਨਗੇ, ਔਖਾ ਕੰਮ ਲੱਗਦਾ ਹੈ। ਪਰੰਤੂ ਪੰਜਾਬ ਵਿਚ ਹਰੇ ਇਨਕਲਾਬ ਅਤੇ ਉਜੱੜਵਾਦ ਦੇ ਦੌਰ ਤੋਂ ਪਹਿਲਾਂ ਅਜਿਹਾ ਹੋ ਰਿਹਾ ਸੀ। ਪੁਰਾਣੇ ਕਾਮਰੇਡ ਆਪਣੀ ਸਿਖ ਵਿਰਾਸਤ ਤੋਂ ਪ੍ਰੇਰਿਤ ਸਨ। ਗਦਰੀ ਬਾਬੇ ਦੋਵਾਂ ਫਲਸਫ਼ਿਆਂ ਦੇ ਨਰੋਏ ਅੰਸ਼ਾਂ ਦਾ ਸੁਮੇਲ ਕਰਨ ਦਾ ਯਤਨ ਕਰਦੇ ਸਨ। ਕਈ ਪੁਰਾਣੇ ਕਾਮਰੇਡ ਅੰਮ੍ਰਿਤਧਾਰੀ ਸਿਖ ਸਨ। ਪੰਜਾਬ ਵਿਚ ਮਾਰਕਸਵਾਦੀਆਂ ਦਾ ਪਹਿਲਾ ਪਰਚਾ ਕਿਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਲੈ ਕੇ ਰਿਲੀਜ਼ ਕੀਤਾ ਗਿਆ ਸੀ। ਪੁਰਾਣੇ ਕਾਮਰੇਡ ਬਾਬੂ ਬੂਝਾ ਸਿੰਘ ਜੋ ਕਿ ਨਕਸਲਬਾੜੀ ਲਹਿਰ ਵਿਚ ਸ਼ਾਮਲ ਹੋ ਗਏ ਸਨ, ਦਾ ਕਹਿਣਾ ਸੀ ਕਿ ਉਹ ਗੁਰੂ ਗੋਬਿੰਦ ਸਿੰਘ ਦੇ ਅਸਲੀ ਸਿਖ ਹਨ।

ਜੇ ਅੱਜ ਅਸੀਂ ਸੰਸਾਰ ਪੱਧਰ 'ਤੇ ਸਿਖ ਫਲਸਫੇ ਦੀ ਸਰਬ ਵਿਆਪਕਤਾ ਨੂੰ ਉਜਾਗਰ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਇਸ ਪੱਧਰ ਦੇ ਪ੍ਰਚਾਰਕ ਪੈਦਾ ਕਰਨ ਦੀ ਲੋੜ ਹੈ ਜੋ ਕਿ ਅਜਿਹਾ ਕਰਨ ਦੇ ਸਮਰੱਥ ਹੋਣ। ਅੱਜ ਸਾਡਾ ਪ੍ਰਚਾਰਕਾਂ ਅਤੇ ਗ੍ਰੰਥੀਆਂ ਵਲ ਰਵੱਈਆ ਬਹੁਤ ਗਲਤ ਹੈ। ਪੰਜਾਬ ਵਿਚ ਉਜੱੜਵਾਦ ਭਾਰੂ ਹੋਣ ਕਾਰਨ ਅਤੇ ਖ਼ਾਸ ਕਰਕੇ ਜੱਟ ਭਾਈਚਾਰੇ ਵਿਚ ਇਹ ਭਾਵਨਾ ਪ੍ਰਬਲ ਹੈ ਕਿ ਇਨ੍ਹਾਂ ਕੰਮਾਂ ਵਲ ਉਹ ਹੀ ਲੋਕ ਸ਼ਾਮਲ ਹੁੰਦੇ ਹਨ, ਜੋ ਹੋਰ ਚੰਗੇ ਪੇਸ਼ਿਆਂ ਵਿਚ ਜਾਣ ਦੇ ਕਾਬਲ ਨਹੀਂ ਹੁੰਦੇ। ਜੱਟ ਭਾਈਚਾਰੇ ਵਿਚ ਕਈ ਵਾਰੀ ਇਹ ਗਲਤ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਜੱਟ ਭਾਈਚਾਰਾ ਨਾ ਤਾਂ ਪ੍ਰਚਾਰਕਾਂ ਅਤੇ ਗ੍ਰੰਥੀਆਂ ਨੂੰ ਉਨ੍ਹਾਂ ਦਾ ਢੁੱਕਵਾਂ ਸਤਿਕਾਰ ਦਿੰਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੰਗਾ ਸਾਮਾਜਿਕ ਤੇ ਆਰਥਿਕ ਰੁਤਬਾ ਦੇਣ ਨੂੰ ਤਿਆਰ ਹੈ। ਨਤੀਜਾ ਇਹ ਨਿਕਲਦਾ ਹੈ ਕਿ ਅਸੀਂ ਚੰਗੇ ਬੌਧਿਕ ਪੱਧਰ ਦੇ ਲੋਕਾਂ ਨੂੰ ਇਸ ਕੰਮ ਲਈ ਆਕਰਸ਼ਿਤ ਕਰਨ ਵਿਚ ਅਸਮਰਥ ਹਾਂ। ਇਸ ਗਲਤ ਰਵੱਈਏ ਦੀ ਸਿਖਾਂ ਨੂੰ ਭਾਰੀ ਕੀਮਤ ਚੁਕਾਉਣੀ ਪਈ ਹੈ। ਸਮੁੱਚੇ ਤੌਰ 'ਤੇ ਅਸੀਂ ਸਿਖ ਫਲਸਫੇ ਦੀ ਮਹਾਨਤਾ ਅਤੇ ਸਰਬ ਵਿਆਪਕਤਾ ਸੰਸਾਰ ਵਿਚ ਉਜਾਗਰ ਕਰਨ ਵਿਚ ਸਫਲ ਨਹੀਂ ਹੋ ਸਕੇ। ਜੇ ਅਸੀਂ ਅਜਿਹਾ ਕਰ ਸਕਦੇ ਤਾਂ ਸਿਖਾਂ ਨੂੰ ਸੰਸਾਰ ਵਿਚ ਬਹੁਤ ਸਤਿਕਾਰਤ ਸਥਾਨ ਮਿਲ ਚੁੱਕਾ ਹੁੰਦਾ। ਹੁਣ ਵੀ ਜੇ ਅਸੀਂ ਇਹ ਕਰਾਂਗੇ ਤਾਂ ਸਿਖਾਂ ਨੂੰ ਬਹੁਤ ਸਤਿਕਾਰਿਤ ਸਥਾਨ ਮਿਲ ਸਕਦਾ ਹੈ। ਉਨ੍ਹਾਂ ਨੂੰ ਸਿਰਫ਼ ਇਹ ਸਮਝਣ ਦੀ ਲੋੜ ਹੈ ਕਿ ਉਨ੍ਹਾਂ ਕੋਲ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸਭ ਤੋਂ ਕੀਮਤੀ ਸੰਪਤੀ ਹੈ ਅਤੇ ਇਸ ਫਲਸਫ਼ੇ ਨਾਲ ਹੀ ਉਨ੍ਹਾਂ ਨੂੰ ਅਜਿਹੇ ਵਿਦਵਾਨ ਅਤੇ ਪ੍ਰਚਾਰਕ ਪੈਦਾ ਕਰਨੇ ਪੈਣਗੇ, ਜੋ ਸਿਖ ਫਲਸਫ਼ੇ ਦੀ ਸਹੀ ਢੰਗ ਨਾਲ ਵਿਆਖਿਆ ਕਰ ਸਕਣ। ਸਿਖ ਕੌਮ ਦੀ ਇਹ ਇਕ ਵੱਡੀ ਪਹਿਲ ਹੋਣੀ ਚਾਹੀਦੀ ਹੈ।

ਸਰਬ-ਵਿਆਪਕਤਾ ਹੀ ਸਿਖ ਧਰਮ ਦੀ ਵਿਲੱਖਣਤਾ ਤੇ ਸੰਸਾਰਕ ਦੇਣ ਦਾ ਮੁੱਖ ਆਧਾਰ ਹੈ। ਗੁਰੂ ਨਾਨਕ ਜੀ ਨੇ ਆਪਣਾ ਸੁਨੇਹਾ ਹਰ ਤਰ੍ਹਾਂ ਦੀਆਂ ਸੀਮਤਾਵਾਂ ਜਿਵੇਂ ਜਾਤ, ਨਸਲ, ਰੰਗ, ਕੌਮ, ਦੇਸ ਅਤੇ ਖਿੱਤੇ ਆਦਿ ਤੋਂ ਉੱਪਰ ਉੱਠ ਕੇ ਸਾਰੀ ਮਾਨਵਤਾ ਦੇ ਕਲਿਆਣ ਲਈ ਦਿੱਤਾ, ਪਰੰਤੂ ਅੱਜ 500 ਸਾਲ ਬਾਅਦ ਜਦੋਂ ਸੰਸਾਰ ਸੰਸਾਰੀਕਰਨ ਦੇ ਦੌਰ ਵਿਚ ਪਹੁੰਚ ਚੁੱਕਾ ਹੈ, ਅਸੀਂ ਆਪਣੇ ਫਲਸਫ਼ੇ ਦੀ ਵਿਆਪਕ ਵਿਆਖਿਆ ਕਰਨ ਵਿਚ ਜ਼ਿਆਦਾ ਸਫ਼ਲਤਾ ਹਾਸਲ ਨਹੀਂ ਕਰ ਸਕੇ। ਸਿਖ ਸਮਾਜ ਵਿਸ਼ਾਲਤਾ ਵਲ ਜਾਣ ਦੀ ਬਜਾਏ ਸੰਕੀਰਣਤਾ ਵਲ ਉਲਰ ਰਿਹਾ ਹੈ। ਜਾਤੀ, ਸੰਪਤੀ ਅਤੇ ਬੌਧਿਕਤਾ 'ਤੇ ਆਧਾਰਿਤ ਸਮਾਜ ਦਾ ਵਰਗੀਕਰਨ ਹੋ ਰਿਹਾ ਹੈ। ਜਦੋਂ ਕਿ ਗੁਰੂ ਸਾਹਿਬ ਨੇ ਇਨ੍ਹਾਂ ਸਭ ਵਰਗਾਂ ਤੋਂ ਉਪਰ ਉਠ ਕੇ ਸਾਨੂੰ ਸਾਂਝੀਵਾਲਤਾ ਵਲ ਵਧਣ ਦਾ ਉਪਦੇਸ਼ ਦਿੱਤਾ, ਸਿਖ ਫਲਸ਼ਫ਼ਾ ਸਾਂਝੀਵਾਲਤਾ ਦਾ ਮੁੱਦਈ ਹੈ। ਅੱਜ ਸਮੁੱਚਾ ਸੰਸਾਰ ਤੇ ਮਨੁੱਖਤਾ ਇਕ ਅਜਿਹੇ ਫਲਸਫੇ ਦੀ ਤਲਾਸ਼ ਵਿਚ ਹੈ, ਜਿਸ ਵਿਚ ਇਹ ਸਿਧਾਂਤ ਹੋਣ, ਸਾਡਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਸਮੁਚੇ ਸੰਸਾਰ ਨੂੰ ਇਸ ਤੱਥ ਤੋਂ ਜਾਣੂ ਕਰਵਾਈਏ ਕਿ ਜਿਨ੍ਹਾਂ ਸਿਧਾਂਤਾਂ ਅਤੇ ਸੰਕਲਪਾਂ ਦੀ ਉਸ ਨੂੰ ਤਲਾਸ਼ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ। ਅੱਜ ਸਾਨੂੰ ਆਪਣੇ ਫਲਸ਼ਫ਼ੇ ਨੂੰ ਜੱਫ਼ਾ ਮਾਰ ਕੇ ਰੱਖਣ ਦੀ ਰੁਚੀ ਤੋਂ ਮੁਕਤ ਹੋ ਕੇ ਸੰਸਾਰ ਭਰ ਵਿਚ ਵੰਡਣ ਦਾ ਯਤਨ ਕਰਨਾ ਚਾਹੀਦਾ ਹੈ। ਵੰਡ ਕੇ ਛੱਕਣ ਦਾ ਸਾਡਾ ਸਿਧਾਂਤ ਸਿਰਫ਼ ਭੋਜਨ 'ਤੇ ਹੀ ਲਾਗੂ ਨਹੀਂ ਹੁੰਦਾ, ਸਗੋਂ ਗਿਆਨ 'ਤੇ ਵੀ ਲਾਗੂ ਹੁੰਦਾ ਹੈ।

## ਪੰਜਾਬੀ ਸਾਹਿਤ ਚਿੰਤਨ ਅਤੇ ਕਲਾ ਉਪਰ ਕੇਂਦਰਿਤ ਰਿਹਾ ਸਾਹਿਤ ਉਤਸਵ-2018

ਦਾ ਗਾਇਨ ਕਰਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਬਾਅਦ ਵਿਚ ਖਾਲਸਾ ਕਾਲਜ ਫਾਰ ਵਿਮਨ ਦੇ ਪ੍ਰਿੰਸੀਪਲ ਡਾ. ਸੁਖਬੀਰ ਕੌਰ ਮਾਹਲ ਨੇ ਆਏ ਸਮੂਹ ਵਿਦਿਆਰਥੀਆਂ, ਵਿਦਵਾਨਾਂ, ਕਵੀਆਂ ਅਤੇ ਅਧਿਆਪਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਸਮਾਗਮਾਂ ਨਾਲ ਵਿਦਿਆਰਥੀਆਂ ਵਿਚ ਇਕ ਨਵਾਂ ਉਤਸ਼ਾਹ ਪੈਦਾ ਹੁੰਦਾ ਹੈ ਜੋ ਉਨ੍ਹਾਂ ਦੇ ਬੌਧਿਕ ਵਿਕਾਸ ਲਈ ਬੇਹੱਦ ਜਰੂਰੀ ਹੈ। ਇਸ ਮੌਕੇ ਉਨ੍ਹਾਂ ਨੇ ਖੋਜ ਸੰਸਥਾ ਨਾਦ ਪ੍ਰਗਾਸੁ ਵੱਲੋਂ ਕੀਤੀਆਂ ਜਾਂਦੀਆਂ ਅਕਾਦਮਿਕ ਗਤੀਵਿਧੀਆਂ ਅਤੇ ਖੋਜ ਪ੍ਰੋਜੈਕਟਾਂ ਬਾਰੇ ਵੀ ਆਏ ਸਰੋਤਿਆਂ ਨੂੰ ਜਾਣਕਾਰੀ ਦਿੱਤੀ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਕਰਦਿਆਂ ਪੰਜਾਬੀ ਦੇ ਸ਼੍ਰੋਮਣੀ ਕਵੀ ਪਦਮਸ਼੍ਰੀ ਸੁਰਜੀਤ ਪਾਤਰ ਨੇ ਕਿਹਾ ਕਿ ਨਾਦ ਪ੍ਰਗਾਸੁ ਸੰਸਥਾ ਨੇ ਪੰਜਾਬੀ ਸਾਹਿਤ ਚਿੰਤਨ ਵਿਚ ਨਵੀਂ ਸੰਵੇਦਨਾ ਅਤੇ ਨਵੀਂ ਸਮਝ ਪੈਦਾ ਕਰਕੇ ਪੰਜਾਬੀ ਵਿਚ ਇਕ ਸੱਜਰਾਪਣ ਲਿਆਂਦਾ ਹੈ ਜਿਸ ਨਾਲ ਪੰਜਾਬ ਦੇ ਵਿਦਿਆਰਥੀਆਂ ਨੂੰ ਗਿਆਨ ਭਰਪੂਰ ਦਿਸ਼ਾ ਮਿਲਣ ਦੀ ਆਸ ਪੈਦਾ ਹੋਈ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀਆਂ ਕੁੱਝ ਨਵੀਆਂ ਰਚਨਾਵਾਂ ਤਰੰਨੁਮ ਵਿਚ ਗਾ ਕੇ ਵੀ ਸੁਣਾਈਆਂ। ਸਾਰਾ ਕਵੀ ਦਰਬਾਰ ਉਦੋਂ ਸਾਂਤੀ ਦੇ ਰੰਗ ਵਿਚ ਰੰਗਿਆ ਗਿਆ, ਜਦੋਂ ਉਨ੍ਹਾਂ ਗਾਇਆ ਕਿ:

ਉਹ ਮੈਨੂੰ ਰਾਗ ਤੋਂ ਵੈਰਾਗ ਤੀਕਰ ਜਾਣਦਾ ਹੈ,<br>
ਮੇਰੀ ਆਵਾਜ ਦਾ ਉਹ ਰੰਗ ਵੀ ਪਹਿਚਾਣਦਾ ਹੈ।<br>
ਜ਼ਰਾ ਹਉਕਾ ਭਰਾਂ ਤਾਂ ਕੰਬ ਜਾਂਦਾ, ਡੋਲ ਜਾਂਦਾ,<br>
ਅਜੇ ਉਹ ਮੇਰੇ ਸਿਰਫ਼ ਹਾਸਿਆ ਦੇ ਹਾਣ ਦਾ ਹੈ।

ਮੁੱਖ ਮਹਿਮਾਨ ਵਜੋਂ ਪਹੁੰਚੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ ਦੇ ਵਾਈਸ ਚਾਂਸਲਰ ਡਾ. ਜਤਿੰਦਰ ਸਿੰਘ ਬੱਲ ਨੇ ਬਸੰਤ ਰੁੱਤ ਦੇ ਪੰਜਾਬੀ ਸਾਹਿਤ ਅਤੇ ਪਰੰਪਰਾ ਵਿਚ ਪਏ ਮਹੱਤਵਪੂਰਨ ਤੱਥਾਂ ਵੱਲ ਧਿਆਨ ਦਿਵਾਇਆ ਅਤੇ ਕਿਹਾ ਕਿ ਇਹ ਰੁੱਤ ਖੇੜੇ ਦੀ ਰੁੱਤ ਹੈ ਜਿਸ ਵਿਚ ਬਾਹਰੀ ਬਨਸਪਤੀ ਉਪਰ ਬਹਾਰ ਆਉਣ ਨਾਲ ਮਨੁੱਖੀ ਮਨ ਤੇ ਬੁੱਧੀ ਵੀ ਖਿੜਦੀ ਹੈ। ਇਸ ਕਵੀ ਦਰਬਾਰ ਵਿਚ ਡਾ. ਮਨਮੋਹਨ, ਡਾ. ਰਵਿੰਦਰ, ਵਿਜੇ ਵਿਵੇਕ, ਸੁਖਵਿੰਦਰ ਅੰਮ੍ਰਿਤ, ਮਨਜੀਤ ਇੰਦਰਾ, ਹਰਪ੍ਰੀਤ ਸਿੰਘ, ਜੋਗਿੰਦਰ ਸਿੰਘ, ਪ੍ਰੋ. ਗੁਰਦੇਵ ਸਿੰਘ, ਸੁਰਿੰਦਰ ਸਿੰਘ, ਦੇਵਰਾਜ ਅਤੇ ਗੁਰਪ੍ਰੀਤ ਕੌਰ ਨੇ ਪੰਜਾਬੀ ਵਿਚ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕਵੀ ਦਰਬਾਰ ਉਸ ਵੇਲੇ ਆਪਣੇ ਸਿਖਰ 'ਤੇ ਪਹੁੰਚ ਗਿਆ ਜਦੋਂ ਕਵੀ ਸੁਰਿੰਦਰ ਸਿੰਘ ਨੇ ਤਰੰਨੁਮ ਵਿਚ ਗਾ ਕੇ ਹੇਠ ਲਿਖੇ ਬੋਲ ਪੇਸ਼ ਕੀਤੇ:

ਝੰਗ ਦੀਏ ਪੌਣੇ ਜਾਵੀਂ ਤਖਤ ਹਜਾਰੇ ਨੀਂ<br>
ਕਰੀਂ ਅਰਜ਼ੋਈ ਸਾਡੀ ਸਾਈਂ ਦੇ ਦੁਆਰੇ ਨੀਂ<br>
ਲੱਖ ਜਨਮਾਂ ਥੀਂ ਲੱਖਾਂ ਝੰਗ ਦੇ ਕਿਆਮ ਨੀਂ<br>
ਵੰਝਲੀ ਦੀ ਸੁਰ ਲੱਭੇ ਆਖਰੀ ਮੁਕਾਮ ਨੀਂ<br>
ਭੇਤ ਪਈ ਰਬਾਬ ਜਿੱਥੇ ਅੰਬਰੋਂ ਉਤਾਰੇ ਨੀਂ

ਇਸ ਕਵੀ ਦਰਬਾਰ ਦੀ ਵਿਲੱਖਣਤਾ ਉਸ ਵੇਲੇ ਸਾਹਮਣੇ ਆਈ ਜਦੋਂ ਪੰਜਾਬੀ ਦੀਆਂ ਉਪ ਬੋਲੀਆਂ ਪਹਾੜੀ, ਗੋਜਰੀ ਅਤੇ ਡੋਗਰੀ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਇਕ ਵੱਖਰੇ ਅੰਦਾਜ਼ ਵਿਚ ਸਰੋਤਿਆਂ ਨੂੰ ਸੁਣਾਈਆਂ। ਇਨ੍ਹਾਂ ਕਵੀਆਂ ਵਿਚ ਪ੍ਰਵੇਜ਼ ਮਲਿਕ (ਪਹਾੜੀ), ਵਿਜਯਾ ਠਾਕੁਰ (ਡੋਗਰੀ), ਕਰੀਮ ਚੌਧਰੀ (ਗੋਜਰੀ) ਅਤੇ ਡਾ. ਚੰਚਲ ਹਸੀਨ (ਡੋਗਰੀ) ਸ਼ਾਮਿਲ ਸਨ। ਇਨ੍ਹਾਂ ਕਵੀਆਂ ਦੀ ਰਚਨਾਵਾਂ ਸੁਨਣਾ ਮੇਰੇ ਲਈ ਜਿੰਦਗੀ ਦਾ ਪਹਿਲਾ ਮੌਕਾ ਸੀ ਜਿਸ ਨਾਲ ਮੈਨੂੰ ਪੰਜਾਬੀ ਭਾਸ਼ਾ ਦੇ ਵਿਸ਼ਾਲ ਦਾਇਰੇ ਦਾ ਅਹਿਸਾਸ ਹੋਇਆ। ਇਨ੍ਹਾਂ ਉਪ-ਬੋਲੀਆਂ ਦੇ ਕਵੀਆਂ ਨੇ ਕਾਵਿਕ ਮਾਹੌਲ ਵਿਚ ਵੱਖਰੀ ਹੀ ਰੌਣਕ ਭਰ ਦਿੱਤੀ। ਇਸ ਮੌਕੇ ਸੰਸਥਾ ਵੱਲੋਂ ਲਾਈਆਂ ਗਈਆਂ ਪੁਸਤਕ ਤੇ ਚਿਤਰਕਲਾ ਪ੍ਰਦਰਸ਼ਨੀਆਂ ਨੇ ਵਿਦਿਆਰਥੀਆਂ ਦਾ ਧਿਆਨ ਖਿੱਚੀ ਰੱਖਿਆ। ਕਵੀ ਦਰਬਾਰ ਦੇ ਅੰਤ ਵਿਚ ਧੰਨਵਾਦੀ ਮਤਾ ਪੇਸ਼ ਕਰਦਿਆਂ ਪ੍ਰੋ. ਜਗਦੀਸ਼ ਸਿੰਘ ਨੇ ਕਿਹਾ ਕਿ ਸੰਸਥਾ ਵੱਲੋਂ ਕਰਵਾਏ ਜਾਂਦੇ ਸਮਾਗਮ ਪੰਜਾਬੀ ਸੁਹਜ ਸ਼ਾਸਤਰ ਦੀ ਮੌਲਿਕਤਾ ਨੂੰ ਧਿਆਨ ਵਿਚ ਰੱਖ ਕੇ ਕੀਤੇ ਜਾਂਦੇ ਹਨ, ਜਿਸ ਨਾਲ ਪੰਜਾਬ ਦੇ ਵਿਦਿਆਰਥੀਆਂ ਵਿਚ ਇਕ ਨਵੀਂ ਸੁਹਜ ਚੇਤਨਾ ਦਾ ਸੰਚਾਰ ਹੋ ਸਕੇ। ਕਵੀ ਦਰਬਾਰ ਦੀ ਸਮਾਪਤੀ 'ਤੇ ਆਏ ਹੋਏ ਸਮੂਹ ਕਵੀਆਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਸੰਸਥਾ ਵੱਲੋਂ ਸਨਮਾਨ ਕੀਤਾ ਗਿਆ।

ਸਮਾਗਮਾਂ ਦੌਰਾਨ ਬਲਰਾਜ ਧਾਰੀਵਾਲ ਵੱਲੋਂ ਅਨੁਵਾਦਤ ਨਿਕੋਸ ਕਜ਼ਾਨਜ਼ਾਕਿਸ ਰਚਿਤ ਪੁਸਤਕ ਜ਼ੋਰਬਾ ਦਾ ਗਰੀਕ, ਸਵ. ਡਾ. ਬਿਕਰਮ ਸਿੰਘ ਦੀ ਏਕ ਓਅੰਕਾਰ ਦਰਸ਼ਨ ਅਤੇ ਪ੍ਰੋ. ਦੇਵਿੰਦਰ ਸਿੰਘ ਦੀ ਓਅੰਕਾਰੀ ਗੁਰ ਵਿਧਾਨ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਇਨ੍ਹਾਂ ਸਮਾਗਮਾਂ ਵਿਚ ਪੰਜਾਬ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਤੇ ਕਾਲਜਾਂ ਤੋਂ ਇਲਾਵਾ ਪੰਜਾਬੋਂ ਬਾਹਰਲੀਆਂ ਯੂਨੀਵਰਸਿਟੀਆਂ ਤੇ ਹੋਰ ਅਕਾਦਮਿਕ ਸੰਸਥਾਵਾਂ ਦੇ ਅਧਿਆਪਕ, ਖੋਜਾਰਥੀਆਂ/ਵਿਦਿਆਰਥੀਆਂ ਨੇ ਭਾਗ ਲਿਆ। ਸਾਹਿਤ ਉਤਸਵ ਦੇ ਵੱਖ-ਵੱਖ ਸਮਾਗਮਾਂ ਵਿਚ ਸਟੇਜ ਸਕੱਤਰ ਦੀ ਭੂਮਿਕਾ ਅਮਨਿੰਦਰ ਸਿੰਘ ਆਈ. ਟੀ. ਦਿੱਲੀ, ਡਾ. ਸੁਖਵਿੰਦਰ ਸਿੰਘ, ਡਾ. ਅਮਰਜੀਤ ਸਿੰਘ ਅਤੇ ਡਾ. ਰੁਪਿੰਦਰਜੀਤ ਕੌਰ ਵਲੋਂ ਨਿਭਾਈ ਗਈ।

ਅੰਮ੍ਰਿਤਸਰ ਦੀ ਧਰਤੀ ਉੱਪਰ ਨਾਦ ਪ੍ਰਗਾਸੁ ਸੰਸਥਾ ਵੱਲੋਂ ਬਸੰਤ ਰੁੱਤ ਆਗਮਨ ਦੌਰਾਨ ਸਾਹਿਤ ਉਤਸਵ ਕਰਵਾਏ ਜਾਣਾ ਕੁਦਰਤੀ ਖੇੜੇ ਅਤੇ ਸੁਰਤਿ ਦੇ ਮੌਲਣ ਦੇ ਪ੍ਰਤੀਕਮਈ ਛਿਣਾਂ ਨੂੰ ਵਿਹਾਰਕਤਾ ਵਿਚ ਢਾਲਣ ਦਾ ਕਰਮ ਹੈ। ਅੰਮ੍ਰਿਤਸਰ ਦੀ ਧਰਤੀ ਦੀ ਸੱਭਿਆਚਾਰਕ ਪਰੰਪਰਾ ਭਾਈ ਵੀਰ ਸਿੰਘ ਦੀ ਸਾਹਿਤਕ ਅਤੇ ਸਮਾਜਿਕ ਘਾਲ ਦੀ ਵਿਰਾਟਤਾ, ਨਾਨਕ ਸਿੰਘ ਦੀ ਸਿਰਜਨਾਤਮਕਤਾ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਵੱਲੋਂ ਪ੍ਰੀਤ ਨਗਰ ਦੀ ਉਸਾਰੀ ਕਰਨ ਵਰਗੇ ਨਿੱਘਰ ਯਤਨਾਂ ਨਾਲ ਸਰਸ਼ਾਰ ਹੈ। ਨਾਦ ਪ੍ਰਗਾਸੁ ਸੰਸਥਾ ਵੱਲੋਂ ਕਰਵਾਏ ਜਾਂਦੇ ਸਾਹਿਤ ਉਤਸਵ ਵਿਚ ਸਾਹਿਤ, ਸੰਗੀਤ, ਚਿੱਤਰਕਲਾ, ਅਤੇ ਅਕਾਦਮਿਕ ਗਿਆਨ ਦੇ ਪਸਾਰਾਂ ਨੂੰ ਸ਼ਾਮਿਲ ਗਿਆ ਹੈ। ਇਸ ਸਾਹਿਤ ਉਤਸਵ ਦੀ ਵਿਸ਼ੇਸ਼ਤਾ ਹੈ ਜਿਸ ਵਿਚ ਚਿੱਤਰਕਲਾ ਅਤੇ ਗਿਆਨ ਵੀ ਕਵਿਤਾ ਦੇ ਹਮਕਦਮ ਹੋ ਕੇ ਤੁਰਦੇ ਹਨ।

ਇਸ ਉਤਸਵ ਦੇ ਪ੍ਰਬੰਧਕ ਖੋਜਾਰਥੀਆਂ ਨੇ ਦੱਸਿਆ ਕਿ ਸਾਹਿਤ ਉਤਸਵ ਬਸੰਤ ਰੁਤ ਦੀ ਉਨਮਾਦੀ ਖੁਸ਼ੀ ਨੂੰ ਸਾਂਝਾ ਕਰਨ ਹਿਤ ਆਯੋਜਿਤ ਕੀਤਾ ਜਾ ਰਿਹਾ ਹੈ। ਖੁਸ਼ੀ ਅਤੇ ਤਸੱਲੀ ਵਾਲੀ ਗੱਲ ਇਹ ਹੈ ਕਿ ਇਹ ਸਾਹਿਤ ਉਤਸਵ ਭਾਰਤ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਦੇ ਪੰਜਾਬ ਨਾਲ ਨੇੜਤਾ ਮਹਿਸੂਸ ਕਰਦੇ ਖੋਜਾਰਥੀਆਂ ਅਤੇ ਵਿਦਵਾਨਾਂ ਵੱਲੋਂ ਰਾਜਨੀਤੀ ਤੋਂ ਬੇਲਾਗ ਰਹਿੰਦੇ ਹੋਏ ਆਯੋਜਿਤ ਕੀਤਾ ਜਾ ਰਿਹਾ ਹੈ। ਮੇਰਾ ਨਿੱਜੀ ਤੌਰ ਤੇ ਯਕੀਨ ਹੈ ਕਿ ਇਸ ਮੌਕੇ ਸਾਹਿਤ ਉਤਸਵ ਦੇ ਦੋਵਾਂ ਦਿਨਾਂ ਦੌਰਾਨ ਪੁਸਤਕਾਂ, ਸੰਗੀਤਕ ਸਾਜ਼ਾਂ, ਚਿੱਤਰਾਂ ਆਦਿ ਨਾਲ ਸੰਬੰਧਤ ਵੱਖ-ਵੱਖ ਪ੍ਰਦਰਸ਼ਨੀਆਂ ਪੰਜਾਬ ਦੇ ਵਿਦਿਆਰਥੀਆਂ, ਅਤੇ ਨੌਜੁਆਨਾਂ ਨੂੰ ਗੰਭੀਰ ਦਿਸ਼ਾ ਵੱਲ ਤੋਰਨ ਲਈ ਮਦਦਗਾਰ ਹੋ ਸਕਦੀਆਂ ਹਨ। ਇਹ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਨਾਲ ਪੰਜਾਬ ਦੇ ਅਕਾਦਮਿਕ ਅਤੇ ਵਿੱਦਿਅਕ ਖੇਤਰ ਵਿਚ, ਬਹਾਰ ਦੀ ਰੁਤ ਦੌਰਾਨ ਫੁੱਟ ਰਹੀਆ ਨਵੀਆਂ ਕਰੂੰਬਲਾਂ ਵਾਂਗ ਗਿਆਨ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ।

***ਲੇਖਕ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਨਾਲ ਸਬੰਧਿਤ ਹੈ।**

## ਕੈਨੇਡੀਅਨ ਸਿੱਖਾਂ ਦੀ ਏਕਤਾ ਕਾਰਨ ਪੇਸ਼ ਨਾ ਹੋ ਸਕਿਆ ਖਾਲਿਸਤਾਨ ਵਿਰੁੱਧ ਮਤਾ

ਮਤਾ ਕਿਸੇ ਸਿਰੇ ਨਹੀਂ ਲੱਗ ਸਕਣਾ ਸੀ। ਹੋਰ ਕਈ ਸਿੱਖ ਆਗੂਆਂ ਦੀ ਤਰ੍ਹਾਂ ਕੈਨੇਡੀਅਨ ਸਿੱਖ ਐਸੋਸੀਏਸ਼ਨ ਅਤੇ ਉਂਟਾਰੀਓ ਖ਼ਾਲਸਾ ਦਰਬਾਰ (ਡਿਕਸੀ ਰੋਡ ਗੁਰਦੁਆਰਾ ਸਾਹਿਬ), ਮਿਸੀਸਾਗਾ ਦੇ ਆਗੂਆਂ ਨੇ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਤੱਕ ਕੌਮ ਦੀਆਂ ਭਾਵਨਾਵਾਂ ਨੂੰ ਲਿਖ਼ਤੀ ਤੌਰ ’ਤੇ ਉਠਾਇਆ।

ਹੁਣ ਐਮ.ਪੀ. ਓਤੂਲੇ ਨੇ ਕਿਹਾ ਹੈ ਕਿ ਮਤਾ (ਜੋ ਅਜੇ ਹਾਊਸ ਦੇ ਨੋਟਿਸ ਪੇਪਰ ’ਤੇ ਦਰਜ ਹੈ) ਲਿਆਉਣ ਦਾ ਫ਼ੈਸਲਾ ਰੱਦ ਨਹੀਂ ਕੀਤਾ ਗਿਆ ਪਰ ਪਾਰਟੀ ਲੋਕਾਂ ਦੀ ਆਵਾਜ਼ ਸੁਣ ਰਹੀ ਹੈ ਜਿਸ ਮੁਤਾਬਿਕ ਮਤੇ ਵਿਚ ਸੁਧਾਈ ਕੀਤੀ ਜਾਵੇਗੀ ਅਤੇ ਕਿਸੇ ਦਾ ਦਿਲ ਦੁਖਾਉਣ ਵਾਲੀ ਸ਼ਬਦਾਵਲੀ ਨਹੀਂ ਵਰਤੀ ਜਾਵੇਗੀ। ਉਨ੍ਹਾਂ ਆਖਿਆ ਕਿ ਕਈ ਵਿਅਕਤੀਆਂ ਨੇ ਮਤੇ ਨੂੰ ਰਾਜਨੀਤਕ ਰੰਗਤ ਦੇ ਕੇ ਪ੍ਰਚਾਰ ਦਿੱਤਾ ਹੈ। ਕੈਨੇਡੀਅਨ ਸਿੱਖ ਐਸੋਸੀਏਸ਼ਨ ਦੇ ਬੁਲਾਰੇ ਸੁਖਪਾਲ ਸਿੰਘ ਟੁੱਟ ਨੇ ਕਿਹਾ ਕਿ ਸਿੱਖ ਕੌਮ ਕੈਨੇਡਾ ਦੇ ਰਾਜਨੀਤਕਾਂ ਤੋਂ ਬਿਹਤਰ ਕਾਰਗੁਜ਼ਾਰੀ ਦੀ ਆਸ ਰੱਖਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਤੇ ਦੀ ਗੱਲ ਕਰਨ ਵਾਲੀ ਕੰਜਰਵੇਟਿਵ ਪਾਰਟੀ ਨੂੰ ਸਿੱਖ ਕੌਮ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਂਟਾਰੀਓ ਖ਼ਾਲਸਾ ਦਰਬਾਰ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੱਲ ਨੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਐਂਡਰਿਊ ਸ਼ੀਰ ਨੂੰ ਭੇਜੀ ਚਿੱਠੀ ਵਿਚ ਲਿਖਿਆ ਕਿ ਅਸੀਂ ਹਿੰਸਕ ਅੱਤਵਾਦ ਅਤੇ ਦਹਿਸ਼ਤਵਾਦ ਦੀ ਕਿਸੇ ਤਰ੍ਹਾਂ ਹਮਾਇਤ ਨਹੀਂ ਕਰਦੇ ਅਤੇ ਪਿਛਲੇ ਦੋ ਦਹਾਕਿਆਂ ਤੋਂ ਕੈਨੇਡਾ ਵਿਚ ਖਾਲਿਸਤਾਨ ਨਾਲ ਸਬੰਧਿਤ ਹਿੰਸਾ ਦੀ ਕੋਈ ਘਟਨਾ ਨਹੀਂ ਵਾਪਰੀ।

ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਜੇਕ ਇਨਰਾਈਟ ਨੇ ਕਿਹਾ ਕਿ ਪਾਰਟੀ ਅਖ਼ੰਡ ਭਾਰਤ ਦਾ ਸਮਰਥਨ ਕਰਦੀ ਹੈ ਅਤੇ ਹਾਊਸ ਵਿਚ ਇਹ ਗੱਲ ਕਰਨ ਵਿਚ ਕੋਈ ਹਰਜ਼ ਨਹੀਂ।

## ਰੈਡੀਕਲ ਦੇਸੀ ਪ੍ਰਕਾਸ਼ਨ ਨੇ ਭਾਰਤੀ ਏਜੰਟਾਂ ਬਾਰੇ ਜਾਂਚ ਮੰਗੀ

ਵੈਨਕੂਵਰ ਆਧਾਰਿਤ ਰੈਡੀਕਲ ਦੇਸੀ ਪ੍ਰਕਾਸ਼ਨ ਵੱਲੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਕੈਨੇਡਾ ਵਿੱਚ ਭਾਰਤੀ ਏਜੰਟਾਂ ਦੀਆਂ ਸਰਗਰਮੀਆਂ ਦੀ ਜਾਂਚ ਕਰਨ ਦੀ ਮੰਗ ਕਰਦਿਆਂ ਆਨਲਾਈਨ ਪਟੀਸ਼ਨ ਸ਼ੁਰੂ ਕੀਤੀ ਗਈ ਹੈ। 28 ਫਰਵਰੀ ਨੂੰ ਸ਼ੁਰੂ ਕੀਤੀ ਗਈ ਪਟੀਸ਼ਨ ’ਤੇ ਹੁਣ ਤੱਕ ਕਰੀਬ 2000 ਲੋਕਾਂ ਵੱਲੋਂ ਦਸਤਖ਼ਤ ਕੀਤੇ ਜਾ ਚੁੱਕੇ ਹਨ। ਇਹ ਪਹਿਲਕਦਮੀ ਉਸ ਹਾਲੀਆ ਵਿਵਾਦ ਦੀ ਰੌਸ਼ਨੀ ਵਿੱਚ ਕੀਤੀ ਗਈ ਹੈ, ਜਿਸ ਵਿੱਚ ਟਰੂਡੋ ਦੀ ਭਾਰਤ ਫੇਰੀ ਘਿਰ ਗਈ। ਪਟੀਸ਼ਨ ਵਿੱਚ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਉਹ ਆਪਣੀ ਸਰਜ਼ਮੀਨ ਉੱਪਰ ਭਾਰਤੀ ਏਜੰਟਾਂ ਦੀਆਂ ਸਰਗਰਮੀਆਂ ਦੀ ਜਾਂਚ ਕਰੇ। ਮੇਜ਼ਬਾਨ ਦੇਸ਼ ਭਾਰਤ ਵੱਲੋਂ ਨਾ ਕੇਵਲ ਪ੍ਰਧਾਨ ਮੰਤਰੀ ਟਰੂਡੋ ਨਾਲ ਰੁੱਖ਼ਾ ਸਲੂਕ ਕੀਤਾ ਗਿਆ ਸਗੋਂ ਟਰੂਡੋ ਉੱਪਰ ਇਹ ਦੋਸ਼ ਵੀ ਲਾਏ ਗਏ ਕਿ ਕੈਨੇਡਾ ਸਿੱਖ ਵੱਖਵਾਦੀਆਂ ਦੀ ਮਦਦ ਕਰ ਰਿਹਾ ਹੈ ਪਰ ਖ਼ੁਦ ਭਾਰਤ ਸਰਕਾਰ ਵੱਲੋਂ ਇੱਕ ਸਾਬਕਾ ਸਿੱਖ ਵੱਖਵਾਦੀ ਜਸਪਾਲ ਸਿੰਘ ਅਟਵਾਲ ਨੂੰ ਵੀਜ਼ਾ ਦਿੱਤਾ ਗਿਆ ਅਤੇ ਬਹੁਤ ਸਾਰੇ ਸਿੱਖ ਵੱਖਵਾਦੀਆਂ ਦੇ ਨਾਂ ਕਾਲੀ ਸੂਚੀ ਵਿੱਚੋਂ ਹਟਾਏ ਗਏ ਹਨ, ਜੋ ਵਿਦੇਸ਼ ਵਿੱਚ ਰਹਿ ਰਹੇ ਹਨ। ਦਿੱਲੀ ਵਿਚ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਜਾ ਰਹੇ ਰਾਤਰੀ ਭੋਜ ਉੱਪਰ ਕੈਨੇਡੀਅਨ ਹਾਈ ਕਮਿਸ਼ਨ ਵੱਲੋਂ ਅਟਵਾਲ ਨੂੰ ਸੱਦਾ ਦਿੱਤਾ ਗਿਆ ਸੀ, ਜਿਸਨੇ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਹਨ। ਪਟੀਸ਼ਨ ਵਿੱਚ ਕਿਹਾ ਗਿਆ ਹੈ, “ਇਹ ਸਾਰਾ ਕੁਝ ਮੰਗ ਕਰਦਾ ਹੈ ਕਿ ਇਸ ਸਮੁੱਚੇ ਘਟਨਾਕ੍ਰਮ ਦਾ ਸੱਚ ਸਾਹਮਣੇ ਲਿਆਂਦਾ ਜਾਵੇ। ਇਹ ਜ਼ਰੂਰੀ ਹੈ ਕਿ ਕੈਨੇਡਾ ਹਰਕਤ ਵਿੱਚ ਆਵੇ ਅਤੇ ਉਨ੍ਹਾਂ ਭਾਰਤੀ ਅਧਿਕਾਰੀਆਂ ਵਿਰੁੱਧ ਕਾਰਵਾਈ ਕਰੇ ਜੋ ਇਸ ਗੜਬੜ ਲਈ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਨੂੰ ਤੁਰੰਤ ਚੱਲਦਾ ਕੀਤਾ ਜਾਵੇ।”

## ਪੰਜਾਬ ਵਿਧਾਨ ਸਭਾ ਸੈਸ਼ਨ ’ਚ ਚੁੱਕੇਗੀ ਇਹ ਮੁੱਦਾ ‘ਆਪ’

ਲੱਖਾਂ ਪੰਜਾਬੀਆਂ ਦੀਆਂ ਮੰਗਾਂ ਰੱਖਣ ਦੇ ਉਲਟ ਪਰਵਾਸੀਆਂ ਲਈ ਨਵੇਂ ਖ਼ਤਰੇ ਖੜ੍ਹੇ ਕੀਤੇ ਗਏ ਹਨ। ਫੂਲਕਾ ਨੇ ਮਤੇ ਵਿੱਚ ਦੋਸ਼ ਲਾਇਆ ਹੈ ਕਿ ਟਰੂਡੋ ਦੀ ਫੇਰੀ ਦੌਰਾਨ ਕੈਪਟਨ ਸਰਕਾਰ ਦੇ ਬੇਸਮਝੀ ਵਾਲੇ ਵਤੀਰੇ ਕਾਰਨ ਪੰਜਾਬ ਨੂੰ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਹਰ ਸਾਲ 80 ਤੋਂ 90 ਹਜ਼ਾਰ ਪੰਜਾਬੀ ਪਰਵਾਸ ਕਰਦੇ ਹਨ। ਇਨ੍ਹਾਂ ਵਿੱਚੋਂ 40 ਤੇ 50 ਹਜ਼ਾਰ ਪੰਜਾਬੀ ਨੌਜਵਾਨ ਵਿਦਿਆਰਥੀ ਵੀਜ਼ੇ ਦੇ ਆਧਾਰ ’ਤੇ ਕੈਨੇਡਾ ਜਾ ਕੇ ਆਪਣਾ ਭਵਿੱਖ ਸਵਾਰਨ ਦਾ ਸੁਪਨਾ ਲੈਂਦੇ ਹਨ। ਇਸ ਤੋਂ ਇਲਾਵਾ 40 ਤੋਂ 50 ਹਜ਼ਾਰ ਦੇ ਕਰੀਬ ਪੰਜਾਬੀ ਫੈਮਿਲੀ ਵੀਜ਼ਾ ਜਾਂ ਪੀਆਰ ਦੇ ਆਧਾਰ ’ਤੇ ਕੈਨੇਡਾ ਵਸਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਟਰੂਡੋ ਦੀ ਪੰਜਾਬ ਫੇਰੀ ਦੌਰਾਨ ਕੈਪਟਨ ਸਰਕਾਰ ਦਾ ਰਵੱਈਆ ਕੈਨੇਡਾ ਵਿੱਚ ਪਰਵਾਸ ਕਰ ਗਏ ਪੰਜਾਬੀਆਂ ’ਤੇ ਮਾੜਾ ਅਸਰ ਪਾ ਸਕਦਾ ਹੈ।

## ਜਸਟਿਨ ਟਰੂਡੋ ਨੇ ਭਾਰਤ ’ਤੇ ਛੱਡੀਆਂ ਸ਼ਬਦੀ ਮਿਜ਼ਾਇਲਾਂ

ਨੇ ਅਧਿਕਾਰੀ ਦੇ ਬਿਆਨ ਦੇ ਸਮੱਰਥਨ ਵਿਚ ਸਬੂਤ ਦੇਣ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਟਰੂਡੋ ਦੇ ਭਾਰਤ ਦੌਰੇ ਨੂੰ ਲੈ ਕੇ ਕੈਨੇਡਾ ਸਰਕਾਰ ਦੇ ਸੀਨੀਅਰ ਅਧਿਕਾਰੀ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਅਟਵਾਲ ਦੀ ਮੌਜੂਦਗੀ ਦਾ ਇੰਤਜ਼ਾਮ ਭਾਰਤ ਸਰਕਾਰ ਦੇ ਕੁਝ ਲੋਕਾਂ ਵੱਲੋਂ ਕੀਤਾ ਗਿਆ ਸੀ। ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਅਜਿਹੀ ਵਿਦੇਸ਼ੀ ਸਰਕਾਰ ਨਾਲ ਜ਼ਿਆਦਾ ਘੁਲਣ-ਮਿਲਣ ਨਹੀਂ ਦੇਣਾ ਚਾਹੁੰਦੇ ਜੋ ਅਖੰਡ ਭਾਰਤ ਵਿਚ ਵਿਸ਼ਵਾਸ ਨਹੀਂ ਰੱਖਦੀ। ਟਰੂਡੋ ਦੀ ਯਾਤਰਾ ਦੌਰਾਨ ਅਟਵਾਲ ਦੀ ਮੌਜੂਦਗੀ ਤੇ ਸੱਦੇ ਨੂੰ ਲੈ ਕੇ ਕਾਫ਼ੀ ਵਿਵਾਦ ਹੋਇਆ ਸੀ।

### ਭਾਰਤ ਨੇ ਦੋਸ਼ਾਂ ਦੱਸਿਆ ਬੇਬੁਨਿਆਦ

ਭਾਰਤ ਨੇ ਬਿਆਨ ਨੂੰ ਨਾ-ਸਵੀਕਾਰਨ ਯੋਗ ਦੱਸਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਖਾਲਿਸਤਾਨੀ ਸਮੱਰਥਕ ਅਟਵਾਲ ਦੀ ਮੁੰਬਈ ਵਿਚ ਕੈਨੇਡੀਆਈ ਹਾਈ ਕਮਿਸ਼ਨ ਦੇ ਪ੍ਰੋਗਰਾਮ ਵਿਚ ਮੌਜੂਦਗੀ ਤੇ ਦਿੱਲੀ ਵਿਚ ਸੱਦੇ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਸਬੰਧੀ ਕੈਨੇਡੀਆਈ ਅਧਿਕਾਰੀ ਦਾ ਬਿਆਨ ਨਿਰਮੂਲ ਹੈ।

### ਅਟਵਾਲ ਨੂੰ ਸੱਦਾ ਦੇਣ ਵਾਲੇ ਰਣਦੀਪ ਸਰਾਏ ਨੇ ਅਹੁਦਾ ਛੱਡਿਆ

ਕੈਨੇਡਾ ਦੇ ਵੈਨਕੂਵਰ ਤੋਂ ਐੱਮਪੀ ਰਣਦੀਪ ਸਿੰਘ ਸਰਾਏ ਦੀ ਲਿਬਰਲ ਪਾਰਟੀ ਦੇ ਪਾਰਲੀਮੈਂਟਰੀ ਬੋਰਡ ਦੇ ਮੁਖੀ ਦੇ ਅਹੁਦੇ ਤੋਂ ਛੁੱਟੀ ਕਰ ਦਿੱਤੀ ਗਈ ਹੈ। ਬੀਤੇ ਦਿਨੀਂ ਪ੍ਰਧਾਨ ਮੰਤਰੀ ਟਰੂਡੋ ਨਾਲ ਲੰਬੀ ਮੀਟਿੰਗ ਤੋਂ ਬਾਅਦ ਸਰਾਏ ਨੇ ਪੈਸੇਫਿਕ ਕੋਕਸ ਚੇਅਰਮੈਨ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ, ਜਿਸ ਨੂੰ ਟਰੂਡੋ ਨੇ ਮਨਜ਼ੂਰ ਕਰ ਲਿਆ ਹੈ। ਸਰਾਏ ਹੁਣ ਸਿਰਫ਼ ਐੱਮਪੀ ਹੀ ਰਹਿਣਗੇ। ਸਰਾਏ ਨੇ ਬੀਤੇ ਦਿਨੀਂ ਕਿਹਾ ਕਿ ‘ਮੈਂ ਹੁਣੇ ਜਿਹੇ ਇਨ੍ਹਾਂ ਘਟਨਾਵਾਂ ਵਿਚ ਆਪਣੀ ਭੂਮਿਕਾ ਲਈ ਫਿਰ ਤੋਂ ਮਾਫੀ ਚਾਹੁੰਦਾ ਹਾਂ।’

ਯਾਦ ਰਹੇ ਕਿ ਟਰੂਡੋ ਦੇ ਹਾਲੀਆ ਭਾਰਤ ਦੌਰੇ ਦੌਰਾਨ ਉਨ੍ਹਾਂ ਦੀ ਪਤਨੀ ਦੀ ਅਟਵਾਲ ਨਾਲ ਤਸਵੀਰ ਸਾਹਮਣੇ ਆਈ ਸੀ। ਅਟਵਾਲ ਮੁੰਬਈ ਦੇ ਟਰੂਡੋ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਇਆ ਸੀ ਤੇ ਨਵੀਂ ਦਿੱਲੀ ਦੇ ਡਿਨਰ ਵਿਚ ਉਸ ਨੂੰ ਸੱਦਾ ਦਿੱਤਾ ਗਿਆ ਸੀ। ਹਾਲਾਂ ਕਿ ਭਾਰਤੀ ਵਿਰੋਧ ਪਿੱਛੋਂ ਇਹ ਸੱਦਾ ਰੱਦ ਕਰ ਦਿੱਤਾ ਗਿਆ ਸੀ। ਅਟਵਾਲ ’ਤੇ 1986 ਵਿਚ ਪੰਜਾਬ ਦੇ ਤੱਤਕਾਲੀ ਮੰਤਰੀ ਮਲਕੀਅਤ ਸਿੰਘ ਸਿੱਧੂ ’ਤੇ ਹਮਲਾ ਕਰਨ ਦਾ ਦੋਸ਼ ਹੈ।

## ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਜਾਂਦੇ ਆਗੂ ਪੁਲੀਸ ਨੇ ਰੋਕੇ

ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਜਸਬੀਰ ਕੌਰ ਅਨੁਸਾਰ ਪੁਲੀਸ ਨੇ ਵਰਕਰਾਂ ਨੂੰ ਸਮਾਗਮ ਵਾਲੀ ਥਾਂ ਤੋਂ ਪਿਛਾਂਹ ਰੋਕੀ ਰੱਖਿਆ। ਕੁਝ ਸਮੇਂ ਬਾਅਦ ਉਨ੍ਹਾਂ ਦੀ ਮੰਗ ਪੱਤਰ ਦੇਣ ਲਈ ਹਲਕਾ ਵਿਧਾਇਕ ਨਾਲ ਗੱਲ ਕਰਵਾਈ ਗਈ, ਜਿਨ੍ਹਾਂ ਨੇ ਭਰੋਸਾ ਦਿੱਤਾ ਕਿ ਉਹ ਮੰਗ ਪੱਤਰ ਮੁੱਖ ਮੰਤਰੀ ਤੱਕ ਪਹੁੰਚਾ ਦੇਣਗੇ। ਸਮਾਗਮ ਖ਼ਤਮ ਹੋਣ ਉਪਰੰਤ ਬੀਬੀਆਂ ਨੂੰ ਪੁਲੀਸ ਵੱਲੋਂ ਛੱਡ ਦਿੱਤਾ ਗਿਆ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਬਲਾਕ ਕਰਤਾਰਪੁਰ ਦੇ ਪ੍ਰਧਾਨ ਬਹਾਦਰ ਸਿੰਘ ਮੱਲ੍ਹੀਆਂ ਦੀ ਅਗਵਾਈ ਵਿੱਚ ਮੰਗ ਪੱਤਰ ਦੇਣ ਪੁੱਜੇ ਕਿਸਾਨਾਂ ਨੂੰ ਪ੍ਰਸ਼ਾਸਨ ਨੇ ਨਗਰ ਸੁਧਾਰ ਟਰੱਸਟ ਦੇ ਦਫਤਰ ਦੇ ਬਾਹਰ ਰੋਕੀ ਰੱਖਿਆ। ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਲਿੱਟ ਨੂੰ ਉਨ੍ਹਾਂ ਦੇ ਘਰ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਇਸ ਤੋਂ ਖਫ਼ਾ ਆਗੂਆਂ ਨੇ ਦਫਤਰ ਮੋਹਰੇ ਮੋਰਚਾ ਲਗਾ ਦਿੱਤਾ। ਯੂਨੀਅਨ ਦੇ ਰੋਹ ਨੂੰ ਦੇਖਦਿਆਂ ਐਸਡੀਐਮ ਨਕੋਦਰ ਭੁਪਿੰਦਰ ਸਿੰਘ ਨੇ ਮੌਕੇ ‘ਤੇ ਆ ਕੇ ਕਿਸਾਨਾਂ ਤੋਂ ਮੰਗ ਪੱਤਰ ਲਿਆ।

## ਸਿੱਖ ਨੌਜਵਾਨ ਸਿਮਰਨ ਆਸਟ੍ਰੇਲੀਆ ਵਿਚ ਬਣਿਆ ਸੋਲੋ ਪਾਇਲਟ

ਅਪਣੇ ਪਿਤਾ ਹਰਪਾਲ ਸਿੰਘ ਸੰਧੂ ਅਤੇ ਮਾਤਾ ਰਣਜੀਤ ਕੌਰ ਸੰਧੂ ਨਾਲ ਆਇਆ ਸੀ। ਇਸ ਸਮੇਂ ਸਿਮਰਨ ਰੋਜਮਾਇਨ ਸੀਨੀਅਰ ਹਾਈ ਸਕੂਲ ਵਿਚ ਗਿਆਰਵੀਂ ਜਮਾਤ ਵਿਚ ਪੜ੍ਹ ਰਿਹਾ ਹੈ।

ਸਮੁੱਚੇ ਸਿੱਖਾਂ ਲਈ ਮਾਣ ਵਾਲੀ ਗੱਲ ਹੈ ਕਿ ਸਿਮਰਨ ਪੱਛਮੀ ਆਸਟ੍ਰੇਲੀਆ ਦਾ ਪਹਿਲਾਂ ਸਿੱਖ ਕੈਡਿਟ ਹੈ। ਸਿਮਰਨ ਨੇ ਪਾਰਟ ਟਾਈਮ ਪੜ੍ਹਾਈ ਕੈਨਿੰਗਟਨ ਵਿਖੇ ਆਸਟ੍ਰੇਲੀਅਨ ਏਅਰ ਫ਼ੋਰਸ ਕੈਡਿਟ ਵਾਸਤੇ 22 ਅਪ੍ਰੈਲ 2015 ਨੂੰ ਦਾਖ਼ਲਾ ਲਿਆ ਸੀ ਅਤੇ ਹੁਣ ਉਸ ਨੇ ਆਸਟ੍ਰੇਲੀਆ ਦੇ ਵਿੱਚ ਸੋਲੋ ਪਾਇਲਟ ਬਣ ਕੇ ਸਾਰੇ ਸਿੱਖਾ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ।

## ਸਿੱਖਿਆ ਦੇ ਭਾਰਤੀਕਰਨ ਬਾਰੇ ਹੋਵੇ ਸੰਜੀਦਾ ਬਹਿਸ

ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਤਾਮਿਲ, ਸੰਸਕ੍ਰਿਤ ਤੇ ਫਾਰਸੀ ਵਰਗੀਆਂ ਕਲਾਸੀਕਲ ਭਾਸ਼ਾਵਾਂ ਪੜ੍ਹਾਉਣ ਅਤੇ ਸਿੱਖਣ ਨੂੰ ਕੌਮੀ ਪੱਧਰ ‘ਤੇ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਆਧੁਨਿਕ ਤੇ ਵਿਗਿਆਨਕ ਗਿਆਨ ਨੂੰ ਭਾਰਤੀ ਭਾਸ਼ਾਵਾਂ ਵਿੱਚ ਸਮਾਉਣ ਲਈ ਕੌਮੀ ਮਿਸ਼ਨ ਅਪਣਾਉਣ ਦੀ ਲੋੜ ਹੈ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਪੜ੍ਹਿਆ-ਲਿਖਿਆ ਹਰ ਭਾਰਤੀ ਘੱਟੋ-ਘੱਟ ਇਕ ਦੇਸੀ ਭਾਸ਼ਾ ਪੜ੍ਹਨ ਤੇ ਲਿਖਣ ਵਿੱਚ ਜ਼ਰੂਰ ਮੁਹਾਰਤ ਰੱਖਦਾ ਹੋਵੇ।

ਸਿੱਖਿਆ ਦੇ ਭਾਰਤੀਕਰਨ ਦਾ ਭਾਵ ਭਾਰਤੀ ਬੌਧਿਕ ਪਰੰਪਰਾਵਾਂ ਤੋਂ ਜਾਣੂ ਕਰਾਉਣ ਦੀ ਸਮਰੱਥਾ ਜ਼ਰੂਰ ਹੋਣਾ ਚਾਹੀਦਾ ਹੈ। ਹਰ ਭਾਰਤੀ ਵਿਦਿਆਰਥੀ ਮੁਲਕ ਦੇ ਸਾਰੇ ਖੇਤਰਾਂ ਤੇ ਧਰਮਾਂ ਦੀਆਂ ਖਾਸੀਅਤਾਂ ਬਾਰੇ ਕੁਝ ਨਾ ਕੁਝ ਜ਼ਰੂਰ ਸਿੱਖੇ। ਵਿਦਿਆਰਥੀਆਂ ਨੂੰ ਪਿਛਲੀਆਂ ਦੋ ਸਦੀਆਂ ਦੇ ਆਧੁਨਿਕ ਭਾਰਤੀ ਵਿਚਾਰਾਂ ਤੋਂ ਜ਼ਰੂਰ ਜਾਣੂ ਹੋਣਾ ਚਾਹੀਦਾ ਹੈ, ਜਿਨ੍ਹਾਂ ਕਰ ਕੇ ਭਾਰਤੀ ਗਣਰਾਜ ਕਾਇਮ ਹੋਇਆ। ਇਸ ਤੋਂ ਇਲਾਵਾ ਇਹ ਸਭਿਆਚਾਰਕ ਸਾਖਰਤਾ, ਗਿਆਨ ਦੀ ਹਰ ਸ਼ਾਖਾ ਧਿਆਨ ਕੇਂਦਰਿਤ ਕਰੇ ਕਿ ਅਸੀਂ ਆਪਣੀ ਲਿਖਤੀ ਤੇ ਮੌਖਿਕ ਰਵਾਇਤਾਂ ਤੋਂ ਕੀ ਹਾਸਲ ਕਰ ਸਕਦੇ ਹਾਂ। ਇਸ ਦਾ ਅਰਥ ਗਿਆਨ ਤੋਂ ਸਿੱਖਣ-ਸਿਖਾਉਣ ਲਈ ਕਲਾਸ-ਰੂਮ ਦੇ ਦਾਇਰੇ ਵਿੱਚੋਂ ਬਾਹਰ ਤੱਕ ਪਹੁੰਚਣਾ ਹੋਵੇਗਾ। ਇੰਜੀਨੀਅਰਾਂ ਨੂੰ ਘੁਮਿਆਰਾਂ, ਜੁਲਾਹਿਆਂ, ਬੁੱਤਸਾਜ਼ਾਂ, ਖੂਹ ਤੇ ਤਾਲਾਬ ਪੁੱਟਣ ਵਾਲਿਆਂ ਨਾਲ ਬੈਠ ਕੇ ਸਿੱਖਣਾ ਹੋਵੇਗਾ। ਡਾਕਟਰਾਂ ਨੂੰ ਦਵਾਈਆਂ ਵਾਲੇ ਪੌਦੇ ਇਕੱਠੇ ਕਰਨ ਅਤੇ ਰਵਾਇਤੀ ਢੰਗ ਨਾਲ ਇਲਾਜ ਕਰ ਕੇ ਰਾਹਤ ਪਹੁੰਚਾਉਣ ਵਾਲਿਆਂ ਕੋਲੋਂ ਸਿੱਖਣ ਦੀ ਲੋੜ ਹੋਵੇਗੀ। ਖੇਤੀਬਾੜੀ ਵਿਗਿਆਨੀਆਂ ਨੂੰ ਦੇਸੀ ਬੀਜ ਇਕੱਠੇ ਕਰਨ ਅਤੇ ਦੇਸੀ ਢੰਗ ਨਾਲ ਵਧੀਆ ਉਪਰਾਲੇ ਕਰਨ ਵਾਲਿਆਂ ਕੋਲੋਂ ਸਿੱਖਣਾ ਹੋਵੇਗਾ।

ਉਪਰੋਕਤ ਤੋਂ ਇਲਾਵਾ, ਸਿੱਖਿਆ ਦੇ ਭਾਰਤੀਕਰਨ ਦਾ ਭਾਵ ਹੋਵੇਗਾ- ਗਿਆਨ ਦੀ ਹਰ ਮੁਹਿੰਮ ਵਿੱਚ ਭਾਰਤੀਪਣੇ ਦੀ ਝਲਕ ਨਜ਼ਰ ਆਉਣੀ। ਗਿਆਨ ਦਾ ਹਰ ਵਿਸ਼ਾ, ਉੱਦਮ, ਮੁਹਿੰਮ ਭਾਰਤੀਪਣੇ ਦੇ ਰੰਗ ਵਿੱਚ ਰੰਗਿਆ ਸਾਫ ਦਿਖਾਈ ਦੇਵੇ। ਅੰਤ ‘ਤੇ, ਇਹ ਮਾਮਲਾ ਭਾਸ਼ਾ ਅਤੇ ਉਨ੍ਹਾਂ ਸਰੋਤਾਂ ਦਾ ਨਹੀਂ, ਜਿਨ੍ਹਾਂ ਨੂੰ ਅਸੀਂ ਆਪਣੇ ਜੁਆਬਾਂ ਲਈ ਵਰਤਦੇ ਹਾਂ।

ਸਮਾਜਿਕ ਵਿਗਿਆਨ ਤੇ ਮਨੁੱਖਤਾ ਸਬੰਧੀ ਖੋਜ ਹੁਣੇ ਹੀ ਸ਼ੁਰੂ ਕਰਨੀ ਪਵੇਗੀ। ਸਾਨੂੰ ਨਕਲ ਮਾਰ ਕੇ ਯੂਰੋਪੀਅਨ ਤੇ ਅਮਰੀਕਾ ਵਾਲੇ ਘਾਤਕ ਰਾਹ ਉੱਤੇ ਪੈਣ ਦੀ ਥਾਂ, ਆਪਣੇ ਵਿਲੱਖਣ ਇਤਿਹਾਸਕ ਰਾਹ ਨੂੰ ਅਰਥ-ਭਰਪੂਰ ਬਣਾਉਣਾ ਹੋਵੇਗਾ। ਸਾਡੀਆਂ ਯੂਨੀਵਰਸਿਟੀਆਂ ਨੂੰ ਸਾਡੀਆਂ ਬਿਮਾਰੀਆਂ ਦੇ ਇਲਾਜ ਲੱਭਣ, ਸਾਡੀਆਂ ਮੁਸ਼ਕਿਲਾਂ ਤੇ ਔਕੜਾਂ ਦੇ ਹੱਲ ਪਤਾ ਲਾਉਣ ਦੇ ਸਮਰੱਥ ਹੋਣਾ ਪਵੇਗਾ। ਇਹ ਹੱਲ ਸਾਡੀਆਂ ਆਪਣੀਆਂ ਲਾਚਾਰੀਆਂ ਨੂੰ ਧਿਆਨ ਵਿੱਚ ਰੱਖ ਕੇ ਕਰਨੇ ਪੈਣਗੇ। ਸਿੱਖਿਆ ਦੇ ਪੱਧਰ ਨੂੰ ਇਸ ਪੈਮਾਨੇ ਨਾਲ ਨਹੀਂ ਮਾਪਿਆ ਜਾਣਾ ਚਾਹੀਦਾ ਕਿ ਵਿਦੇਸ਼ੀ ਏਜੰਸੀਆਂ ਇਸ ਨੂੰ ਕਿਹੜਾ ਦਰਜਾ ਦੇ ਰਹੀਆਂ ਹਨ। ਇਸ ਪੱਧਰ ਨੂੰ ਭਾਰਤੀ ਸਮਾਜ ਦੀਆਂ ਲੋੜਾਂ ਹੱਲ ਕਰਨ ਅਤੇ ਇਸ ਦੀ ਸਮਰੱਥਾ ਦੇ ਮਾਪਦੰਡਾਂ ਰਾਹੀਂ ਮਾਪਣਾ ਹੋਵੇਗਾ। ਇਹ ਵੀ ਦੇਖਣਾ ਹੋਵੇਗਾ ਕਿ ਸਾਡੀ ਸਿੱਖਿਆ ਇਥੋਂ ਦੇ ਲੋਕਾਂ ਦੇ ਜੀਵਨ ਹਾਲਾਤ ਦੇ ਕਿੰਨੀ ਕੁ ਅਨੁਕੂਲ ਹੈ। ਇਸ ਦੀਆਂ ਧਾਰਨਾਵਾਂ ਕਿੰਨੀਆਂ ਕੁ ਬਿਹਤਰ ਹਨ। ਇਹ ਸਾਡੀਆਂ ਆਪਣੀਆਂ ਰਵਾਇਤਾਂ ਨੂੰ ਸਮਝਣ-ਸਮਝਾਉਣ ਵਿੱਚ ਕਿੰਨਾ ਸਹਾਈ ਹੁੰਦੀ ਹੈ। ਕਹਿਣ ਦਾ ਭਾਵ ਸਾਡੀ ਸਿੱਖਿਆ, ਸਾਡੇ ਗਿਆਨ ਤੇ ਸਰੋਤਾਂ ਨਾਲ ਜੁੜ ਕੇ ਸਾਡੀਆਂ ਲੋੜਾਂ ਦੇ ਹੱਲ ਲੱਭਣ ਦੇ ਸਮਰੱਥ ਹੋਣੀ ਚਾਹੀਦੀ ਹੈ, ਯੂਰੋਪੀਅਨ ਤੇ ਅਮਰੀਕਾ ਦੇ ਮਾਡਲਾਂ ਦੀ ਨਕਲ ‘ਤੇ ਆਧਾਰਿਤ ਨਹੀਂ। ਸਾਨੂੰ ਦੂਜੇ ਮੁਲਕਾਂ ਕੋਲੋਂ ਫੋਕੀ ਵਾਹ ਵਾਹ ਕਰਾਉਣ ਦੀ ਲੋੜ ਨਹੀਂ। ਅੰਗਰੇਜ਼ੀ ਭਾਸ਼ਾ ਨੂੰ ਭਾਸ਼ਾ ਵਜੋਂ ਜਾਰੀ ਰੱਖਣਾ ਜਾਇਜ਼ ਹੈ, ਇਸ ਨੂੰ ਭਾਰਤੀ ਭਾਸ਼ਾਵਾਂ ਦੇ ਬਰਬਾਰ ਮਾਂ-ਬੋਲੀ ਵਾਲਾ ਸਥਾਨ ਨਹੀਂ ਦੇਣਾ ਚਾਹੀਦਾ। ਵਿਦਿਆਰਥੀ ਮਾਂ-ਬੋਲੀ ਰਾਹੀਂ ਹੀ ਪੂਰਾ ਗਿਆਨ ਪ੍ਰਾਪਤ ਕਰ ਸਕਦਾ ਹੈ। ਸਾਡੀ ਸਿੱਖਿਆ ਸਮਾਜਿਕ ਤੇ ਮਨੁੱਖੀ ਲੋੜਾਂ ਦੀ ਪੂਰਤੀ, ਇਥੋਂ ਦੀਆਂ ਭਾਸ਼ਾਵਾਂ, ਸਭਿਆਚਾਰ, ਗਿਆਨ ਤੇ ਸਰੋਤ ਆਧਾਰਿਤ ਹੋਣੀ ਚਾਹੀਦੀ ਹੈ।

ਮੇਰੀ ਇਹ ਦਲੀਲ ਬਹੁਤ ਸਾਰੇ ਆਧੁਨਿਕ ਤੇ ਚੰਗੇ ਪੜ੍ਹੇ-ਲਿਖੇ ਭਾਰਤੀਆਂ ਨੂੰ ਸ਼ਾਇਦ ਚੰਗੀ ਨਾ ਲੱਗੇ, ਪਰ ਇਹ ਗੱਲ ਹਰ ਹਾਲਤ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਆਧੁਨਿਕਤਾ ਦਾ ਭਾਵ, ਕਿਸੇ ਹੋਰ ਦੀ ਨਕਲ ਕਰਨਾ ਬਿਲਕੁੱਲ ਨਹੀਂ ਹੈ। ਅਸਲੀ ਆਧੁਨਿਕਤਾ ਕਿਸੇ ਦੀਆਂ ਆਪਣੀਆਂ ਔਕੜਾਂ ਦੇ ਦਲੇਰਾਨਾ ਅਤੇ ਨਵੇਂ ਹੱਲ ਲੱਭਣ ਲਈ ਕੰਮ ਕਰਨਾ ਹੈ। ਸਰਵਵਿਆਪਕਤਾ ਦੀ ਖੋਜ ਨਿਰੀ ਕਲਪਨਾ ਨਾਲ ਨਹੀਂ ਹੁੰਦੀ। ਹੋ ਸਕਦਾ ਹੈ, ਇਸ ਨਾਲ ਸਾਰੇ ਸਹਿਮਤ ਨਾ ਹੋਣ; ਪਰ ਕੀ ਅਸੀਂ ਘੱਟੋ-ਘੱਟ ਸਿੱਖਿਆ ਦੇ ਭਾਰਤੀਕਰਨ ਦੇ ਮੁੱਦੇ ਉਪਰ ਸੰਜੀਦਾ ਬਹਿਸ ਦੀ ਸ਼ੁਰੂਆਤ ਨਹੀਂ ਕਰ ਸਕਦੇ ?

## ਸਿੱਖਾਂ ਵਾਸਤੇ ਅਪਣੇ ਆਜ਼ਾਦ ਘਰ ਦੀ ਪ੍ਰਾਪਤੀ ਉੱਤੇ ਜੋਰ

ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ, ਸਤਨਾਮ ਸਿੰਘ ਖੰਡਾ- ਪੰਜ ਸਿੰਘ, ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ, ਸਤਿਕਾਰ ਕਮੇਟੀ ਵੈਨਕੂਵਰ, ਕਾਂਊਸਲ ਆਫ਼ ਖ਼ਾਲਿਸਤਾਨ, ਯੂ.ਕੇ., ਅਤਿੰਦਰਪਾਲ ਸਿੰਘ, ਨਵਕਿਰਨ ਸਿੰਘ ਵਕੀਲ ਚੰਡੀਗੜ, ਜੇ. ਐੱਸ ਆਹਲੂਵਾਲੀਆ,ਚੰਡੀਗੜ, ਬਲਜੀਤ ਸਿੰਘ ਖ਼ਾਲਸਾ, ਵੰਗਾਰ ਮੈਗਜ਼ੀਨ, ਜਸਦੇਵ ਸਿੰਘ ਮੈਂਬਰ ਸੁਪਰੀਮ ਕੌਂਸਲ ਫਰੀਮੌਂਟ ਸਮੇਤ ਅਨੇਕਾਂ ਗੁਰਸਿੱਖਾਂ ਨੇ ਕਨਵੈਂਨਸ਼ਨ ਦੀ ਕਾਮਯਾਬੀ ਵਾਸਤੇ ਆਪਣੀਆਂ ਸ਼ੁੱਭ ਇੱਛਾਵਾਂ ਲਿਖ ਭੇਜੀਆਂ ਜੋ ਸੰਗਤਾਂ ਨੂੰ ਪੜ ਕੇ ਸੁਣਾਈਆਂ ਗਈਆਂ।

ਅਮਰੀਕਾ ਦੇ ਵੱਖ ਵੱਖ ਭਾਗਾਂ ਤੋਂ ਸਵਰਨਜੀਤ ਸਿੰਘ, ਦਲਜੀਤ ਸਿੰਘ, ਡਾ: ਅਮਰਜੀਤ ਸਿੰਘ, ਕੈਲੀਫੋਰਨੀਆ ਤੋਂ ਡਾ. ਪ੍ਰਿਤਪਾਲ ਸਿੰਘ, ਜਸਵੰਤ ਸਿੰਘ ਹੋਠੀ, ਕੁਲਦੀਪ ਸਿੰਘ, ਰਿਚਮੰਡ ਹਿੱਲ ਤੋਂ ਕਰਨੈਲ ਸਿੰਘ, ਡਾ. ਸ਼ਮਸ਼ੇਰ ਸਿੰਘ, ਡਾ. ਹਰਦਮ ਸਿੰਘ ਆਜ਼ਾਦ, ਡਾ. ਅੰਮ੍ਰਿਤ ਸਿੰਘ, ਹਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਬਲਜਿੰਦਰ ਸਿੰਘ, ਹਰਦਿਆਲ ਸਿੰਘ ਯੂਨਾਈਟਿਡ ਸਿਖਸ, ਗੁਰਦੇਵ ਸਿੰਘ ਮਾਨ, ਬੀਬੀ ਸਰਬਜੀਤ ਕੌਰ, ਬੀਬੀ ਗੁਰਮੀਤ ਕੌਰ, ਬੇਅੰਤ ਸਿੰਘ,ਬਲਜਿੰਦਰ ਸਿੰਘ ਸੀਐੱਟਲ, ਨਰਿੰਦਰ ਸਿੰਘ ਵਰਜੀਨੀਆਂ, ਜਸਜੀਤ ਸਿੰਘ ਖ਼ਾਲਸਾ, ਸੰਪੂਰਨ ਸਿੰਘ ਹੂਸਟਨ ਅਤੇ ਨਰਿੰਦਰ ਸਿੰਘ ਵਰਜੀਨੀਆਂ ਨੇ ਕਨਵੈਨਸ਼ਨ ਵਿੱਚ ਸ਼ਮੂਲੀਅਤ ਕਰਨ ਤੋਂ ਇਲਾਵਾ ਭਖਦੇ ਪੰਥਕ ਮਸਲਿਆਂ ਬਾਰੇ ਆਪਣੇ ਵਿਚਾਰ ਤੇ ਸੁਝਾਅ ਪ੍ਰਗਟਾਏ।

ਪੰਜਾਬ ਤੋਂ ਅਮਰ ਸਿੰਘ ਚਹਿਲ, ਸੁਰਿੰਦਰ ਸਿੰਘ, ਡਾ. ਗੁਰਦਰਸ਼ਨ ਸਿੰਘ, ਈਸ਼ਰ ਸਿੰਘ, ਸੁਖਵਿੰਦਰ ਸਿੰਘ ਨਾਗੋਕੇ, ਪ੍ਰੋ. ਹਰਪਾਲ ਸਿੰਘ, ਅਸਟਰੇਲੀਆ ਤੋਂ ਸੁਖਰਾਜਵਿੰਦਰ ਸਿੰਘ, ਕੁਲਦੀਪ ਸਿੰਘ, ਸ਼ਾਮ ਸਿੰਘ, ਮਨਿੰਦਰ ਸਿੰਘ, ਦਲਜਿੰਦਰ ਸਿੰਘ, ਨਿਊਜ਼ੀਲੈਂਡ ਤੋਂ ਗੁਰਮੇਲ ਸਿੰਘ, ਦਲਜਿੰਦਰ ਸਿੰਘ, ਕੈਨੇਡਾ ਤੋਂ ਕੁਲਦੀਪ ਸਿੰਘ, ਸੁਖਦੇਵ ਸਿੰਘ, ਭਗਤ ਸਿੰਘ ਭੰਡਾਲ, ਕੁਲਵੀਰ ਸਿੰਘ, ਯੂ.ਕੇ. ਤੋਂ ਦੁਪਿੰਦਰਜੀਤ ਸਿੰਘ, ਜਗਜੀਤ ਸਿੰਘ, ਜਗਬੀਰ ਸਿੰਘ, ਹਾਲੈਂਡ ਤੋਂ ਜਸਵਿੰਦਰ ਸਿੰਘ, ਜਰਮਨੀ ਤੋਂ ਗੁਰਚਰਨ ਸਿੰਘ,ਗੁਰਾਇਆਂ, ਨਰਿੰਦਰ ਸਿੰਘ, ਇਟਲੀ ਤੋਂ ਜਸਵੀਰ ਸਿੰਘ ਤੇ ਹੋਰਨਾਂ ਬੁਲਾਰਿਆਂ ਨੇ ਇਹ ਸਪਸ਼ਟ ਕੀਤਾ ਕਿ ਸਿੱਖਾਂ ਵਾਸਤੇ ਅਪਣੇ ਆਜ਼ਾਦ ਘਰ ਖ਼ਾਲਿਸਤਾਨ ਦੀ ਪ੍ਰਾਪਤੀ ਅਤਿਅੰਤ ਜ਼ਰੂਰੀ ਹੈ। ਭਾਰਤ ਵਿਚ ਮਜ਼ਦੂਰ, ਅਨੁਸੂਚਿਤ ਤੇ ਪਛੜੀਆਂ ਜਾਤਾਂ ਸਿੱਖਾਂ ਅਤੇ ਹੋਰਨਾਂ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਵਾਸਤੇ ਕੋਈ, ਦਲੀਲ, ਵਕੀਲ ਜਾਂ ਅਪੀਲ ਨਹੀਂ ਹੈ ਅਤੇ ਹਿੰਦੂਤਵਾ ਦੇ ਰਾਜ ਅੰਦਰ ਜੀਵਨ ਗ਼ੁਲਾਮਾਂ ਤੋਂ ਵੀ ਬਦਤਰ ਹੈ । ਅਜਿਹੀਆਂ ਫਿਰਕੂ ਤੇ ਤਾਨਾਸ਼ਾਹੀ ਤਾਕਤਾ ਦੇ ਟਾਕਰੇ ਲਈ ਕੀਤੇ ਜਾ ਰਹੇ ਉਪਰਾਲੇ ਵਜੋਂ ਵਰਲਡ ਸਿੱਖ ਪਾਰਲੀਮੈਂਟ ਹੀ ਇੱਕ ਰੌਸ਼ਨੀ ਦੀ ਪ੍ਰਤੀਕ ਹੋਵੇਗੀ।

ਗਹਿਮਾ ਗਹਿਮੀ ਦੇ ਮਾਹੌਲ ਵਿੱਚ ਹਰ ਇੱਕ ਬੁਲਾਰੇ ਦਾ ਫ਼ੈਸਲਾ ਇਸ ਸੰਸਥਾ ਨੂੰ ਜਲਦੀ ਤੋਂ ਜਲਦੀ ਹੋਂਦ ਵਿਚ ਲਿਆਉਣ ਦੇ ਹੱਕ ਵਿਚ ਸੀ। ਉਹ ਹਰ ਤਰ੍ਹਾਂ ਇਸ ਕੌਂਮੀ ਕਾਰਜ ਨੂੰ ਬਿਨਾ ਕਿਸੇ ਦੇਰ ਦੇ ਸਿਰੇ ਚੜ੍ਹਿਆ ਦੇਖਣਾ ਚਾਹੁੰਦੇ ਸਨ। ਦੁਪਿੰਦਰਜੀਤ ਸਿੰਘ ਯੂ. ਕੇ. ਨੇ 13 ਮੈਂਬਰਾਂ ਦੇ ਯੂ.ਕੇ ਤੋਂ ਅਤੇ ਜਸਵਿੰਦਰ ਸਿੰਘ ਹਾਲੈਂਡ ਨੇ 14 ਮੈਂਬਰਾਂ ਦੇ ਨਾਮ ਯੂਰਪ ਤੋਂ ਗਿਣ ਕੇ ਦੱਸੇ। ਭਾ. ਅਮਰਦੀਪ ਸਿੰਘ ਯੂ. ਐੱਸ.ਏ ਨੇ ਸਟੇਜ ਸੰਭਾਲੀ ਅਤੇ ਬੁਲਾਰਿਆਂ ਦੀ ਬਹੁ ਗਿਣਤੀ ਹੋਣ ਦੇ ਬਾਵਜੂਦ ਲਗਾਤਾਰ ਹਰ ਰੋਜ 5 ਘੰਟਿਆਂ ਤੋਂ ਵਧ ਸੇਵਾ ਬਾਖ਼ੂਬੀ ਨਿਭਾਈ।

ਭਾਈ ਹਿੰਮਤ ਸਿੰਘ ਯੂ ਐੱਸ. ਏ ਨੇ ਦੂਰੋਂ ਨੇੜਿਉਂ 300 ਤੋਂ ਵਧ ਹੁੰਮ ਹਮਾ ਕੇ ਪਹੁੰਚੀਆਂ ਸੰਗਤਾਂ ਦਾ ਤਹਿ ਦਿਲੋਂ ਸਵਾਗਤ ਕੀਤਾ। ਉਨ੍ਹਾਂ ਨੇ ਖ਼ੁਸ਼ੀ ਪ੍ਰਗਟਾਉਂਦਿਆਂ ਦਸਿਆ ਕਿ ਕੁਲ ਮੈਂਬਰਾਂ ਦੀ ਗਿਣਤੀ ਵਧ ਕੇ 94 ਤਕ ਪਹੁੰਚ ਗਈ ਹੈ। ਸੰਗਤਾਂ ਨੇ ਜੈਕਾਰਿਆਂ ਨਾਲ ਇਸ ਦਾ ਸਵਾਗਤ ਕੀਤਾ। ਉਨਾਂ ਨੇ ਇਹ ਵੀ ਦੱਸਿਆ ਕਿ ਜਥੇਦਾਰ ਹਵਾਰਾ ਜੀ ਵੱਲੋਂ ਭੇਜੇ ਸੰਦੇਸ਼ ਅਨੁਸਾਰ ਪੰਜਾਬ ਦੇ ਮੈਂਬਰਾਂ ਦੀ ਸੂਚੀ ਤਿਆਰ ਕਰਨ ਲਈ ਕਮੇਟੀ ਦਾ ਐਲਾਨ ਖ਼ਾਲਸਾ ਸਿਰਜਨਾ ਦਿਵਸ ਤਕ ਕਰ ਦਿੱਤਾ ਜਾਵੇਗਾ ਤਾਂ ਕਿ ਇਸ ਜਥੇਬੰਦੀ ਨੂੰ ਬਿਨਾ ਕਿਸੇ ਦੇਰ ਦੇ ਹੋਂਦ ਵਿੱਚ ਲਿਆਇਆ ਜਾ ਸਕੇ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ
ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sadelok.com

SUNPREME
Premium Bifacial Thin Film Solar


PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDC tv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com